ਜਨਤਕ

# ਪੈਗ਼ਾਮ



(ਚਮਕੌਰ ਦੀ ਗੜ੍ਹੀ ਅੰਦਰ ਦਸ਼ਮੇਸ਼ ਪਿਤਾ ਵੱਡੇ ਸਾਹਿਬਜ਼ਾਦਿਆਂ ਨੂੰ ਮੈਦਾਨੇ ਜ਼ੰਗ ਵਲ ਤੋਰਦੇ ਹੋਏ)

*ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,*
*ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।*
*ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,*
*ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।*

ਦਸੰਬਰ 91
5/-

> ਸਿੱਖ-ਸ਼ਹਾਦਤ ਦੀ ਵੱਡੀ ਸਿਫਤ ਇਹ ਹੈ ਕਿ ਇਸ ਨੂੰ ਮੌਤ ਦਾ ਸੇਕ ਸਹਿਣ ਦੀ ਲੋੜ ਨਹੀਂ ਪੈਂਦੀ, ਸਗੋਂ ਇਹ ਸਹਿਣ ਦੀ ਸਾਰੀ ਪ੍ਰਕਿਰਿਆ ਤੋਂ ਉਪਰ ਉਠਕੇ ਮੌਤ ਦੇ ਸਾਰੇ ਸੇਕ ਨੂੰ ਪੀ ਜਾਂਦੀ ਹੈ।
>
> —ਹਰਿੰਦਰ ਸਿੰਘ ਮਹਿਬੂਬ

# ਤਰਤੀਬ


1. ਪੀਊ ਦਾਦੇ ਕਾ ਖਜ਼ਾਨਾ
2. ਰਾਦੂ ਕਾਂਡ : ਭਾਰਤੀ ਹਾਕਮਾਂ ਦੀ ਨੈਤਿਕ ਹਾਰ
3. ਸਿਆਸੀ ਟਿੱਪਣੀਆਂ,
   - (ੳ) ਅਸਾਮ ਅੰਦਰ ਫੌਜ ਦਾ ਜਬਰਦਸਤ ਵਿਰੋਧ
   - (ਅ) ਸ਼ਰੋਮਣੀ ਕਮੇਟੀ ਦੀ ਚੋਣ
   - (ੲ) ਰੂਸ 'ਚ ਅਜ਼ਾਦੀ ਦੀ ਲਹਿਰ ਜਾਰੀ
   - (ਸ) ਬਾਬੂ ਕਾਸ਼ੀ ਰਾਮ ਦੀ ਚੋਣ
   - (ਹ) ਵਾਰਨਾਸੀ ਵਿਚ ਹਿੰਦੂ ਰਾਸ਼ਟਰਵਾਦ ਦਾ ਕਹਿਰ
4. ਭੈਣੀ ਬਾਸਰਕੇ ਵਿਚ ਖਾੜਕੂ ਦੇ ਪਰਿਵਾਰ ਦਾ ਕਤਲੇਆਮ
5. ਐਸੀ ਮਰਨੀ ਜੋ ਮਰੈ,
   - (ੳ) ਸ਼ਹੀਦ ਭਾਈ ਦੇਵਪਾਲ ਸਿੰਘ
   - (ਅ) ਸ਼ਹੀਦ ਭਾਈ ਨਿਰਮਲ ਸਿੰਘ ਨੌਹਰਾ
   - (ੲ) ਸ਼ਹੀਦ ਭਾਈ ਇਕਬਾਲ ਸਿੰਘ ਫੌਜੀ
   - (ਸ) ਸ਼ਹੀਦ ਭਾਈ ਪਰਵਾਰ ਸਿੰਘ ਡੱਲਾ
   - (ਹ) ਸ਼ਹੀਦ ਭਾਈ ਚੰਦ ਸਿੰਘ ਨੰਗਲ
6. ਖਾਲਸਾ ਜੀ, ਆਪਣੇ ਨਾਵਾਂ ਨਾਲੋਂ ਜਾਤਪਾਤੀ ਪੂਛਾਂ ਲਾਹ ਦਿਓ
7. ਬ੍ਰਾਹਮਣਵਾਦ ਵਿਰੁੱਧ ਜਦੋਜਹਿਦ ਲਈ ਸੱਤ ਨੁਕਤੇ
8. ਨਵਾਂ ਜ਼ਮਾਨਾ ਦੇ ਜਗਜੀਤ ਸਿੰਘ ਅਨੰਦ ਦਾ ਮਜ਼ਦੂਰ ਪੱਖੀ ਨਕਬਲੀ ਰੋਲੀ
9. ਬਾਤਾਣੀਆਂ —ਕਹਾਣੀਆਂ
   - (ੳ) ਸਾਕਾ ਚਮਕੌਰ
   - (ਅ) ਸਾਕਾ ਸਰਹੰਦ
   - (ੲ) ਜਦੋਂ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ
10. ਕਸ਼ਮੀਰ ਅੰਦਰ ਖਾੜਕੂ ਲਹਿਰ ਦੀ ਚੜ੍ਹਤ
11. ਪੰਜਾਬੀ ਅਖਬਾਰਾਂ 'ਚ ਮਿਲਾਵਟ ਦਾ ਮਸਲਾ
12. ਕੀ ਖਾੜਕੂਆਂ ਨੂੰ ਭਰਤੀ ਮਿਲ ਰਹੀ ਹੈ ?
13. ਇਹ ਫੌਜਾਂ ਕੌਣ ਦੇਸ ਤੋਂ ਆਈਆਂ ?


1. 'ਜੇ ਰਤਾ ਕੁ ਡੂੰਘਾਈ ਵਿਚ ਜਾ ਕੇ ਰਾਦੂ ਕਾਂਡ ਨਾਲ ਸਬੰਧਤ ਪੱਖਾਂ ਨੂੰ ਵਿਚਾਰਿਆ ਜਾਵੇ ਤਾਂ ਇਹ ਗੱਲ ਸਾਫ ਹੋ ਜਾਵੇਗੀ ਕਿ ਰਾਦੂ ਦੀ ਰਿਹਾਈ ਨਾਲ ਸਿੱਖ ਖਾੜਕੂ ਲਹਿਰ ਦੀ ਇਕ ਵੱਡੀ ਜਿੱਤ ਤੇ ਦਿਲੀ ਦੇ ਹਾਕਮਾਂ ਦੀ ਭਾਰੀ ਨੈਤਿਕ ਤੇ ਸਿਆਸੀ ਹੋਈ ਹੈ। (ਰਾਦੂ ਕਾਂਡ) ਸਫਾ 5 'ਤੇ
2. ' ਸਰਹੰਦ ਦੇ ਸਾਕੇ ਨੇ ਦਿਖਾਇਆ ਹੈ ਕਿ ਰਾਜ ਸੱਤਾ ਆਪਣੇ ਮਨੋਰਥਾਂ ਖਾਤਰ ਕਿੰਨੀ ਜਾਬਰ ਹੋ ਸਕਦੀ ਹੈ, ਕਿ ਜਿੰਦਗੀ ਦੇ ਮਾਸੂਮ ਹਿੱਸੇ ਨੂੰ ਵੀ ਦਿਵਾਰਾਂ 'ਚ ਚਿਣ ਸਕਦੀ ਹੈ ਤੇ ਨਾਲ ਹੀ ਇਹ ਵੀ ਕਿ ਜ਼ਿੰਦਗੀ ਦੇ ਖੇੜੇ ਲਈ ਲੜਨ ਵਾਲੇ ਕਿੰਨੇ ਸਿਦਕਵਾਨ ਹੋ ਸਕਦੇ ਹਨ।
   (ਚਾਰਾਂ ਤੇ ਹਜ਼ਾਰਾਂ ਦਾ ਇਕੋ ਰਾਹ)
3. ਅਜੇ ਸਾਫ ਦਿਖਾਈ ਦੇ ਰਿਹਾ ਹੈ ਕਿ ਪੰਜਾਬ ਦੀ ਵੰਡ ਨੂੰ ਪੀਡਿਆ ਕਰਨ ਦੀ ਸਾਜਸ਼ ਨਾਕਾਮ ਹੋ ਰਹੀ ਹੈ। ਮਸਨੂਈ ਜ਼ਬਾਨ ਨਹੀਂ ਘੜੀ ਜਾ ਸਕੀ। ਸਾਡੇ ਇਹ (ਪੰਜਾਬੀ ਬੋਲੀ ਵਿੱਚ ਸੰਸਕ੍ਰਿਤ ਤੇ ਹਿੰਦੀ ਦਾ ਰਲਾ ਪਾਉਣ ਵਾਲੇ) ਦੋਸਤ ਭੁਲ ਗਏ ਸਨ ਕਿ ਪੰਜਾਬ ਇਕ ਵੱਖਰੀ ਧਰਤੀ ਹੈ। ਇਸਦੀ ਜ਼ਬਾਨ ਤੇ ਕਲਚਰ ਬਦਲੀ ਨਹੀਂ ਜਾ ਸਕਦੀ।
   ਸਿਬਤੁਲ ਹਸਨ ਜ਼ੇਗਮ
4. ਦੇਸ ਕੋਈ ਰੱਬੀ ਫੁਰਮਾਨ ਨਹੀਂ ਹੈ। ਇਹ ਤਾਂ ਕਿਸੇ ਖਿੱਤੇ ਅਤੇ ਸਮਾਜ ਦੀ ਆਪਣੀ ਮਰਜੀ 'ਤੇ ਅਧਾਰਿਤ ਯੂਨੀਅਨ ਹੈ। ਦੇਸ ਟੁੱਟਦੇ ਰਹੇ ਹਨ, ਬਣਦੇ ਰਹੇ ਹਨ, ਜੁੜਦੇ ਰਹੇ ਹਨ। ਨਾਗਰਿਕ ਦੇਸ ਤੋਂ ਛੋਟੀ ਚੀਜ਼ ਨਹੀਂ ਹਨ ਕਿ ਜਿਵੇਂ ਕਿਸੇ ਦਾ ਜੀਅ ਆਵੇ ਦੇਸ ਦੇ ਨਾਅ ਉਪਰ ਨਰੜੀ ਜਾਵੇ। ਨਾਗਰਿਕ ਦੇਸ ਬਣਾਉਂਦੇ ਹਨ, ਦੇਸ ਨਾਗਰਿਕ ਨਹੀਂ।
   (ਇਹ ਫੌਜਾਂ ਕੌਣ ਦੇਸ ਤੋਂ ਆਈਆਂ ?)


ਚਿੱਠੀ ਪੱਤਰ ਕਰਨ, ਮਨੀਆਰਡਰ ਤੇ ਬੈਂਕ ਡਰਾਫਟ ਭੇਜਣ ਦਾ ਪਤਾ :
ਸੰਪਾਦਕ : ਗੁਰਮੀਤ ਸਿੰਘ

ਸਲਾਨਾ ਭੇਟਾ : 50 ਰੁਪਏ
ਨਵਦੀਪ ਸਿੰਘ ਬਿੱਟੂ,
ਪਿੰਡ ਤੇ ਡਾਕ: ਸਕਰੌਦੀ
ਜ਼ਿਲ੍ਹਾ ਸੰਗਰੂਰ—148026

# ਪੀਊ ਦਾਦੇ ਕਾ ਖ਼ਜ਼ਾਨਾ

*ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ।*
(ਮਹਲਾ ੧)

ਮਾਇਆ ਦੇ ਨਜ਼ਾਮ ਦਾ ਮਨੋਰਥ ਸਮਾਜਕ ਪੈਦਾਵਾਰ ਨੂੰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵਰਤਣਾ ਨਹੀਂ, ਬਲਕਿ ਇਸ ਦੇ ਉਲਟ ਜ਼ਾਤੀ ਜਾਇਦਾਦ ਬਣਾਉਣਾ, ਧੰਨ ਦੌਲਤ ਉਤੇ ਜ਼ਾਤੀ ਕਬਜ਼ਾ ਮਾਰਨਾ ਹੈ ।ਇਸ ਦਾ ਲਾਜ਼ਮੀ ਨਤੀਜਾ ਲੋਕਾਂ ਨੂੰ ਹਰ ਅਣਹੋਂਦ ਵਿੱਚ ਰੱਖਣਾ ਹੁੰਦਾ ਹੈ ।ਇਸ ਵਾਸਤੇ ਗੁਰਬਾਣੀ ਧਨ ਦੌਲਤ ਇਕੱਠਿਆਂ ਕਰਨ ਦੇ ਮਗਰ ਲੱਗਣ ਦੇ ਬਹੁਤ ਖ਼ਿਲਾਫ਼ ਹੈ । ਐਸੀ ਦੌਲਤ ਹਰਾਮ ਹੈ, ਪਾਪ ਹੈ । ਦੌਲਤ ਨੂੰ ਮਨੋਰਥ ਬਣਾ ਕੇ ਬਹੁਤ ਦੁਨੀਆਂ ਖ਼ਰਾਬ ਹੋਈ ਹੈ । ਇਸਨੇ ਬਹੁਤ ਦੁਨੀਆਂ ਕੁਰਾਹੇ ਪਾਈ ਹੈ । ਪਾਪਾਂ ਤੋਂ ਬਗੈਰ ਇਹ ਜੁੜਦੀ ਨਹੀਂ ਅਤੇ ਮਰਨ ਲੱਗਿਆਂ ਇਹ ਨਾਲ ਨਹੀਂ ਜਾਂਦੀ । ਗੁਰੂ ਸਾਹਿਬ ਬੁਨਿਆਦੀ ਸੱਚ ਪ੍ਰਗਟ ਕਰਦੇ ਹਨ ਕਿ ਜਿੱਥੇ ਵੀ ਕਿਸੇ ਨੇ ਧਨ ਜੋੜਿਆ ਹੋਇਆ ਉਹ ਆਮ ਪਾਪ ਦੀ ਖੱਟੀ ਹੈ ਕਿਉਂਕਿ ਉਹ ਹੋਰਨਾਂ ਦਾ ਆਹਾਰ ਖੋਹ ਕੇ ਜੋੜਿਆ ਹੋਇਆ ਹੈ । ਉਸ ਵੇਲੇ ਦੀ ਚੇਤਨਤਾ ਮੁਤਾਬਿਕ ਫੈਸਲੇ ਦੀ ਘੜੀ ਮਰਨ ਤੋਂ ਮਗਰੋਂ ਰੱਬ ਦੇ ਸਾਹਮਣੇ ਸੀ । ਸੋ ਜੋ ਵੀ ਚੀਜ਼ ਉਸ ਫ਼ੈਸਲੇ ਵੇਲੇ ਸਹਾਈ ਨਹੀਂ ਉਹ ਬੇ-ਅਰਥ ਸੀ । ਸੋ ਮਰਦਿਆਂ, ਇਸ ਦੇ ਸਾਥ ਨਾ ਜਾਣ ਦਾ ਸੁਝਾਉ ਹੈ ? ਕਿ ਇਸ ਨੇ ਫ਼ੈਸਲੇ ਦੀ ਘੜੀ ਵੇਲੇ ਸਹਾਈ ਨਹੀਂ ਹੋਣਾ । ਸੋ ਇਸ ਦੇ ਮਗਰ ਲੱਗ ਕੇ ਪਾਪਾਂ ਦੀ ਪੰਡ ਕਿਉਂ ਬੰਨ੍ਹਣੀ । ਇਉਂ ਕਹਿਣ ਦਾ ਅਮਲੀ ਪੱਧਰ ਉਤੇ ਮਨੋਰਥ ਕੀ ਹੈ ? ਕਿ ਸਮਾਜ ਦੀ ਦੌਲਤ ਸਮਾਜ ਦੇ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਹੈ । ਜ਼ਾਤੀ ਜਾਇਦਾਦ ਬਨਾਉਣ ਦੇ ਮਗਰ ਲੱਗਣਾ ਜਨਮ ਅਜਾਂਈਂ ਗਵਾਉਣਾ ਹੈ । ਇਹ ਮਾਇਆ ਦੇ ਨਜ਼ਾਮ ਤੇ ਉਸਦੀ ਤੋਰ ਉਤੇ ਚੋਟ ਹੈ । ਉਸ ਨਜ਼ਾਮ ਦੀ ਚੇਤਨਤਾ ਮੁਤਾਬਕ ਕਰਕੇ ਧਨ ਵਾਲੇ ਦਾ ਕੀ ਮੁਲੰਕਣ ਸੀ ? ਕਿ ਰੱਬ ਦੀ ਇਸੇ ਉਤੇ ਮੇਹਰ ਹੈ । ਇਹ ਚੰਗੇ ਭਾਗ ਕਰਕੇ ਆਇਆ ਹੋਇਆ ਹੈ ਅਤੇ ਉਨ੍ਹਾਂ ਦਾ ਫ਼ਲ ਖਾ ਰਿਹਾ ਹੈ । ਮਤਲਬ ਹੈ ਕਿ ਕਿਸੇ ਦੀ ਨਿਗਾਹ ਸਵੱਲੀ ਹੋਣ ਦਾ ਸਬੂਤ ਸੀ । ਬਾਣੀ ਦਾ ਮੁਲੰਕਣ ਇਸ ਦੇ ਐਨ ਉਲਟ ਹੈ । ਇਸ ਮੁਲੰਕਣ ਤੋਂ ਜ਼ਾਹਿਰ ਹੈ ਕਿ ਬਾਣੀ ਦਾ ਪੈਂਤੜਾ ਮਾਇਆਧਾਰੀਆਂ ਦੇ ਵਿਰੁੱਧ ਲੋਕ ਹਿੱਤ ਦਾ ਪੈਂਤੜਾ ਹੈ ।. . . .ਮਾਇਆਧਾਰੀਆਂ ਦੀ ਅਸਲੀਅਤ ਨੰਗੀ ਕਰਕੇ ਮਾਇਆ ਨੂੰ ਮਨੁੱਖ ਦੇ ਮਨੋਂ ਲਾਹੁਣ ਦੀ ਕੋਸ਼ਿਸ਼ ਕੀਤੀ ਹੈ ।

*ਲੋਭ ਬਿਖਿਆ ਬਿਖੈ ਲਾਗੇ ਹਿਰਵਿਤ ਚਿਤ ਦੁਖਾਹੀ ॥*
*ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥*

ਰਾਖ਼ਸ਼ ਲੋਕ ਸਮਝਦੇ ਨਹੀਂ, ਲੋਭ ਵਿੱਚ ਆ ਕੇ ਧਨ ਮਗਰ ਲੱਗਦੇ ਹਨ । ਉਸਨੂੰ ਇਕੱਠਾ ਕਰਨ ਦੀ ਖ਼ਾਤਰ ਲੋਕਾਂ ਦਾ ਦਿਲ ਦੁਖਾਉਂਦੇ ਹਨ । ਹਰ ਮੁਮਕਿਨ ਤਰੀਕੇ ਨਾਲ ਇਸ ਦੇ ਖ਼ਿਲਾਫ਼ ਨਫ਼ਰਤ ਜਮਾਈ ਹੋਈ ਹੈ ।

*ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥*
*ਬਕਿ-ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥*

ਇਹ ਮਾਇਆਧਾਰੀ ਬਹੁਤਾ ਖਾ ਕੇ ਮੈਲਾ ਹੀ ਵਧਾਉਂਦੇ ਹਨ ।ਆਪਣੇ ਅਸਲੇ ਦੀ ਹਾਨੀ ਕਰਦੇ ਹਨ । ਇਸ ਮੈਲਾ ਵਧਾਉਣ ਰਾਹੀਂ ਪ੍ਰਗਟ ਕੀਤੀ ਨਫ਼ਰਤ ਤੋਂ ਜ਼ਾਹਿਰ ਹੈ ਕਿ ਗੁਰੂ ਸਾਹਿਬ ਨੂੰ ਮਾਇਆਧਾਰੀ ਦੀ ਤਰਜ਼ੇ ਜ਼ਿੰਦਗੀ ਵਾਸਤੇ ਕਿੰਨੀ ਘਿਰਣਾ ਹੈ । ਪੈਸਾ ਇਕੱਠਾ ਕਰਨ ਨੂੰ ਜ਼ਿੰਦਗੀ ਦਾ ਮਨੋਰਥ ਬਨਾਉਣਾ ਗੁਰੂ ਸਾਹਿਬ ਦੇ ਮੁਤਾਬਕ ਮਨੁੱਖ ਨੂੰ ਮਨੁੱਖੀ ਪੱਧਰ ਤੋਂ ਡੇਗ ਕੇ ਉਸ ਨੂੰ ਪਸ਼ੂ ਪਰੇਤ ਬਣਾਉਣਾ ਹੈ ।



ਰਾਦੂ ਕਾਂਡ ਦਾ ਸ਼ਹੀਦ ਭਾਈ ਦੇਵਪਾਲ ਸਿੰਘ

ਜੀਵਨੀ ਸਫ਼ਾ 10 'ਤੇ ਪੜ੍ਹੋ

## ਸੰਪਾਦਕੀ ਵਿਚਾਰ

# ਭਾਰਤੀ ਹਾਕਮਾਂ ਦੀ ਸਿਆਸੀ ਤੇ ਨੈਤਿਕ ਹਾਰ

**ਰਾਦੂ ਕਾਂਡ** ਰੋਮਾਨੀਆਂ ਦੇ ਉਪ ਰਾਜਦੂਤ ਸ੍ਰੀ ਲੀਵੀਓ ਰਾਦੂ 26 ਨਵੰਬਰ ਨੂੰ 48 ਦਿਨਾਂ ਬਾਅਦ ਮੁੜ ਆਪਣੇ ਘਰ ਪਹੁੰਚ ਗਏ ਹਨ। ਉਨ੍ਹਾਂ ਨੂੰ ਤਿੰਨ ਖਾੜਕੂ ਨੌਜਵਾਨਾਂ ਨੇ ਜਲੰਧਰ ਦੇ ਇੱਕ ਰੇਲਵੇ ਸਟੇਸ਼ਨ ਤੋਂ ਰੇਲ ਗੱਡੀ 'ਤੇ ਬਿਠਾ ਦਿੱਤਾ ਅਤੇ ਆਪ ਵੀ ਨਾਲ ਹੀ ਨਾਲ ਦੇ ਡੱਬੇ ਵਿੱਚ ਬੈਠ ਗਏ। ਉਹ ਨਹੀਂ ਸਨ ਚਾਹੁੰਦੇ ਕਿ ਰੇਲ ਗੱਡੀ ਦੇ ਸਫ਼ਰ ਦੌਰਾਨ ਸ੍ਰੀ ਰਾਦੂ ਨੂੰ ਕਿਸੇ ਕਿਸਮ ਦੀ ਤਕਲੀਫ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਉਹ ਉਸ ਨੂੰ ਦਿੱਲੀ ਦੇ ਰੇਲਵੇ ਸਟੇਸ਼ਨ ਤੱਕ ਛੱਡ ਕੇ ਆਏ।

ਰਾਦੂ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਉਨ੍ਹਾਂ ਦੇ ਸਾਥੀਆਂ ਨੇ 9 ਅਕਤੂਬਰ ਨੂੰ ਭਾਰਤ ਦੀ ਰਾਜਧਾਨੀ ਦਿੱਲੀ 'ਚੋਂ ਦਿਨ-ਦਿਹਾੜੇ ਅਗਵਾ ਕਰ ਲਿਆ ਸੀ। ਖਾੜਕੂਆਂ ਨੇ ਰਾਦੂ ਦੀ ਏਨੀ ਜ਼ਿਆਦਾ ਸੇਵਾ ਕੀਤੀ ਕਿ ਘਰ ਪਹੁੰਚਣ ਵੇਲੇ ਤੱਕ ਉਸਦਾ ਭਾਰ ਵੱਧ ਚੁੱਕਾ ਸੀ।

ਜੇ ਉਪਰੀ ਨਜ਼ਰੇ ਵੇਖਿਆ ਜਾਵੇ ਤਾਂ ਇੰਝ ਲੱਗਦਾ ਹੈ ਕਿ ਖਾੜਕੂਆਂ ਨੂੰ ਇਸ ਕਾਂਡ ਵਿੱਚੋਂ ਕੁੱਝ ਵੀ ਹਾਸਲ ਨਹੀਂ ਹੋਇਆ। ਉਹ ਭਾਈ ਹਰਜਿੰਦਰ ਸਿੰਘ ਜਿੰਦੇ, ਭਾਈ ਸੁਖਦੇਵ ਸਿੰਘ ਸੁੱਖੇ ਦੀ ਰਿਹਾਈ ਨਹੀਂ ਕਰਵਾ ਸਕੇ। ਉਲਟਾ ਆਪਣਾ ਇੱਕ ਹੀਰੇ ਵਰਗਾ ਸਾਥੀ ਭਾਈ ਦੇਵ ਪਾਲ ਸਿੰਘ ਸ਼ਹੀਦ ਕਰਵਾ ਲਿਆ ਹੈ। ਪਰ ਜੇ ਰਤਾ ਕੁ ਡੂੰਘਾਈ ਵਿੱਚ ਜਾ ਕੇ ਰਾਦੂ ਕਾਂਡ ਨਾਲ ਸਬੰਧਤ ਵੱਖ-ਵੱਖ ਪੱਖਾਂ ਨੂੰ ਵਿਚਾਰਿਆ ਜਾਵੇ ਤਾਂ ਇਹ ਗੱਲ ਸਾਫ ਹੋ ਜਾਵੇਗੀ ਕਿ ਰਾਦੂ ਦੀ ਰਿਹਾਈ ਸਿੱਖ ਖਾੜਕੂ ਲਹਿਰ ਦੀ ਇੱਕ ਵੱਡੀ ਜਿੱਤ ਤੇ ਦਿੱਲੀ ਦੇ ਹਾਕਮਾਂ ਦੀ ਭਾਰੀ ਨੈਤਿਕ ਤੇ ਸਿਆਸੀ ਹਾਰ ਹੈ।

ਭਾਵੇਂ ਖਾੜਕੂ ਰਾਦੂ ਨੂੰ ਕਤਲ ਕਰ ਦੇਣ ਦੀਆਂ ਧਮਕੀਆਂ ਜ਼ਰੂਰ ਦਿੰਦੇ ਰਹੇ ਪਰ ਉਨ੍ਹਾਂ ਦਾ ਰਾਦੂ ਨੂੰ ਖਤਮ ਕਰ ਦੇਣ ਦਾ ਕੋਈ ਇਰਾਦਾ ਨਹੀਂ ਸੀ। ਰਾਦੂ ਦਾ ਸਿੱਖਾਂ ਨਾਲ ਜਾਂ ਅਗਵਾ ਕਰਨ ਵਾਲੇ ਖਾੜਕੂਆਂ ਨਾਲ ਕੋਈ ਵੈਰ-ਵਿਰੋਧ ਨਹੀਂ ਸੀ। ਖਾੜਕੂਆਂ ਦਾ ਇੱਕੋ-ਇੱਕ ਮਕਸਦ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਫਾਂਸੀ ਵਾਲੇ ਕੇਸ ਨੂੰ ਕੌਮਾਂਤਰੀ ਪੱਧਰ 'ਤੇ ਲੈ ਜਾਣਾ ਸੀ। ਖਾੜਕੂ ਕੁੱਲ ਸੰਸਾਰ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਇਨ੍ਹਾਂ ਦੋਹਾਂ ਸਿੰਘਾਂ ਵਲੋਂ ਕੀਤਾ ਗਿਆ ਜਨਰਲ ਵੈਦਿਆ ਦਾ ਕਤਲ ਕੋਈ ਸਧਾਰਨ ਫ਼ੌਜਦਾਰੀ ਕੇਸ ਨਹੀਂ ਹੈ। ਇਹ ਤਾਂ ਇੱਕ ਭਾਈਚਾਰੇ ਨੂੰ ਇਨਸਾਫ ਦਿਵਾਉਣ ਦੀ ਕਾਰਵਾਈ ਹੈ। ਭਾਈ ਜਿੰਦੇ ਤੇ ਭਾਈ ਸੁੱਖੇ ਨੇ ਜਨਰਲ ਵੈਦਿਆ 'ਤੇ ਸਿਰਫ ਉਸ ਵੇਲੇ ਹੀ ਕਾਰਵਾਈ ਕੀਤੀ ਸੀ ਜਦੋਂ ਭਾਰਤੀ ਅਦਾਲਤਾਂ ਉਸ 'ਤੇ ਇੱਕ ਧਾਰਮਿਕ ਤੇ ਇਤਿਹਾਸਕ ਸਥਾਨ ਨੂੰ ਤੋਪਾਂ ਨਾਲ ਢਾਹ ਸੁੱਟਣ ਦੇ ਦੋਸ਼ ਤਹਿਤ ਮੁਕੱਦਮਾ ਚਲਾਉਣ ਤੋਂ ਇਨਕਾਰੀ ਹੋਈ ਬੈਠੀਆਂ ਸਨ। ਉਨ੍ਹਾਂ ਨੇ ਜਨਰਲ ਵੈਦਿਆ ਨੂੰ ਉਹੀ ਸਜ਼ਾ ਦਿੱਤੀ ਸੀ ਜਿਹੜੀ ਕੌਮਾਂਤਰੀ ਕਾਨੂੰਨਾਂ ਤਹਿਤ ਕਿਸੇ ਧਾਰਮਿਕ ਤੇ ਇਤਿਹਾਸਕ ਸਥਾਨ ਨੂੰ ਢਾਹ-ਢੇਰੀ ਕਰਨ ਵਾਲਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਅਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਦਿੱਤੀ ਵੀ ਗਈ ਸੀ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੇ ਆਉਣ ਵਾਲੇ ਦਿਨਾਂ ਅੰਦਰ ਭਾਈ ਜਿੰਦੇ ਤੇ ਭਾਈ ਸੁੱਖੇ ਦੇ ਕੇਸ ਨੂੰ ਇਸ ਦ੍ਰਿਸ਼ਟੀਕੋਣ ਤੋਂ ਸੰਸਾਰ ਭਰ ਵਿੱਚ ਲੈ ਜਾਣ ਦਾ ਅਧਾਰ ਤਿਆਰ ਕਰ ਦਿੱਤਾ ਹੈ। ਇਹ ਰਾਦੂ ਕਾਂਡ ਦੀ ਇੱਕ ਅਹਿਮ ਪ੍ਰਾਪਤੀ ਹੈ।

ਰਿਹਾਈ ਤੋਂ ਬਾਅਦ ਰਾਦੂ ਨੇ ਕਿਹਾ ਹੈ ਕਿ ਹੁਣ ਮੈਂ ਸਮਝ ਗਿਆ ਹਾਂ ਕਿ ਸਿੱਖਾਂ ਦੀ ਕੀ ਸਮੱਸਿਆ ਹੈ। ਰਾਦੂ ਖਾੜਕੂਆਂ ਨਾਲ ਬਿਤਾਏ ਦਿਨਾਂ ਦਾ ਜਿਹੋ ਨਕਸ਼ਾ ਪੇਸ਼ ਕਰ ਰਿਹਾ ਹੈ ਉਸ ਤੋਂ ਇਨ੍ਹਾਂ ਖਾੜਕੂਆਂ ਦੇ ਉੱਚੇ-ਸੁੱਚੇ ਕਿਰਦਾਰ ਦਾ ਵੀ ਦੁਨੀਆ ਨੂੰ ਪਤਾ ਲੱਗ ਰਿਹਾ ਹੈ। ਲੋਕ ਜਾਣ ਰਹੇ ਹਨ ਕਿ ਅਖ਼ਬਾਰਾਂ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਖਾੜਕੂਆਂ ਦਾ ਨਕਸ਼ਾ ਦਰੁਸਤ ਨਹੀਂ ਹੈ। ਇਹ ਰਾਦੂ ਕਾਂਡ ਦੀ ਇੱਕ ਹੋਰ ਅਹਿਮ ਪ੍ਰਾਪਤੀ ਹੈ।

ਦੂਸਰੇ ਪਾਸੇ ਦਿਨ ਦਿਹਾੜੇ ਭਾਰਤ ਦੀ ਰਾਜਧਾਨੀ 'ਚੋਂ ਇੱਕ ਰਾਜਦੂਤ ਨੂੰ ਚੁੱਕ ਲੈਣਾ, ਪੁਲਸ ਅਤੇ ਸੁਰੱਖਿਆ ਦਸਤਿਆਂ ਵਲੋਂ ਪੂਰਾ ਟਿੱਲ ਲਾ ਲੈਣ ਦੇ ਬਾਵਜੂਦ ਉਨ੍ਹਾਂ ਦੇ ਹੱਥ ਨਾ ਆਉਣਾ, ਦਿੱਲੀ ਦੇ ਚਾਰੇ ਪਾਸੇ ਨਾਕਾ ਲਾਈ ਬੈਠੇ ਪੁਲਸੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਪੰਜਾਬ ਪਹੁੰਚ ਜਾਣਾ, ਇਹ ਸਰਕਾਰ ਦੀ ਪਹਿਲੀ ਵੱਡੀ ਹਾਰ ਸੀ।

ਭਾਰਤੀ ਹਾਕਮਾਂ ਦਾ ਖਿਆਲ ਸੀ ਕਿ ਰਾਦੂ ਦਿਲ ਦਾ ਮਰੀਜ਼ ਹੈ, ਖਾੜਕੂ ਉਸ ਦੀਆਂ ਦਵਾਈਆਂ ਦਾ ਪ੍ਰਬੰਧ ਨਹੀਂ ਕਰ ਸਕਣਗੇ ਉਹ ਅਗਵਾ ਹੋਣ ਦੇ ਸਦਮੇ ਨਾਲ ਹੀ ਮਰ ਜਾਵੇਗਾ। ਰਾਦੂ ਦੀ ਮੌਤ ਨੂੰ ਲੈ ਕੇ ਉਹ ਦੁਨੀਆ ਵਿੱਚ ਖਾੜਕੂਆਂ ਦੇ ਖਿਲਾਫ ਭੰਡੀ ਪ੍ਰਚਾਰ ਦੀ ਮੁਹਿੰਮ ਵਿੱਢ ਦੇਣਗੇ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬਦਨਾਮ ਕਰ ਦੇਣਗੇ। ਪਰ ਖਾੜਕੂ ਜਾਨਾਂ ਦੀਆਂ ਬਾਜ਼ੀਆਂ ਲਾ ਕੇ ਵੀ ਰਾਦੂ ਲਈ ਦਵਾਈਆਂ ਦਾ ਪ੍ਰਬੰਧ ਕਰਦੇ ਰਹੇ। ਦਿੱਲੀ ਦੇ ਅਖ਼ਬਾਰ ਟਾਈਮਜ਼ ਆਫ ਇੰਡੀਆ ਨੇ ਲਿਖਿਆ ਹੈ ਕਿ ਅਗਵਾ ਨਾਲ ਸਬੰਧਤ ਇੱਕ ਖਾੜਕੂ ਸ਼ਹੀਦ ਭਾਈ ਦੇਵਪਾਲ ਸਿੰਘ ਦਿੱਲੀ ਦੇ ਕਨਾਟ ਪਲੇਸ ਵਿੱਚੋਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਰਾਦੂ ਦੀ ਪਤਨੀ ਨੂੰ ਟੈਲੀਫੂਨ ਕਰਕੇ ਰਾਦੂ ਦੀਆਂ ਦਵਾਈਆਂ ਬਾਰੇ ਕੁੱਝ ਜਾਣਕਾਰੀ ਹਾਸਲ ਕਰ ਰਿਹਾ ਸੀ। ਖਾੜਕੂਆਂ ਵਲੋਂ ਰਾਦੂ ਦੀ ਸਿਹਤ ਦਾ ਪੂਰਾ-ਪੂਰਾ ਖਿਆਲ ਰੱਖਣਾ ਅਤੇ ਉਸ ਨੂੰ ਸੁੱਖੀ-ਸਾਂਦੀ ਉਸਦੇ ਘਰ ਪਹੁੰਚਾ ਦੇਣਾ ਭਾਰਤੀ ਹਾਕਮਾਂ ਦੇ ਮਨਸੂਬਿਆਂ ਨੂੰ ਫੇਲ੍ਹ ਕਰਨਾ ਸੀ। ਇਹ ਭਾਰਤੀ ਹਾਕਮਾਂ ਦੀ ਦੂਜੀ ਵੱਡੀ ਹਾਰ ਸੀ।

ਭਾਰਤੀ ਹਾਕਮ ਦਾ ਇਹ ਵੀ ਖਿਆਲ ਸੀ ਕਿ ਜੇ ਰਾਦੂ ਆਪ ਨਾ ਮਰਿਆ ਤਾਂ ਖਾੜਕੂ ਆਪਣੀਆਂ ਧਮਕੀਆਂ ਅਨੁਸਾਰ ਉਸ ਨੂੰ ਜ਼ਰੂਰ ਮਾਰ ਦੇਣਗੇ। ਇਸ ਨਾਲ ਉਨ੍ਹਾਂ ਨੂੰ ਕੌਮਾਂਤਰੀ ਭਾਈਚਾਰੇ ਅੰਦਰ ਖਾੜਕੂਆਂ ਵਿਰੁੱਧ ਪ੍ਰਚਾਰ ਕਰਨ ਦਾ ਇੱਕ ਤਕੜਾ ਬਹਾਨਾ ਮਿਲ ਜਾਵੇਗਾ। ਖਾੜਕੂਆਂ ਨੇ ਰਾਦੂ ਨੂੰ ਰਿਹਾਅ ਕਰਕੇ ਭਾਰਤੀ ਹਾਕਮਾਂ ਦੇ ਇਸ ਮਨਸੂਬੇ 'ਤੇ ਵੀ ਪਾਣੀ ਫੇਰ ਦਿੱਤਾ ਹੈ। ਇਹ ਭਾਰਤੀ ਹਾਕਮਾਂ ਦੀ ਤੀਜੀ ਵੱਡੀ ਹਾਰ ਹੈ।

ਰੋਮਾਨੀਆਂ ਯੂਰਪ ਦਾ ਇੱਕ ਛੋਟਾ ਤੇ ਗਰੀਬੜਾ ਜਿਹਾ ਮੁਲਕ ਹੈ। ਜੇ ਰਾਦੂ ਰੋਮਾਨੀਆਂ ਦੀ ਥਾਂ ਅਮਰੀਕਾ ਜਾਂ ਇੰਗਲੈਂਡ ਦਾ ਹੁੰਦਾ ਤਾਂ ਜਿਵੇਂ ਖਾੜਕੂਆਂ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ, ਭਾਰਤੀ ਹਾਕਮਾਂ ਨੂੰ ਰਾਦੂ ਦੇ ਅਗਵਾ ਨਾਲ ਹੀ ''ਸਿਆਸੀ ਟੱਟੀਆਂ'' ਲੱਗ ਜਾਣੀਆਂ ਸਨ। ਉਹ ਕਦੇ ਵੀ ਅਜਿਹੇ ਬਿਆਨ ਨਹੀਂ ਸਨ ਦੇ ਸਕਦੇ ਕਿ ਖਾੜਕੂਆਂ ਨੇ ਰਾਦੂ ਨੂੰ ਕਤਲ ਕਰਨਾ ਹੈ ਤਾਂ ਕਰ ਦੇਣ, ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਣਗੀਆਂ। ਭਾਰਤੀ ਹਾਕਮਾਂ ਦੇ ਵਤੀਰੇ ਨੇ ਕੁੱਲ ਦੁਨੀਆ ਦੇ ਲੋਕਾਂ ਨੂੰ ਸਪੱਸ਼ਟ ਕਰ ਦਿਤਾ ਹੈ ਕਿ ਇਹ ਛੋਟੇ ਤੇ ਵੱਡੇ ਦੇਸਾਂ, ਗਰੀਬ ਤੇ ਅਮੀਰ ਦੇਸਾਂ ਦੇ ਨਾਗਰਿਕਾਂ ਦੀ ਜਾਨ ਦੀ ਸੁਰੱਖਿਆ ਕਰਨ ਦੀ ਗਰੰਟੀ ਦੇਣ ਵਿੱਚ ਵਿਤਕਰੇਬਾਜ਼ੀ ਕਰਨੀ ਹੈ। ਇਹ ਭਾਰਤ ਹਾਕਮਾਂ ਦੀ ਚੌਥੀ ਵੱਡੀ ਹਾਰ ਹੈ।

ਭਾਰਤ ਵਿੱਚ ਅਗਵਾ ਦੇ ਪਹਿਲਾਂ ਵੀ ਕਈ ਕੇਸ ਹੋਏ ਹਨ। ਪਹਿਲਾਂ ਆਮ ਤੌਰ 'ਤੇ ਭਾਰਤੀ ਹਾਕਮਾਂ ਦੇ ਕਿਸੇ ਨਾ ਕਿਸੇ ਰਿਸ਼ਤੇਦਾਰ ਨੂੰ ਅਗਵਾ ਕੀਤਾ ਜਾਂਦਾ ਸੀ। ਇਹ ਪਹਿਲੀ ਵਾਰੀ ਸੀ ਜਦੋਂ ਕਿਸੇ ਦੂਸਰੇ ਦੇਸ ਦੇ ਨਾਗਰਿਕ ਨੂੰ ਅਗਵਾ ਕੀਤਾ ਗਿਆ। ਜਦੋਂ ਵੀ ਭਾਰਤੀ ਹਾਕਮਾਂ ਦੇ ਕਿਸੇ ਰਿਸ਼ਤੇਦਾਰ ਨੂੰ ਅਗਵਾ ਕੀਤਾ ਜਾਂਦਾ ਰਿਹਾ ਤਾਂ ਉਹ ਉਸਦੀ ਜਾਨ ਬਚਾਉਣ ਲਈ ਫੌਰੀ ਹੀ ਸਭ ਮੰਗਾਂ ਮੰਨ ਲੈਂਦੇ ਰਹੇ। ਇੱਥੋਂ ਤੱਕ ਕਿ ਆਪਣੇ ਉੱਚ ਅਧਿਕਾਰੀਆਂ ਨੂੰ ਰਿਹਾਅ ਕਰਵਾਉਣ ਲਈ ਵੀ ਉਹ ਖਾੜਕੂਆਂ ਦੀਆਂ ਮੰਗਾਂ ਪ੍ਰਵਾਨ ਕਰ ਲੈਂਦੇ ਰਹੇ। ਕਿਉਂਕਿ ਰਾਦੂ ਉਨ੍ਹਾਂ ਵਿੱਚੋਂ ਕਿਸੇ ਨਾ ਕਿਸੇ ਦਾ ਰਿਸ਼ਤੇਦਾਰ ਨਹੀਂ ਸੀ, ਇਸ ਲਈ ਇਨ੍ਹਾਂ ਨੂੰ ਉਸਦੀ ਜਾਨ ਨਾਲ ਕੋਈ ਸਰੋਕਾਰ ਨਹੀਂ ਸੀ। ਭਾਰਤੀ ਹਾਕਮਾਂ ਵਲੋਂ ਆਪਣੇ ਨਿੱਜੀ ਰਿਸ਼ਤੇਦਾਰਾਂ ਦੀਆਂ ਜ਼ਿੰਦਗੀਆਂ ਨੂੰ ਕੀਮਤੀ ਅਤੇ ਦੂਸਰੇ ਦੇਸ਼ਾਂ ਦੇ ਨਾਗਰਿਕਾਂ ਦੀਆਂ ਜ਼ਿੰਦਗੀਆਂ ਨੂੰ ਐਂਵੇ-ਕੈਂਵੇਂ ਸਮਝਣ ਨੇ ਉਨ੍ਹਾਂ ਦੀ ਨੈਤਿਕਤਾ ਦਾ ਦਿਵਾਲਾ ਕੱਢ ਦਿੱਤਾ ਹੈ। ਇਹ ਭਾਰਤੀ ਹਾਕਮਾਂ ਦੀ ਪੰਜਵੀਂ ਵੱਡੀ ਨੈਤਿਕ ਹਾਰ ਹੈ।

# ਸਿਆਸੀ ਟਿੱਪਣੀਆਂ

## ਸ਼ਰੋਮਣੀ ਕਮੇਟੀ ਦੀ ਚੋਣ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਸ: ਬਲਦੇਵ ਸਿੰਘ ਸਿਬੀਆ ਦੀ ਥਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮੁੜ ਪ੍ਰਧਾਨ ਚੁਣ ਲਿਆ ਹੈ। ਕੁੱਝ ਮਹੀਨੇ ਪਹਿਲਾਂ ਜਥੇਦਾਰ ਟੌਹੜਾ ਨੇ ਇਸ ਪੱਦ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੀ ਵੱਖ-ਵੱਖ ਹਲਕਿਆਂ ਵਲੋਂ ਤਿੱਖੀ ਆਲੋਚਨਾ ਹੋ ਰਹੀ ਸੀ। ਖਾੜਕੂਆਂ ਦੀ ਇੱਕ ਧਿਰ ਨੇ ਤਾਂ ਉਨ੍ਹਾਂ ਦੀ ਜਾਨ ਲੈਣ ਦੀ ਕੋਸ਼ਿਸ਼ ਵੀ ਕੀਤੀ ਸੀ। ਅਸਤੀਫੇ ਤੋਂ ਬਾਅਦ ਜਥੇਦਾਰ ਟੌਹੜਾ ਲਗਾਤਾਰ ਵਾਰ-ਵਾਰ ਇਹ ਐਲਾਨ ਕਰਦੇ ਰਹੇ ਹਨ ਕਿ ਉਹ ਮੁੜ ਕਦੀ ਵੀ ਇਹ ਅਹੁਦਾ ਪ੍ਰਵਾਨ ਨਹੀਂ ਕਰਨਗੇ ਜ਼ਬਰ ਵਿਰੋਧੀ ਐਕਸ਼ਨ ਕਮੇਟੀ ਬਨਾਉਣ ਲਈ ਸਮੂਹ ਸਿੱਖ ਜਥੇਬੰਦੀਆਂ ਦੀ ਆਨੰਦਪੁਰ ਸਾਹਿਬ ਵਿਖੇ ਹੋਈ ਮੀਟਿੰਗ ਸਮੇਂ ਵੀ ਜਥੇਦਾਰ ਟੌਹੜਾ ਨੇ ਇਹ ਗੱਲ ਬਹੁਤ ਜ਼ੋਰ ਨਾਲ ਆਖੀ ਸੀ।

ਜਥੇਦਾਰ ਟੌਹੜਾ ਨੂੰ ਮੁੜ ਪ੍ਰਧਾਨ ਬਨਾਉਣ ਤੋਂ ਪਹਿਲਾਂ ਬਲਦੇਵ ਸਿੰਘ ਸਿਬੀਆ ਨੂੰ ਜਿਸ ਢੰਗ ਨਾਲ ਲਾਹਿਆ ਗਿਆ ਉਹ ਬਹੁਤ ਹੀ ਅਪਮਾਨਜਨਕ ਸੀ। ਪ੍ਰਧਾਨ ਦੀ ਬਕਾਇਦਾ ਚੋਣ ਹੋਣ ਵਿੱਚ ਕੁੱਝ ਹੀ ਦਿਨ ਬਾਕੀ ਸਨ। ਅਚਾਨਕ ਹੀ ਕਮੇਟੀ ਦੀ ਕਾਰਜਕਾਰਨੀ ਨੇ ਆਪਣੀ ਇੱਕ ਮੀਟਿੰਗ ਤੋਂ ਬਾਅਦ ਇਹ ਐਲਾਨ ਕਰ ਦਿੱਤਾ ਕਿ ਉਸ ਨੇ ਸਰਬ ਸੰਮਤੀ ਨਾਲ ਸਿਬੀਆ ਨੂੰ ਪ੍ਰਧਾਨਗੀ ਦੇ ਅਹੁੱਦੇ ਤੋਂ ਲਾਹ ਦਿੱਤਾ ਹੈ। ਕਾਰਜਕਾਰਨੀ ਕਮੇਟੀ ਨੇ ਇਹ ਦੇਖਣ ਦੀ ਵੀ ਕੋਈ ਕੋਸ਼ਿਸ਼ ਨਾ ਕੀਤੀ ਕਿ ਉਸ ਨੂੰ ਅਜਿਹਾ ਕਰਨ ਦਾ ਕੋਈ ਅਧਿਕਾਰ ਵੀ ਹੈ ਜਾਂ ਨਹੀਂ, ਸ਼੍ਰੋਮਣੀ ਕਮੇਟੀ ਦੀ ਅਜਿਹੀ ਕਾਰਵਾਈ ਦੀ ਕੋਈ ਰਵਾਇਤ ਵੀ ਹੈ ਜਾਂ ਨਹੀਂ। ਕਾਰਜਕਾਰਨੀ ਕਮੇਟੀ ਆਪਣੀ ਇਸ ਕਾਰਵਾਈ ਰਾਹੀਂ ਸਿੱਖ ਪੰਥ ਨੂੰ ਇਹ ਪ੍ਰਭਾਵ ਦੇਣਾ ਚਾਹੁੰਦੀ ਸੀ ਕਿ ਬਲਦੇਵ ਸਿੰਘ ਸਿਬੀਆ ਬਹੁਤ ਹੀ ਵੱਡਾ ਗੁਨਾਹਗਾਰ ਹੈ। ਉਸਨੂੰ ਪ੍ਰਧਾਨਗੀ ਦੇ ਅਹੁੱਦੇ 'ਤੇ ਹੋਰ ਦੋ-ਚਾਰ ਦਿਨ ਲਈ ਵੀ ਸਹਿਣ ਨਹੀਂ ਕੀਤਾ ਜਾ ਸਕਦਾ।

ਕਿਹਾ ਜਾ ਰਿਹਾ ਹੈ ਕਿ ਸ: ਸਿਬੀਆ ਦੇ ਸਮੇਂ ਸ਼੍ਰੋਮਣੀ ਕਮੇਟੀ ਅੰਦਰ ਭ੍ਰਿਸ਼ਟਾਚਾਰ ਵੱਧਦਾ ਜਾ ਰਿਹਾ ਸੀ। ਇਹ ਗੱਲ ਸੱਚੀ ਹੈ ਜਾਂ ਨਹੀਂ ਇਸ ਬਾਰੇ ਪੱਕ ਨਾਲ ਕੁੱਝ ਕਹਿਣ ਦੀ ਥਾਂ ਇਹ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਸ: ਸਿਬੀਆ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਪਾਸੇ ਕਰਨ ਦਾ ਇਹ ਕਾਰਨ ਨਹੀ ਸੀ। ਭ੍ਰਿਸ਼ਟਾਚਾਰ ਤਾਂ ਲੰਮੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਦਾ ਕਲਚਰ ਹੀ ਬਣਿਆ ਆ ਰਿਹਾ ਹੈ। ਉਹ ਕਿਹੜਾ ਸਮਾਂ ਸੀ ਜਦੋਂ ਸ਼੍ਰੋਮਣੀ ਕਮੇਟੀ ਅੰਦਰ ਭ੍ਰਿਸ਼ਟਾਚਾਰ ਦਾ ਬੋਲਬਾਲਾ ਨਹੀਂ ਸੀ? ਆਮ ਸਿੱਖ ਜਨਤਾ ਅੰਦਰ ਜਥੇਦਾਰ ਟੌਹੜਾ ਦੀ ਹੋ ਰਹੀ ਆਲੋਚਨਾ ਦਾ ਇੱਕ ਅਹਿਮ ਮੁੱਦਾ ਹੀ ਇਹ ਹੈ ਕਿ ਉਨ੍ਹਾਂ ਨੇ ਇਸ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਕਦੀ ਕੋਈ ਕਾਰਗਰ ਕਦਮ ਨਹੀਂ ਉਠਾਇਆ। ਜੇ ਸ਼੍ਰੋਮਣੀ ਕਮੇਟੀ ਦੇ ਅੰਦਰ ਭ੍ਰਿਸ਼ਟਾਚਾਰ ਨੂੰ ਅਧਾਰ ਬਣਾ ਕੇ ਐਕਸ਼ਨ ਲੈਣ ਦਾ ਰਿਵਾਜ ਹੁੰਦਾ ਤਾਂ ਸ਼ਾਇਦ ਹੁਣ ਤੱਕ ਕਮੇਟੀ ਦਾ ਵਜੂਦ ਹੀ ਖਤਮ ਹੋ ਗਿਆ ਹੁੰਦਾ।

ਬਲਦੇਵ ਸਿੰਘ ਸਿਬੀਆ ਨੂੰ ਪ੍ਰਧਾਨਗੀ ਤੋਂ ਲਾਹੁਣ ਦਾ ਕਾਰਨ ਕਥਿਤ ਭ੍ਰਿਸ਼ਟਾਚਾਰ ਨਹੀਂ ਉਸ ਦਾ ਸਿਆਸੀ ਪ੍ਰੋਗਰਾਮ ਬਣਿਆ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਤੋਂ ਬਾਅਦ ਉਸ ਨੇ ਜਿਹੜੇ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ ਸਨ ਉਹ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲਾਂ 'ਤੇ ਕਾਬਜ਼ ਸਿੱਖ ਲੀਡਰਸ਼ਿਪ ਨੂੰ ਕਿਸੇ ਵੀ ਤਰ੍ਹਾਂ ਪਸੰਦ ਨਹੀਂ ਸਨ ਇਸ ਲੀਡਰਸ਼ਿਪ ਨੂੰ ਸਪੱਸ਼ਟ ਲੱਗ ਰਿਹਾ ਸੀ ਕਿ ਸਿਬੀਆ ਉਸ ਨੂੰ ਲਗਾਤਾਰ ਕਸੂਤੀ ਹਾਲਤ ਵਿੱਚ ਫਸਾਈ ਜਾ ਰਿਹਾ ਹੈ। ਸ: ਸਿਬੀਆ ਵੱਲੋਂ, ਜਬਰ-ਵਿਰੋਧੀ ਮੁਹਿੰਮ ਸ਼ੁਰੂ ਕਰਨ ਲਈ ਆਨੰਦਪੁਰ ਸਾਹਿਬ ਵਿਖੇ ਬੁਲਾਈਆਂ ਗਈਆਂ ਸਮੂਹ ਸਿੱਖ ਜਥੇਬੰਦੀਆਂ ਦੀਆਂ ਮੀਟਿੰਗਾਂ ਸਮੇਂ ਮਾਹੌਲ ਹੀ ਅਜਿਹਾ ਪੈਦਾ ਹੋ ਗਿਆ ਸੀ ਕਿ ਇਸ ਲੀਡਰਸ਼ਿਪ ਨੂੰ ਖਾੜਕੂਆਂ ਨੂੰ ਸਰਕਾਰ ਨਾਲ ਗੱਲਬਾਤ ਕਰ ਸਕਣ ਵਾਲੀ ਇੱਕੋ-ਇੱਕ ਪ੍ਰਮਾਣਿਕ ਧਿਰ ਮੰਨ ਲੈਣ ਅਤੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ। ਇਸੇ ਸਮੇਂ ਸ: ਸਿਬੀਆ ਵਲੋਂ ਮਨਜੀਤ ਸਿੰਘ ਕਲਕੱਤੇ ਨੂੰ ਸ਼੍ਰੋਮਣੀ ਕਮੇਟੀ ਦੀ ਸਕੱਤਰੀ ਤੋਂ ਅਸਤੀਫਾ ਦੇਣ ਲਈ ਮਜ਼ਬੂਰ ਕਰ ਦੇਣ ਨਾਲ ਕਮੇਟੀ ਅੰਦਰਲੇ ਸਰਕਾਰੀ ਗੜ੍ਹ ਨੂੰ ਵੀ ਤਕੜੀ ਸੱਟ ਵੱਜ ਗਈ ਸੀ।

ਸ: ਸਿਬੀਆ ਦੀਆਂ ਇਹ ਕਾਰਵਾਈਆਂ ਸਿੱਖ ਜਗਤ ਅੰਦਰਲੇ ਭਾਰੂ ਰੌਅ ਮੁਤਾਬਕ ਤਾਂ ਸਨ ਪਰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲਾਂ ਅੰਦਰਲੇ ਭਾਰੂ ਰੌਅ ਮੁਤਾਬਕ ਨਹੀਂ ਸਨ। ਕਹਿਣ ਨੂੰ ਤਾਂ ਇਹ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਜਗਤ ਦੀ ਇੱਕ ਜਮਹੂਰੀ ਸੰਸਥਾ ਹੈ ਅਤੇ ਇਸ ਕਰਕੇ ਇਸ ਦੇ ਹਿੱਤਾਂ ਅਤੇ ਰੌਅ ਦੀ ਨੁਮਾਇੰਦਗੀ ਕਰਦੀ ਹੈ। ਪਰ ਅੱਜ ਇਹ ਹਕੀਕਤ ਨਹੀਂ ਹੈ। ਜਦੋਂ ਮੌਜੂਦਾ ਕਮੇਟੀ ਚੁਣੀ ਗਈ ਸੀ ਉਦੋਂ ਸਿੱਖ ਜਗਤ ਅੰਦਰ ਕੋਈ ਹੋਰ ਰੌਅ ਸੀ। ਪੰਥ ਅਤੇ ਪੰਜਾਬ ਦੀ ਆਜ਼ਾਦੀ ਖਾਤਰ ਸ਼ੁਰੂ ਹੋਏ ਹਥਿਆਰਬੰਦ ਘੋਲ ਖਾਸ ਕਰਕੇ ਖਾੜਕੂ ਨੌਜਵਾਨਾਂ ਦੀਆਂ ਕੁਰਬਾਨੀਆਂ ਨਾਲ ਇਹ ਰੌਅ ਬਿਲਕੁੱਲ ਬਦਲ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦੀ ਬੁੱਢੀ ਲੀਡਰਸ਼ਿਪ ਇਸ ਨਵੇਂ ਰੌਅ ਨਾਲ ਚੱਲਣ ਨੂੰ ਤਿਆਰ ਨਹੀਂ। ਸਿਰਫ ਚੱਲਣ ਲਈ ਹੀ ਤਿਆਰ ਨਹੀਂ ਅੰਦਰੋ-ਅੰਦਰ ਇਸ ਤੋਂ ਦੁੱਖੀ ਵੀ ਹੈ। ਮਨਜੀਤ ਸਿੰਘ ਕਲਕੱਤੇ ਵਾਲੀ ਸਰਕਾਰੀ ਧਿਰ ਨੇ ਬੁੱਢੀ ਲੀਡਰਸ਼ਿਪ ਦੀ ਇਸ ਕਮਜ਼ੋਰੀ ਨੂੰ ਵਰਤਦਿਆਂ ਹੋਇਆਂ ਬਲਦੇਵ ਸਿੰਘ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕੀਤੀ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸਿੱਖ ਜਗਤ ਅੰਦਰ ਆਪਣਾ ਇੱਕ ਨਵਾਂ ਨਕਸ਼ਾ ਬਨਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਉਨ੍ਹਾਂ ਨੇ ਬੁੱਢੀ ਲੀਡਰਸ਼ਿਪ ਅਤੇ ਸਰਕਾਰੀ ਧਿਰ ਦੇ ਮੂਹਰੇ ਲੱਗ ਕੇ ਆਪਣੇ ਇਸ ਨਵੇਂ ਨਕਸ਼ੇ ਨੂੰ ਆਪ ਹੀ ਧੱਬਾ ਲਾ ਲਿਆ ਹੈ।

## ਅਸਾਮ ਅੰਦਰ ਫ਼ੌਜ ਦਾ ਜ਼ਬਰਦਸਤ ਵਿਰੋਧ

ਹੁਣ ਖ਼ਬਰਾਂ ਆਉਣੀਆਂ ਸ਼ੁਰੂ ਹੋਈਆਂ ਹਨ ਕਿ ਆਸਾਮ ਵਿੱਚ ਭਾਰਤੀ ਫੌਜਾਂ ਦਾ ਜ਼ਬਰਦਸਤ ਵਿਰੋਧ ਹੋ ਰਿਹਾ ਹੈ। ਅਸਾਮੀ ਖਾੜਕੂਆਂ (ਉਲਫਾ) ਨੂੰ ਕੁਚਲਣ ਲਈ ਉਪਰੇਸ਼ਨ ਰਾਈਨੋ (ਗੈਂਡਾ) ਅਧੀਨ ਅਸਾਮ 'ਚ ਫ਼ੌਜ ਲਾਉਣ ਤੋਂ ਬਾਦ ਦਿੱਲੀ ਦਰਬਾਰ ਤੇ ਇਸਦੇ ਪੈਰੋਕਾਰਾਂ ਵੱਲੋਂ ਲਗਾਤਾਰ ਇਹ ਪਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਅਸਾਮ ਵਿੱਚ ਲੋਕਾਂ ਨੇ ਫੌਜ ਦੇ ਆਉਣ 'ਤੇ ਰਾਹਤ ਮਹਿਸੂਸ ਕੀਤੀ ਹੈ। ਦੇਸ਼ ਦੇ ਬਹੁਤ ਲੋਕਾਂ ਨੇ ਇਸ ਗੱਲ ਨੂੰ ਸੱਚ ਮੰਨ ਲਿਆ ਸੀ। ਸਰਕਾਰੀ ਤੇ ਗੈਰ-ਸਰਕਾਰੀ ਕੂੜ ਪ੍ਰਚਾਰ ਦੇ ਆਸਰੇ ਪਹਿਲਾਂ ਫ਼ੌਜੀ ਉਪਰੇਸ਼ਨ ਬਜਰੰਗ ਵੇਲੇ ਤੇ ਹੁਣ ਚੱਲ ਰਹੇ ਫ਼ੌਜੀ ਉਪਰੇਸ਼ਨ ਗੈਂਡਾ ਦੌਰਾਨ ਲੋਕਾਂ ਨੂੰ ਇਹ ਯਕੀਨ ਕਰਨ ਲਈ ਕਿਹਾ ਜਾ ਰਿਹਾ ਸੀ ਕਿ ਅਸਾਮੀ ਲੋਕਾਂ ਵੱਲੋਂ ਇਨ੍ਹਾਂ ਉਪਰੇਸ਼ਨਾਂ ਦਾ ਕੋਈ ਵਿਰੋਧ ਨਹੀਂ ਹੋ ਰਿਹਾ। ਪਰ ਹੁਣ ਹੌਲੀ-ਹੌਲੀ ਕੂੜ ਪਰਚਾਰ ਦੇ ਸੌ ਪਰਦੇ ਪਾੜ ਕੇ ਸੱਚ ਪ੍ਰਗਟ ਹੋਣਾ ਸ਼ੁਰੂ ਹੋਇਆ ਹੈ। ਅਸਾਮ ਦੀਆਂ ਫੌਜੀ ਕਾਰਵਾਈਆਂ ਨਾਲ ਸਬੰਧਤ ਖ਼ਬਰਾਂ 'ਚੋਂ ਇਸ ਗੱਲ ਦਾ ਇਕਬਾਲ ਕੀਤਾ ਜਾਣ ਲੱਗਾ ਹੈ ਕਿ ਬੰਗਾਲੀ ਬਹੁ-ਵੱਸੋਂ ਵਾਲੇ ਇੱਕ ਦੋ ਜ਼ਿਲ੍ਹਿਆਂ ਨੂੰ ਛੱਡ ਕੇ ਲੱਗਪਗ ਸਾਰੇ ਅਸਾਮ ਵਿੱਚ ਹੀ ਫੌਜਾਂ ਦੀ ਤਾਇਨਾਤੀ ਦਾ ਵੱਡੀ ਪੱਧਰ 'ਤੇ ਵਿਰੋਧ ਹੋ ਰਿਹਾ ਹੈ। ਕਰੀਬ-ਕਰੀਬ ਸਾਰੇ ਅਸਾਮ ਵਿੱਚ ਹੀ ਅਸਾਮੀ ਲੋਕਾਂ ਵੱਲੋਂ ਭਾਰਤੀ ਫੌਜਾਂ ਵਿਰੁੱਧ ਮੁਜ਼ਾਹਰੇ ਹੋ ਰਹੇ ਹਨ। 24,25 ਤੇ 26 ਨਵੰਬਰ ਦੀ ਅੰਗਰੇਜ਼ੀ ਅਖ਼ਬਾਰ ਟਾਈਮਜ਼ ਆਫ ਇੰਡੀਆ ਅੰਦਰ ਖਾੜਕੂਆਂ ਨਾਲ ਸਬੰਧਿਤ ਖ਼ਬਰਾਂ 'ਚ ਉਪਰੇਸ਼ਨ ਗੈਂਡਾ ਦੇ ਨਾਲ ਸਬੰਧ ਰੱਖਣ ਵਾਲੇ

ਇੱਕ ਵੱਡੇ ਫੌਜੀ ਅਫਸਰ ਨੇ ਮੰਨਿਆ ਹੈ ਕਿ ''ਉਪਰੇਸ਼ਨ ਰੈਂਡਾ ਤੋਂ ਬਾਅਦ ਗੋਹਾਟੀ 'ਚ ਹੜਤਾਲਾਂ ਦਾ ਜਿਵੇਂ ਹੜ੍ਹ ਜਿਹਾ ਆ ਗਿਆ ਹੈ। ਪਾੜ੍ਹਿਆਂ, ਡਾਕਟਰਾਂ , ਤੇਲ-ਕਾਰਖਾਨਿਆਂ 'ਚ ਕੰਮ ਕਰਦੇ ਮਜ਼ਦੂਰਾਂ, ਬਿਜਲੀ ਬੋਰਡ ਦੇ ਮੁਲਾਜ਼ਮਾਂ ਤੇ ਹੋਰ ਸਰਕਾਰੀ ਮੁਲਾਜ਼ਮ ਲਗਾਤਾਰ ਜਲੂਸ ਕੱਢ ਕੇ ਤੇ ਹੜਤਾਲਾਂ ਕਰਕੇ ਅਸਾਮ 'ਚ ਵਿੱਚੋਂ ਫੌਜਾਂ ਬਾਹਰ ਕੱਢਣ ਦੀ ਮੰਗ ਕਰ ਰਹੇ ਹਨ।'' ਉਪਰੇਸ਼ਨ ਰੈਂਡਾ ਦੇ ਹੈਡਕੁਆਟਰ 'ਚ ਤਾਇਨਾਤ ਬ੍ਰਿਗੇਡੀਅਰ ਵਾਸਤਵਾ ਅਨੁਸਾਰ 'ਅਸਾਮੀ ਲੋਕਾਂ 'ਚ ਉਲਫਾ ਦੀ ਮਾਨਤਾ ਦਾ ਪਤਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਅਸਾਮ ਦੇ ਵਕੀਲਾਂ ਨੇ ਇੱਕ ਵੱਡਾ ਜਲੂਸ ਕੱਢ ਕੇ ਗਵਰਨਰ ਕੋਲੋਂ ਫੌਜੀ ਉਪਰੇਸ਼ਨ ਰੋਕਣ ਤੇ ਅਸਾਮ 'ਚੋਂ ਫੌਜਾਂ ਬਾਹਰ ਕੱਢਣ ਦੀ ਮੰਗ ਕੀਤੀ ਹੈ ''। ਉਪਰੇਸ਼ਨ ਰੈਂਡਾ ਦੇ ਇੰਚਾਰਜ ਲੈਫਟੀਨੈਂਟ ਜਨਰਲ ਅਜੇ ਕੁਮਾਰ ਨੇ ਆਪਣੀ ਇੱਕ ਗੱਲਬਾਤ 'ਚ ਇਸ ਗੱਲ ਦਾ ਇਕਬਾਲ ਕੀਤਾ ਹੈ ਕਿ,'' ਲੋਕਾਂ 'ਤੇ ਖਾੜਕੂਆਂ ਦੀ ਪਕੜ, ਮਾਸਟਰ, ਵਕੀਲਾਂ, ਔਰਤਾਂ ਅਤੇ ਇੱਥੋਂ ਤੱਕ ਕਿ ਪੁਲਿਸ ਅਤੇ ਵੱਡੇ ਸਰਕਾਰੀ ਅਫਸਰਾਂ ਤੱਕ ਪਹੁੰਚ ਗਈ ਹੈ।'' ਉਸਨੇ ਇਹ ਵੀ ਕਿਹਾ ਹੈ ਕਿ,'' ਅਸਾਮ 'ਚ ਬਾਗੀ ਬੜੇ ਉਚੇ ਦਰਜੇ ਦੇ ਪੜ੍ਹੇ-ਲਿਖੇ ਅਤੇ ਸਿਆਣੇ ਲੋਕ ਹਨ।'' ਗੋਹਾਟੀ ਤੋਂ ਬਿਨਾਂ ਜੋਰਹਾਟ, ਮੋਰੀਗਾਓਂ, ਗੋਲਾਘਾਟ, ਨਾਗਾਓਂ 'ਚ ਲੋਕਾਂ ਨੇ ਵੱਡੇ ਮੁਜ਼ਾਹਰੇ ਕਰਕੇ ਅਸਾਮ 'ਚੋਂ ਫੌਜ ਬਾਹਰ ਕੱਢਣ ਦੀ ਮੰਗ ਕੀਤੀ ਹੈ। ਫੌਜ ਦੇ ਵਿਰੁੱਧ ਪੈਦਾ ਹੋ ਰਹੇ ਲੋਕ ਰੋਹ ਦੀ ਜ਼ਿੰਮੇਵਾਰੀ ਫੌਜੀ ਅਫਸਰ, ਅਸਾਮ ਸਰਕਾਰ 'ਤੇ ਸੁੱਟ ਰਹੇ ਹਨ ਤੇ ਅਸਾਮ ਦੇ ਕਾਂਗਰਸੀ ਮੰਤਰੀ ਇਸ ਲਈ ਫੌਜ ਦੀਆਂ ਜ਼ਿਆਦਤੀਆਂ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਉਪਰੇਸ਼ਨ ਰੈਂਡਾ ਨਾਲ ਸਬੰਧਤ ਇੱਕ ਹੋਰ ਵੱਡੇ ਫੌਜੀ ਅਫਸਰ ਦਾ ਕਹਿਣਾ ਹੈ ਕਿ,''ਅਸਾਮ ਅੰਦਰ ਫੌਜਾਂ ਦੀ ਤਾਇਨਾਤੀ ਤੋਂ ਬਾਅਦ ਖਾੜਕੂਆਂ ਨੇ ਫੌਜੀ ਯੁੱਧ ਨੀਤੀ ਪੱਖੋਂ ਹਾਲ ਦੀ ਘੜੀ ਦੜ ਵੱਟਣ ਦੀ ਨੀਤੀ ਧਾਰਨ ਕੀਤੀ ਹੈ ਪਰ ਉਨ੍ਹਾਂ ਨੇ ਸਿਆਸੀ ਪੱਖੋਂ ਅਸਾਮੀ ਲੋਕਾਂ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ। ਇਸੇ ਲਈ ਸਿਆਸੀ ਨਿਖੇੜੇ ਤੋਂ ਡਰਦਿਆਂ ਅਸਾਮ ਦੇ ਕਾਂਗਰਸੀ ਮੰਤਰੀ ਮੰਡਲ ਵਿੱਚ ਮੱਤਭੇਦ ਉਭਰਨੇ ਸ਼ੁਰੂ ਹੋ ਗਏ ਹਨ ਤੇ ਕਾਂਗਰਸ ਮੰਤਰੀਆਂ ਨੇ ਮੁੱਖ ਮੰਤਰੀ ਦੀਆਂ ਨੀਤੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਆਪਣੇ ਇਸੇ ਵਿਰੋਧ ਨੂੰ ਰੋਕਣ ਲਈ ਹੁਣੇ ਜਿਹੇ ਦੋ ਮੰਤਰੀਆਂ ਨੂੰ ਮੰਤਰੀ ਮੰਡਲ ਵਿੱਚੋਂ ਹੀ ਕੱਢ ਦਿੱਤਾ ਹੈ।

## ਵਾਰਾਣਸੀ 'ਚ ਹਿੰਦੂ ਫਾਸ਼ੀਵਾਦ ਦਾ ਕਹਿਰ

ਵਾਰਾਣਸੀ 'ਚ ਹਿੰਦੂ ਫਾਸ਼ੀਵਾਦ ਇੱਕ ਵਾਰ ਫਿਰ ਆਪਣੇ ਜਲਵੇ ਦਿਖਾ ਰਿਹਾ ਹੈ। ਭਾਰਤੀ ਜਨਤਾ ਪਾਰਟੀ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਵੱਲੋਂ ਫੈਲਾਇਆ ਗਿਆ ਮੁਸਲਿਮ ਵਿਰੋਧੀ ਜਨੂੰਨ ਆਪਣੀ ਚਰਮ ਸੀਮਾਂ 'ਤੇ ਪਹੁੰਚਣਾ ਸ਼ੁਰੂ ਹੋ ਗਿਆ ਹੈ। ਇਸ ਜਨੂੰਨ ਦੇ ਨਾਲ-ਨਾਲ ਜਦੋਂ ਕੋਤਵਾਲ ਵੀ ਆਪਣੇ ਹੀ ਘਰ ਦਾ ਬੰਦਾ ਹੋਵੇ ਤਾਂ ਫਿਰ ਡਰ ਕਾਹਦਾ। ਇਸੇ ਕਰਕੇ ਪਿਛਲੇ ਮਹੀਨੇ ਯੂ.ਪੀ. ਪੁਲਿਸ ਦੀ ਮੌਜੂਦਗੀ ਵਿੱਚ ਤੇ ਐਨ ਉਸਦੇ ਸਾਹਮਣੇ ਵਾਰਾਨਸੀ 'ਚ ਜੋ ਜ਼ੁਲਮ ਮੁਸਲਿਮ ਵੱਸੋਂ 'ਤੇ ਢਾਹੇ ਗਏ ਉਹ ਸੁਣ ਕੇ ਚੰਗੇ ਭਲੇ ਮਨੁੱਖ ਦਾ ਦਿਲ ਦਹਿਲ ਜਾਂਦਾ ਹੈ।

ਵਾਰਾਨਸੀ 'ਚ ਮੁਸਲਮ ਭਾਈਚਾਰੇ ਨਾਲ ਜੋ ਕੁਝ ਵਾਪਰਿਆ ਇਸਦੀ ਜਾਣਕਾਰੀ ਨੂੰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਜਾਣ ਤੋਂ ਰੋਕਣ ਲਈ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕਈ ਦਿਨ ਇੱਥੇ ਕਰਫਿਊ ਲਾ ਛੱਡਿਆ। ਭਾਰਤੀ ਜਨਤਾ ਪਾਰਟੀ ਦੇ ਛੋਟੇ ਵੱਡੇ ਸਰਗਣਿਆ ਨੂੰ ਤਾਂ ਦੰਗੇ ਵਾਲੀਆਂ ਥਾਵਾਂ 'ਤੇ ਜਾਣ ਦੀ ਖੁੱਲ੍ਹ ਸੀ ਪਰ ਬਾਕੀ ਪਾਰਟੀਆਂ ਦੇ ਆਗੂਆਂ ਨੂੰ ਉਥੇ ਇਹ ਕਹਿ ਕੇ ਜਾਣ ਤੋਂ ਰੋਕਿਆ ਗਿਆ ਕਿ ਇਸ ਨਾਲ ਸ਼ਾਂਤੀ 'ਚ ਵਿਘਨ ਪੈਂਦਾ ਹੈ। ਇੱਥੇ ਤੱਕ ਕਿ ਜਨਤਾ ਦਲ ਦੇ ਕੇਂਦਰੀ ਆਗੂ ਵੀ.ਪੀ. ਸਿੰਘ ਤੇ ਅਜੀਤ ਸਿੰਘ ਨੂੰ ਵੀ ਵਾਰਾਨਸੀ ਦੇ ਦੰਗਾ ਪੀੜਤ ਇਲਾਕਿਆਂ 'ਚ ਜਾਣ ਤੋਂ ਰੋਕਿਆ ਗਿਆ।

ਜਨਤਾ ਦਲ ਦੇ ਸਕੱਤਰ ਵਸੀਮ ਅਹਿਮਦ ਅਨੁਸਾਰ '' ਯੂ.ਪੀ. ਦੀ ਭਾਰਤੀ ਜਨਤਾ ਪਾਰਟੀ ਸਰਕਾਰੀ ਵਾਰਾਣਸੀ ਦੰਗਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਤੇ ਇੱਥੋਂ ਦੇ ਪਾਰਲੀਮੈਂਟ ਮੈਂਬਰ ਸੁਭਾਸ਼ ਚੰਦਰ ਦੀਕਸ਼ਤ ਨੇ ਇਹ ਦੰਗੇ ਜਥੇਬੰਦ ਕੀਤੇ। ਇਨ੍ਹਾਂ ਦੰਗਿਆਂ ਦੌਰਾਨ ਸਾਰੀ ਸਰਕਾਰੀ ਮਸ਼ੀਨਰੀ ਉਸਦੇ ਸਿੱਧੇ ਹੁਕਮਾਂ ਅਨੁਸਾਰ ਚਲਦੀ ਰਹੀ। ( ਇੱਕ ਹੋਰ ਤੱਥ ਇਹ ਹੈ ਕਿ ਵਾਰਾਣਸੀ ਦਾ ਐਸ.ਪੀ. ਜੀਵਨ ਚੰਦਰ ਪਾਂਡੇ ਦੀਕਸ਼ਤ ਦਾ ਜੁਆਈ ਹੈ ) ਸਰਕਾਰੀ ਪੱਖਪਾਤ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ 240 ਮੁਸਲਮਾਨ ਤੇ 6 ਹਿੰਦੂ ਹਿਰਾਸਤ ਵਿੱਚ ਲਏ ਗਏ। ਇਨ੍ਹਾਂ 6 ਹਿੰਦੂਆਂ 'ਤੇ ਵੀ ਕਰਫਿਊ ਦੌਰਾਨ ਸੈਰ ਕਰਨ, ਬਾਹਰ ਗਲੀ 'ਚ ਬੱਚੇ ਖਿਡਾਉਣ ਤੇ ਸਬਜ਼ੀ ਖਰੀਦਣ ਦੇ ਮਾਮੂਲੀ ਜਿਹੇ ਕੇਸ ਦਰਜ ਕੀਤੇ ਗਏ ਹਨ ਜਦੋਂ ਕਿ 119 ਮੁਸਲਮਾਨਾਂ 'ਤੇ ਕਤਲ, ਲੁਟਮਾਰ ਕਰਨ ਆਦਿ ਦੇ ਖ਼ਤਰਨਾਕ ਕੇਸ ਦਰਜ ਕੀਤੇ ਗਏ ਹਨ। 178 ਮੁਸਲਮਾਨ ਅਜੇ ਵੀ ਹਿਰਾਸਤ ਵਿੱਚ ਹਨ।

13 ਨਵੰਬਰ ਨੂੰ ਯੂ.ਪੀ. ਦੀ ਹਥਿਆਰਬੰਦ ਪੁਲਿਸ ਨੇ ਤਲਾਸ਼ੀਆਂ ਲੈਣ ਦੇ ਬਹਾਨੇ ਮੁਸਲਮਾਨਾਂ 'ਤੇ ਦਹਿਸ਼ਤ ਪਾਉਣ ਦੀ ਇੱਕ ਮੁਹਿੰਮ ਵਿੱਢ ਦਿੱਤੀ। ਉਨ੍ਹਾਂ ਨੇ ਸਾਹਮਣੇ ਆਏ ਹਰ ਮੁਸਲਮਾਨ ਨੂੰ ਕੁਟਾਪਾ ਚਾੜ੍ਹਿਆ, ਮੁਸਲਿਮ ਔਰਤਾਂ ਨਾਲ ਬਦਸਲੂਕੀ ਕੀਤੀ, ਮੁਸਲਮਾਨਾਂ ਦੇ ਰੋਜ਼ਗਾਰ ਦਾ ਵੱਡਾ ਸਾਧਨ ਹੈਂਡਲੂਮਾਂ ਭੰਨ-ਤੋੜ ਕੇ ਤਬਾਹ ਕਰ ਦਿੱਤੀਆਂ। ਇੱਥੋਂ ਤੱਕ ਕਿ ਮੁਸਲਮਾਨਾਂ ਦੇ ਪਤਵੰਤੇ ਆਗੂਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਇੱਕ ਬਹੁਤ ਹੀ ਪ੍ਰਸਿੱਧ ਤੇ ਦੋਵਾਂ ਭਾਈਚਾਰਿਆ 'ਚ ਹਰਮਨ ਪਿਆਰੇ ਡਾਕਟਰ ਅਨੀਸ ਅਹਿਮਦ ਨੂੰ ਪੁਲਿਸ ਹਿਰਾਸਤ ਵਿੱਚ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ। ਇੱਕ ਹੋਰ ਘਿਨੌਣਾ ਤੱਥ ਇਹ ਹੈ ਕਿ ਜਿਸ ਦਿਨ ਵਾਰਾਣਸੀ 'ਚ ਮੁਸਲਮਾਨਾਂ ਨਾਲ ਇਹ ਕੁਝ ਹੋਣਾ ਸ਼ੁਰੂ ਹੋਇਆ ਉਸ ਦਿਨ ਭਾਰਤੀ ਜਨਤਾ ਪਾਰਟੀ ਦਾ ਵੱਡਾ ਸਰਗਣਾ ਲਾਲ ਕ੍ਰਿਸ਼ਨ ਅਡਵਾਨੀ ਵਾਰਾਣਸੀ 'ਚ ਆਪਣਾ ''ਸਨਮਾਨ'' ਕਰਵਾ ਰਿਹਾ ਸੀ।

ਪੰਜਾਬੀ ਜ਼ਬਾਨ ਉੱਤੇ ਸੰਸਕ੍ਰਿਤਾਈ ਹਿੰਦੀ ਦੀ ਅਮਰਵੇਲ ਦਾ ਚੜ੍ਹਾਉਣਾ ਨਾ ਤਾਂ ਦੋ-ਚਾਰ ਸ਼ਬਦਾਂ ਜਾਂ ਦੋ ਚਾਰ ਹਜ਼ਾਰ ਸ਼ਬਦਾਂ ਦੀ ਚੋਣ ਦਾ ਮਸਲਾ ਹੈ ਅਤੇ ਨਾ ਹੀ ਨਵੇਂ ਸ਼ਬਦਾਂ ਨੂੰ ਫਾਰਸੀ-ਉਰਦੂ ਜਾਂ ਸੰਸਕ੍ਰਿਤ-ਹਿੰਦੀ ਵਿੱਚੋਂ ਲਏ ਜਾਣ ਦੀ ਟੱਕਰ ਦਾ ਮਸਲਾ ਹੈ। ਜ਼ਬਾਨ ਦਾ ਇਹ ਮਸਲਾ ਸਿਆਸੀ ਹੈ, ਕਿਉਂਕਿ ਇਸ ਦੀਆਂ ਜੜ੍ਹਾਂ ਸਿਆਸਤ ਵਿੱਚ ਹਨ। ਹਰ ਕੋਈ ਜਾਣਦਾ ਹੈ ਕਿ ਜਦੋਂ ਰੁੱਖ ਉੱਤੇ ਅਮਰਵੇਲ ਚੜ੍ਹਦੀ ਹੈ ਤਾਂ ਉਹ ਹੀ ਫਲਦੀ-ਫੁਲਦੀ ਹੈ, ਰੁਖ ਦਾ ਸਾਹ-ਸੱਤ ਚੂਸਿਆ ਜਾਂਦਾ ਹੈ। ਪੰਜਾਬੀ ਜ਼ਬਾਨ ਮੁਰਝਾ ਜਾਵੇਗੀ ਅਤੇ ਉਸ ਉੱਤੇ ਠੋਸੀ ਸੰਸਕ੍ਰਿਤਾਈ ਹਿੰਦੀ ਪਲਰੇਗੀ। ਪੰਜਾਬੀ ਸਭਿਆਚਾਰ ਦੇ ਸਰੋਤ ਸੁੱਕ ਜਾਣਗੇ, ਪੁਰਾਤਨ ਹਿੰਦੂ-ਸੰਸਕ੍ਰਿਤੀ ਸੁਰਜੀਤ ਹੋਵੇਗੀ ਤੇ ਵਧੇ ਫੁਲੇਗੀ। ਕੌਮਾਂ ਦਾ ਆਚਰਣ ਉਹਨਾਂ ਦੀ ਮਾਂ-ਬੋਲੀ ਦੀ ਉਨੱਤੀ ਅਤੇ ਬਲ ਉੱਤੇ ਨਿਰਭਰ ਕਰਦਾ ਹੈ। ਜਿਸ ਕੌਮ ਦੀ ਬੋਲੀ ਅਤੇ ਸਭਿਆਚਾਰ ਉੱਤੇ ਸੱਟ ਮਾਰੀ ਜਾਵੇ, ਉਹ ਨਿਰਬਲ ਅਤੇ ਆਚਰਣਹੀਨ ਹੋ ਜਾਂਦੀ ਹੈ। ਅੱਜ ਪੰਜਾਬੀ ਜ਼ਬਾਨ ਅਤੇ ਸਭਿਆਚਾਰ ਨੂੰ ਸੰਸਕ੍ਰਿਤ ਦੇ ਅਤੇ ਹਿੰਦੂ-ਪਰੰਪਰਾਵਾਦੀਆਂ ਦੇ ਮਾਰੂ ਅਸਰਾਂ ਤੋਂ ਬਚਾਉਣ ਦੀ ਲੋੜ ਹੈ।

*ਗੁਰਵੇਲ ਸਿੰਘ ਪੰਨੂੰ*

# ਪੰਚਾਂ ਤੇ ਸਰਪੰਚਾਂ ਦੇ ਅਸਤੀਫ਼ੇ ਇੱਕ ਚੰਗਾ ਸ਼ਗਨ

ਪਿਛਲੇ ਕਈ ਸਾਲਾਂ ਤੋਂ ਪੰਚਾਂ ਤੇ ਸਰਪੰਚਾਂ ਨੂੰ ਜਲੀਲ ਕੀਤਾ ਜਾ ਰਿਹਾ ਹੈ । ਪਿੰਡਾਂ 'ਚ ਦਗੜ-ਦਗੜ ਕਰਦੀਆਂ ਪੁਲਸੀ ਧਾੜਾਂ ਜਦੋਂ ਚਾਹੁਣ, ਜਿੱਥੇ ਚਾਹੁਣ ਜਿਵੇਂ ਚਾਹੁਣ ਪੰਚਾਂ ਤੇ ਸਰਪੰਚਾਂ 'ਤੇ ਜਬਰ ਦਾ ਕੁਹਾੜਾ ਚਲਾਉਣ ਤੋਂ ਨਹੀਂ ਝਿਜਕਦੀਆਂ । ਸੀਤਾ ਰਾਮ ਤੇ ਸੁਮੇਧ ਸੈਣੀ ਵਰਗੇ ਜਬਰ ਪੁਲਿਸ ਅਫਸਰ ਤਾਂ ਅਪੀਲ ਕਰਨ ਗਏ ਪੰਚਾਂ-ਸਰਪੰਚਾਂ ਨੂੰ ਵੀ ਲੰਮਾ ਪਾ ਕੇ ਕੁੱਟਣ ਤੱਕ ਜਾਂਦੇ ਹਨ । ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਮਨੋਬਲ ਤੋੜਨ ਲਈ ਤੇ ਉਨ੍ਹਾਂ ਦੇ ਸਵੈ-ਮਾਣ ਨੂੰ ਜ਼ੀਰੋ ਕਰਨ ਲਈ 70 ਸਾਲਾ ਦੇ ਬਜ਼ੁਰਗ ਸਰਪੰਚਾਂ ਨੂੰ ਵੀ ਨਹੀਂ ਬਖਸ਼ਿਆ ਗਿਆ । ਪੁਲਿਸ ਵੱਲੋਂ ਪੰਚਾਂ ਸਰਪੰਚਾਂ 'ਤੇ ਢਾਹੇ ਜਾ ਰਹੇ ਇਸ ਜਬਰ ਦਾ ਇੱਕੋ-ਇੱਕ ਮੰਤਵ ਇਹ ਹੁੰਦਾ ਹੈ ਕਿ ਉਹ ਪੁਲਿਸ ਦੀਆਂ ਮਨਮਾਨੀਆਂ ਕਰਨ ਵਿੱਚ ਰੋਕ ਨਾ ਬਣਨ । ਪਰ ਜੇ ਪੰਚਾਂ ਸਰਪੰਚਾਂ ਨੂੰ ਆਪਣੇ ਪਿੰਡ ਦੇ ਨੌਜਵਾਨਾਂ ਨੂੰ ਕੋਹੇ ਜਾਂਦੇ ਦੇਖ ਕੇ ਬੋਲਣ ਦੀ ਵੀ ਆਗਿਆ ਨਹੀਂ ਤਾਂ ਉਨ੍ਹਾਂ ਨੇ ਇਹੋ ਜਿਹੀ ਪੰਚੀ-ਸਰਪੰਚੀ ਨੂੰ ਚੱਟਣਾ ਹੈ । ਪੁਲਿਸ ਅਫਸਰ ਚਾਹੁੰਦੇ ਹਨ ਕਿ ਉਹ ਨਾ ਸਿਰਫ਼ ਉਨ੍ਹਾਂ ਦੀ ਈਨ ਮੰਨਣ ਸਗੋਂ ਉਹ ਖਾੜਕੂਆਂ ਵਿਰੁੱਧ ਪੁਲਿਸ ਦੀ ਟਾਊਟੀ ਵੀ ਕਰਨ । ਇਨ੍ਹਾਂ ਹਾਲਤਾਂ ਵਿੱਚ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਸੈਂਕੜੇ ਪਿੰਡਾਂ ਦੇ ਪੰਚਾਂ ਸਰਪੰਚਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣ ਦਾ ਐਲਾਨ ਕੀਤਾ ਹੈ ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਇਸ ਗੱਲੋਂ ਵਧਾਈ ਦੇ ਹੱਕਦਾਰ ਹਨ, ਜਿਨ੍ਹਾਂ ਸਿੱਖ ਨੌਜਵਾਨਾਂ 'ਤੇ ਢਾਹੇ ਜਾ ਰਹੇ ਜਬਰ ਤੇ ਪੰਚਾਂ, ਸਰਪੰਚਾਂ ਦੇ ਹੋ ਰਹੇ ਅਪਮਾਨ ਵਿਰੁੱਧ ਅਸਤੀਫ਼ੇ ਦੇਣ ਦੀ ਮੁਹਿੰਮ ਵਿੱਢੀ ਹੈ । ਪੰਜਾਬ ਦੇ ਮੌਜੂਦਾ ਮਾਹੌਲ 'ਚ ਇਹ ਕੌਮ ਦੀ ਲਾਜ ਬਚਾਉਣ ਦੀ ਇੱਕ ਚੰਗੀ ਕਾਰਵਾਈ ਹੈ । ਅਸਤੀਫ਼ੇ ਦੇਣ ਵਾਲੇ ਪੰਡਚ, ਸਰਪੰਚ ਵੀ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਨੇ ਆਪਣੇ ਅਹੁਦਿਆਂ ਨੂੰ ਲੱਤ ਮਾਰ ਕੇ ਕੌਮ ਨਾਲ ਵਫ਼ਾ ਪਾਲੀ ਹੈ ।

ਮੌਜੂਦਾ ਮਾਹੌਲ ਵਿੱਚ ਅਸਤੀਫ਼ੇ ਦੇਣ ਦੀ ਮੁਹਿੰਮ ਦੀ ਵੱਡੀ ਅਹਿਮੀਅਤ ਹੈ । ਇਉਂ ਕਰਕੇ ਜਿੱਥੇ ਭਾਰਤੀ ਹਾਕਮਾਂ ਦੇ ਇਸ ਕੂੜਦ ਦਾ ਦਿਵਾਲਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਅੰਦਰ ਕੋਈ ਜਮਹੂਰੀ ਤਾਣਾ-ਬਾਣੀ ਕਾਇਮ ਹੈ ਉੱਥੇ ਨਾਲ ਹੀ ਮੌਜੂਦਾ ਸਿਆਸੀ ਤਾਣੇ-ਬਾਣੇ ਦਾ ਵਸਤਾ ਵੱਢਣ ਵੱਲ ਵੀ ਅਹਿਮ ਕਦਮ ਪੁੱਟਿਆ ਜਾ ਸਕਦਾ ਹੈ । ਇਹ ਹੀ ਕਾਰਨ ਹੈ ਕਿ ਭਾਰਤੀ ਹਾਕਮ ਤੇ ਉਨ੍ਹਾਂ ਦੇ ਪੈਰੋਕਾਰ ਪੱਤਰਕਾਰਾਂ ਨੂੰ ਇਹ ਮੁਹਿੰਮ ਬਹੁਤ ਖ਼ਤਰਨਾਕ ਲੱਗ ਰਹੀ ਹੈ । ਪੰਚਾਂ ਤੇ ਸਰਪੰਚਾਂ ਵੱਲੋਂ ਅਸਤੀਫ਼ੇ ਦੇਣ ਦੀ ਮੁਹਿੰਮ ਨੂੰ ਹੋਰ ਵਿਸ਼ਾਲ ਬਣਾਉਣ ਲਈ ਪੰਜਾਬ ਤੇ ਸਿੱਖ ਪੱਖੀ ਸਾਰੀਆਂ ਧਿਰਾਂ ਨੂੰ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ ।

''ਪਾਪ ਕੀ ਜੰਞ''-ਜੋ ਹੁਣ ਕਾਬਲ ਤੋਂ ਨਹੀਂ ਦਿੱਲੀ ਤੋਂ ਆਈ ਹੈ-ਦੇ ਖਿਲਾਫ ਜਦੋ-ਜਹਿਦ ਕਰਨ ਲਈ ਅਕਾਲੀ ਆਗੂ ਲੋਕਾਂ ਦੀਆਂ ਆਸਾਂ 'ਤੇ ਪੂਰੇ ਨਹੀਂ ਉੱਤਰ ਸਕੇ ਤਾਂ ਭਾਰਤੀ ਕਿਸਾਨ ਯੂਨੀਅਨ ਨੇ ਪੰਜਾਬ ਨੇ ਲੋਕਾਂ ਦੀ ਬਾਂਹ ਫੜੀ ਐ । ਕਿਸਾਨਾਂ ਨੇ ਕਿਸਾਨ ਆਗੂ ਅਮਰ ਸਿੰਘ ਕੱਟੂ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਅਤੇ ਸੁਰਮੁੱਖ ਸਿੰਘ ਸੇਲਬਰਾਹ ਦੀ ਰਿਹਾਈ ਲਈ ਜਿਸ ਨੇ ਤਲਾਸ਼ੀਆਂ ਖਿਲਾਫ ਬਗਾਵਤ ਕਰਨ 'ਚ ਲੋਕਾਂ ਦੀ ਅਗਵਾਈ ਕੀਤੀ ਸੀ, ਤੇ ਸਿੱਖ ਜਵਾਨੀ ਦੇ ਕਤਲੇਆਮ ਨੂੰ ਰੋਕਣ ਲਈ 11 ਨਵੰਬਰ ਨੂੰ ਸੰਗਰੂਰ ਵਿਖੇ ਰੈਲੀ ਰੱਖੀ । ਪਰ ਸਰਕਾਰ ਨੂੰ ਇਸ ਕਿਸਾਨ ਇਕੱਠ ਤੋਂ ਵੀ ''ਭਾਰਤ ਦੀ ਏਕਤਾ'' ਨੂੰ ਖਤਰਾ ਖੜ੍ਹਾ ਹੁੰਦਾ ਲੱਗਿਆ । ਕਿਉਂਕਿ ਉਹ 10 ਸਤੰਬਰ ਦੀ ਚੰਡੀਗੜ੍ਹ ਰੈਲੀ 'ਚ ਕਿਸਾਨ ਬੁਲਾਰਿਆਂ ਦੇ ਬਾਗੀ ਵਿਚਾਰ ਸੁਣ ਚੁੱਕੇ ਸਨ । ਸੋ ਬਿਨਾਂ ਕਿਸੇ ਅਗਾਊਂ ਜਾਣਕਾਰੀ ਦੇ ਸਾਰੇ ਰਸਤਿਆਂ 'ਤੇ ਰੋਕਾਂ ਲਾ ਦਿੱਤੀਆਂ ਗਈਆਂ । ਕਿਸਾਨ ਵੀ ਆਪਣੇ ਇਰਾਦੇ 'ਤੇ ਦ੍ਰਿੜ ਸਨ ਸੋ ਸੰਗਰੂਰ-ਬਠਿੰਡਾ ਅਤੇ ਸੰਗਰੂਰ ਲੁਧਿਆਣਾ ਸੜਕਾਂ ਜਾਮ ਕਰ ਦਿੱਤੀਆਂ ਗਈਆਂ । ਦਾਣਾ ਮੰਡੀ 'ਚ ਵੀ ਕਿਸਾਨ ਤਿੰਨ ਹਜ਼ਾਰ ਤੋਂ ਵੱਧ ਗਿਣਤੀ 'ਚ ਪੁੱਜਣ 'ਚ ਸਫਲ ਹੋ ਗਏ । ਕਿਸਾਨ ਆਗੂਆਂ ਸ. ਅਜਮੇਰ ਸਿੰਘ ਲੱਖੋਵਾਲ, ਗੁਰਬਚਨ ਸਿੰਘ ਭਾਮੀਆਂ ਆਦਿ ਨੇ ਐਲਾਨ ਕੀਤਾ ਕਿ ਗੱਲ ਹੁਣ ਜਿਣਸਾਂ ਦੇ ਭਾਵਾਂ 'ਤੇ ਨਹੀਂ ਰੁਕੇਗੀ ਹੁਣ ਆਜ਼ਾਦੀ ਤੋਂ ਬਿਨਾਂ ਨਹੀਂ ਸਰਨਾ । ਕਿਉਂਕਿ ਸਾਨੂੰ ਸ਼ਾਂਤਮਈ ਰੈਲੀਆਂ ਕਰਨ ਤੋਂ ਵੀ ਰੋਕਿਆ ਜਾ ਰਿਹਾ ਹੈ । ਉਨ੍ਹਾਂ ਨੇ ਸਰਕਾਰ ਨੂੰ ਦੂਜੇ ਦੇਸ਼ਾਂ 'ਚ ਖਾਸ ਕਰਕੇ ਰੂਸ 'ਚ ਬਦਲ ਰਹੇ ਹਾਲਤਾਂ ਤੋਂ ਸਿੱਖਣ ਲਈ ਕਿਹਾ । ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਸਾਬਕਾ ਜੱਜ ਸ. ਅਜੀਤ ਸਿੰਘ ਬੈਂਸ ਹੁਰਾ ਨੇ ਕਿਸਾਨੀ ਨੂੰ ਲੜਾਈ ਅੱਗੇ ਤੋਰਨ ਦੀ ਵਧਾਈ ਦਿੰਦਿਆਂ ਸਾਰੀਆਂ ਜਥੇਬੰਦੀਆਂ ਅਤੇ ਲੋਕਾਂ ਨੂੰ ਮੈਦਾਨ 'ਚ ਨਿੱਤਰਨ ਦਾ ਸੱਦਾ ਦਿੱਤਾ ਤੇ ਕਿਹਾ ਕਿ ਲੋਕ ਤਾਕਤ ਹੀ ਜਬਰ ਨੂੰ ਠੱਲ ਪਾ ਸਕਦੀ ਹੈ । ਦੇਸ ਪੰਜਾਬ ਸਟੂਡੈਂਟਸ ਯੂਨੀਅਨ ਦੇ ਬੁਲਾਰੇ ਨੇ ਸਰਕਾਰ ਵਲੋਂ ਲਾਈਆਂ ਰੋਕਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਰੋਕਾਂ ਸਾਡੇ ਮਨਾਂ 'ਚ ਇਸ ਰਾਏ ਨੂੰ ਹੋਰ ਪੱਕਾ ਕਰਦੀਆਂ ਹਨ ਕਿ ਅਸੀਂ ਭਾਰਤ 'ਚ ਗੁਲਾਮ ਹਾਂ । ਸੋ ਨਿਬੇੜਾ ਅਜ਼ਾਦੀ ਨਾਲ ਹੀ ਹੋਵੇਗਾ । ਸੋ ਸਾਰੇ ਲੋਕਾਂ ਨੂੰ ਦੁਚਿੱਤੀ ਤਿਆਗ ਕੇ ਸੰਘਰਸ਼ 'ਚ ਆਪਣਾ ਰੋਲ ਤਹਿ ਕਰਕੇ ਅਜ਼ਾਦੀ ਜੰਗ 'ਚ ਸ਼ਾਮਲ ਹੋਣਾ ਚਾਹੀਦਾ ਹੈ । ਉਨ੍ਹਾਂ ਸੇਲਬਰਾਹ ਦੇ ਕਿਸਾਨਾਂ ਦੀ ਪਰ ਸੰਸਾ ਕਰਦਿਆਂ ਕਿਸਾਨਾਂ ਨੂੰ ਸਦਾ ਦਿਤਾ ਹੈ ਕਿ ਉਹ ਇਸ ਘਟਨਾ ਤੋਂ ਪਰੇਰਣਾ ਲੈ ਕੇ ਪਿੰਡਾਂ 'ਚ ਤਲਾਸ਼ੀਆਂ ਸਮੇਂ ਸੁਰਖਿਆ ਦਸਤਿਆਂ ਨੂੰ ਸਹਿਯੋਗ ਨਾ ਦੇਣ । ਰੈਲੀ ਤੋਂ ਜ਼ਾਮਦ ਰੋਹ ਭਰਿਆ ਮੁਜ਼ਾਹਰਾ ਕੀਤਾ ਗਿਆ ।

## ਪੈਗ਼ਾਮ ਗਰੁੱਪ ਦੀਆਂ ਹਦਾਇਤਾਂ ਦੀ ਉਲੰਘਣਾ ਸੰਬੰਧੀ ਜ਼ਰੂਰੀ ਫੈਸਲਾ

ਅਸੀਂ ਪਿਛਲੇ ਅੰਕਾਂ 'ਚ ਨਸ਼ਿਆਂ ਸੰਬੰਧੀ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ ਅਤੇ ਉਨ੍ਹਾਂ ਦੀ ਵਿਆਖਿਆ ਵੀ ਕੀਤੀ ਸੀ । ਅਸੀਂ ਨਵੇਂ ਸਮਾਜ ਦੀ ਉਸਾਰੀ ਲਈ ਹੁਣੇ ਤੋਂ ਕੁਝ ਇਖਲਾਕੀ ਮਿਆਰ ਕਾਇਮ ਕਰਨ ਲਈ ਦ੍ਰਿੜ ਹਾਂ । ਸੋ ਇਸ ਮਾਮਲੇ 'ਤੇ ਕਿਸੇ ਤਰ੍ਹਾਂ ਦੀ ਛੋਟ ਨਹੀਂ ਦਿੱਤੀ ਜਾ ਸਕਦੀ । ਸਾਡੇ ਧਿਆਨ 'ਚ ਇਹ ਗੱਲ ਆਈ ਹੈ ਕਿ ਕੁਝ ਕਾਰਕੁੰਨ ਅਜੇ ਵੀ ਨਸ਼ਿਆਂ ਦੀ ਵਰਤੋਂ ਜਾਰੀ ਰੱਖ ਰਹੇ ਹਨ । ਉਹਨਾਂ ਨਾਲ ਕਈ ਵਾਰ ਗੱਲ ਕਰਨ ਅਤੇ ਬਾਰ ਬਾਰ ਸਮਝਾਣ ਦੇ ਬਾਵਜੂਦ ਉਹ ਹਦਾਇਤਾਂ ਦੀ ਲਗਾਤਾਰ ਉਲੰਘਣਾ ਕਰ ਰਹੇ ਹਨ । ਗਲਤ ਆਦਤਾਂ ਦੇ ਗੁਲਾਮ ਇਹਨਾਂ ਕਾਰਕੁੰਨਾ ਨੂੰ ਅਸੀਂ ਇੱਕ ਵਾਰ ਫਿਰ ਆਖਰੀ ਅਪੀਲ ਕਰ ਰਹੇ ਹਾਂ ਕਿ ਜੇਕਰ ਉਹ ਆਪਣੀ ਗਲਤੀ ਦਾ ਅਹਿਸਾਸ ਕਰਦੇ ਹਨ ਤਾਂ ਉਹ ਜਨਵਰੀ ਅੰਕ ਰਾਹੀਂ ਆਪਣੇ ਇਹ ਅਹਿਸਾਸ ਪਾਠਕਾਂ ਨਾਲ ਸਾਂਝੇ ਕਰਨ । ਜੇ ਉਹ ਆਪਣੀਆਂ ਆਦਤਾਂ ਤੋਂ ਮਜਬੂਰ ਹਨ ਤਾਂ ਸਾਡੀ ਉਹਨਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਸਵੈ-ਮਰਜ਼ੀ ਨਾਲ ਹੀ ਸਾਡੇ ਨਾਲੋਂ ਤੋੜ-ਵਿਛੋੜਾ ਕਰ ਲੈਣ । ਅਸੀਂ 20 ਦਸੰਬਰ ਤੱਕ ਉਹਨਾਂ ਦੇ ਹੁੰਗਾਰੇ ਦੀ ਉਡੀਕ ਕਰਾਂਗੇ । ਜੇਕਰ ਉਹਨਾਂ ਨੇ 20 ਦਸੰਬਰ ਤੱਕ ਸਾਨੂੰ ਆਪਣੇ ਵਿਚਾਰਾਂ ਤੋਂ ਜਾਣੂ ਨਾ ਕਰਾਇਆ ਤਾਂ ਅਸੀਂ ਆਪਣੇ ਵਲੋਂ ਹੀ ਉਹਨਾਂ ਨਾਲੋਂ ਤੋੜ-ਵਿਛੋੜਾ ਕਰਨ ਦਾ ਐਲਾਨ ਕਰਨ ਲਈ ਮਜਬੂਰ ਹੋਵਾਂਗੇ ।

## ਬਾਸਰਕੇ ਭੈਣੀ ਕਾਂਡ

# ਪੁਲਸ ਦੀ ਸ਼ਹਿ 'ਤੇ ਪੁਲਸ ਦੇ ਹਥਿਆਰਾਂ ਨਾਲ ਦੋ ਖਾੜਕੂਆਂ ਦਾ ਪਰਿਵਾਰ ਕਤਲ

21 ਨਵੰਬਰ ਨੂੰ ਰਾਤ ਦੇ ਨੌ ਵਜੇ ਇੱਕ ਕਾਤਲੀ ਗਰੋਹ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਭੈਣੀ ਪਿੰਡ ਵਿੱਚ ਸ: ਮਹਿੰਦਰ ਸਿੰਘ ਦੇ ਘਰ 'ਤੇ ਹਮਲਾ ਕਰਕੇ 18 ਜੀਅ ਮਾਰ ਦਿੱਤੇ। ਇਨ੍ਹਾਂ ਵਿੱਚ 10 ਮਰਦ, 5 ਔਰਤਾਂ ਅਤੇ ਤਿੰਨ ਬੱਚੇ ਸ਼ਾਮਲ ਸਨ। ਸ: ਮਹਿੰਦਰ ਸਿੰਘ, ਖਾਲਿਸਤਾਨ ਕਮਾਂਡੋ ਫੋਰਸ (ਜ਼ਫਰਵਾਲ) ਦੇ ਭਾਈ ਜਾਗੀਰ ਸਿੰਘ ਬਾਸਰਕੇ ਅਤੇ ਭਾਈ ਸੁਖਦੇਵ ਸਿੰਘ ਬਾਸਰਕੇ ਦੇ ਪਿਤਾ ਸਨ। ਸ: ਮਹਿੰਦਰ ਸਿੰਘ ਨੇ ਆਪਣੇ ਤੀਜੇ ਲੜਕੇ ਗੁਰਮੇਜ ਸਿੰਘ ਦਾ ਵਿਆਹ ਰੱਖਿਆ ਹੋਇਆ ਸੀ। ਅਗਲੇ ਦਿਨ ਜੰਞ ਚੜ੍ਹਨੀ ਸੀ। ਰਾਤ ਵਿਆਹ ਦੀਆਂ ਖੁਸ਼ੀਆਂ ਹੋ ਰਹੀਆਂ ਸਨ। ਦੋਸਤ ਮਿੱਤਰ ਅਤੇ ਰਿਸ਼ਤੇਦਾਰ ਇਕੱਠੇ ਹੋਏ ਹੋਏ ਸਨ। ਪੰਜ ਜਣਿਆਂ ਦਾ ਗਰੋਹ ਗੰਦੀਆਂ ਗਾਲਾਂ ਕੱਢਦਾ ਅਤੇ ਲਲਕਾਰੇ ਮਾਰਦਾ ਆਇਆ ਤੇ ਅੰਨ੍ਹੇਵਾਹ ਗੋਲੀ ਚਲਾਉਣ ਲੱਗ ਪਿਆ। ਉਨ੍ਹਾਂ ਨੇ ਇੱਕ ਕਮਰੇ ਵਿੱਚ ਲੁਕੀਆਂ ਤਿੰਨ ਔਰਤਾਂ ਤੇ ਦੋ ਛੋਟੇ-ਛੋਟੇ ਬੱਚਿਆਂ ਨੂੰ ਵੀ ਨਾ ਬਖਸ਼ਿਆ।

ਇਸ ਵਹਿਸ਼ੀ ਕਤਲੇਆਮ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਭਾਈ ਜਾਗੀਰ ਸਿੰਘ ਬਾਸਰਕੇ ਦਾ ਪਿਤਾ ਮਹਿੰਦਰ ਸਿੰਘ, ਭਰਾ ਜਸਬੀਰ ਸਿੰਘ, ਭਤੀਜੀ ਹਰਜੀਤ ਕੌਰ, ਆਪਣਾ ਲੜਕਾ ਬਿਕਰਮਜੀਤ ਸਿੰਘ, ਮਾਮਾ ਇੰਦਰ ਸਿੰਘ, ਮਾਮੇ ਦੀ ਧੀ ਸਰਬਜੀਤ, ਚਾਚਾ ਸਰੂਪ ਸਿੰਘ ਚਾਚੀ ਸਵਿੰਦਰ ਕੌਰ, ਚਾਚੇ ਦੀ ਧੀ ਪਲਵਿੰਦਰ ਆਦਿ ਸ਼ਾਮਲ ਸਨ। ਜਿਨ੍ਹਾਂ ਲੋਕਾਂ ਨੇ ਅਗਲੇ ਦਿਨ ਬਰਾਤ ਵਿੱਚ ਸ਼ਾਮਲ ਹੋਣਾ ਸੀ, ਹੁਣ ਉਹ ਅਠਾਰਾਂ ਲਾਸ਼ਾਂ ਨੂੰ ਮੜ੍ਹੀਆਂ ਵੱਲ ਲਿਜਾ ਰਹੇ ਸਨ।

ਖਾੜਕੂ ਸਿੰਘਾਂ ਦੇ ਪਰਿਵਾਰਾਂ 'ਤੇ ਇਹ ਪਹਿਲਾ ਹਮਲਾ ਨਹੀਂ। ਇਸ ਤੋਂ ਪਹਿਲਾਂ ਬਦਨਾਮ ਨਿਹੰਗ ਪੂਹਲੇ ਨੇ ਭਾਈ ਜੋਗਾ ਸਿੰਘ ਖਾਨਪੁਰ ਦਾ ਪਰਿਵਾਰ ਖਤਮ ਕਰ ਦਿੱਤਾ ਸੀ। ਇਸੇ ਤਰ੍ਹਾਂ ਚੰਡੀਗੜ੍ਹ ਦੇ ਐਸ.ਐਸ.ਪੀ. ਸੁਮੇਧ ਸੈਣੀ ਨੇ ਭਾਈ ਬਲਵਿੰਦਰ ਸਿੰਘ ਜਟਾਣੇ (ਬੱਬਰ ਖਾਲਸਾ) ਦੇ ਪਰਿਵਾਰ ਨੂੰ ਕਤਲ ਕਰਵਾ ਦਿੱਤਾ ਸੀ। ਕਾਤਲਾਂ ਦੇ ਨਾਵਾਂ ਦੀ ਅਖ਼ਬਾਰਾਂ ਵਿੱਚ ਪੂਰੀ ਚਰਚਾ ਹੋਈ ਸੀ। ਇੱਥੋਂ ਤੱਕ ਕਿ ਇੱਕ ਪੁਲਸ ਅਧਿਕਾਰੀ ਨੇ ਪੰਜਾਬ ਦੇ ਗਵਰਨਰ ਨੂੰ ਭਾਈ ਬਲਵਿੰਦਰ ਸਿੰਘ ਜਟਾਣੇ ਦੇ ਪਰਿਵਾਰ ਦੇ ਕਤਲ ਨਾਲ ਸਬੰਧਤ ਸਾਰੇ ਤੱਥ ਪੇਸ਼ ਕਰ ਦਿੱਤੇ ਸਨ ਪਰ ਸਰਕਾਰ ਨੇ ਖਾੜਕੂ ਸਿੰਘਾਂ ਦੇ ਪਰਿਵਾਰਾਂ ਦੇ ਕਾਤਲਾਂ ਨੂੰ ਹੱਥ ਨਾ ਪਾਇਆ। ਕਾਤਲ ਅੱਜ ਵੀ ਸ਼ਰੇਆਮ ਦਨ-ਦਨਾਉਂਦੇ ਫਿਰਦੇ ਹਨ।

***ਕਾਤਲ ਕੌਣ ਸਨ ? :*** ਭਾਈ ਜਗੀਰ ਸਿੰਘ ਬਾਸਰਕੇ ਅਤੇ ਭਾਈ ਸੁਖਦੇਵ ਸਿੰਘ ਬਾਸਰਕੇ ਦੇ ਪਰਿਵਾਰ ਨੂੰ ਕਤਲ ਕਰਨ ਵਾਲੇ ਕੌਣ ਸਨ ? ਇਹ ਅੰਮ੍ਰਿਤਸਰ ਜ਼ਿਲ੍ਹੇ ਦੇ ਪੁਲਸ ਅਧਿਕਾਰੀਆਂ ਦੇ ਪਾਲਤੂ ਸਨ। ਇਨ੍ਹਾਂ ਨੂੰ ਪੁਲਸ ਦੀ ਸਿਰਫ ਸ਼ਹਿ ਹੀ ਨਹੀਂ ਸੀ, ਇਨ੍ਹਾਂ ਕੋਲ ਹਥਿਆਰ ਵੀ ਪੁਲਸ ਦੇ ਹੀ ਸਨ। ਲੁਕ-ਛਿਪ ਕੇ ਜਾਨ ਬਚਾਉਣ ਵਾਲੇ ਪਰਿਵਾਰ ਦੇ ਇੱਕ ਮੈਂਬਰ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚ ਪੁਲਸ ਦਾ ਇੱਕ ਸਿਪਾਹੀ ਵੀ ਸ਼ਾਮਲ ਸੀ। ਇਨ੍ਹਾਂ ਦੀ ਅਗਵਾਈ ਬਾਸਰਕੇ ਪਿੰਡ ਦਾ ਹੀ ਇੱਕ ਦੁਸ਼ਟ ''ਪਿਆਰਾ ਗਿਆਨੀ'' ਕਰ ਰਿਹਾ ਸੀ। ''ਪਿਆਰੇ'' ਦਾ ਕਿਸੇ ਗੱਲੋਂ ਜਾਗੀਰ ਸਿੰਘ ਦੇ ਪਰਿਵਾਰ ਨਾਲ ਨਿੱਜੀ ਕਿਸਮ ਦਾ ਝਗੜਾ ਚੱਲ ਰਿਹਾ ਸੀ। ਪੁਲਸ ਨੇ ਇਸ ਝਗੜੇ ਨੂੰ ਵਰਤਦਿਆਂ ਹੋਇਆਂ ਉਸਨੂੰ ਆਪਣਾ ਟਾਊਟ ਬਣਾ ਲਿਆ। ''ਪਿਆਰੇ ਗਿਆਨੀ'' ਨੇ ਜਗੀਰ ਸਿੰਘ ਬਾਸਰਕੇ ਤੇ ਸੁਖਦੇਵ ਸਿੰਘ ਬਾਸਰਕੇ ਨੂੰ ਕਈ ਵਾਰ ਪੁਲਸ ਨੂੰ ਫੜਵਾਇਆ ਸੀ। ਪੁਲਸ ਦੀ ਵਾਰ-ਵਾਰ ਕੁੱਟ ਤੋਂ ਬਚਣ ਲਈ ਦੋਵੇਂ ਭਰਾ ਕਮਾਂਡੋ ਫੋਰਸ ਵਿੱਚ ਸ਼ਾਮਲ ਹੋ ਗਏ।

ਪੁਲਸ ਨੇ ਪਿਆਰੇ ਨੂੰ ਛੇਹਰਟੇ ਕਸਬੇ ਵਿੱਚ ਮਕਾਨ ਲੈ ਦਿੱਤਾ। ਛੇ ਹਥਿਆਰ ਇੱਕ ਐਸ.ਐਲ.ਆਰ, ਤਿੰਨ ਥਰੀ ਨਾਟ ਥਰੀ ਦੀਆਂ ਰਾਈਫਲਾਂ, ਇੱਕ ਡਬਲ ਐਕਸ਼ਨ ਰਾਈਫਲ ਅਤੇ ਇੱਕ ਡੀ.ਬੀ.ਬੀ.ਐਲ ਦੇ ਦਿੱਤੀ। ਇੱਥੇ ਹੀ ਬੱਸ ਨਹੀਂ ਉਸ ਦੀ ਰਾਖੀ ਲਈ ਇੱਕ ''ਪੁਲਸ ਐਸਕਾਰਟ'' ਵੀ ਦੇ ਦਿੱਤੀ।

ਇਸ ਦੇ ਨਾਲ ਹੀ ਪੁਲਸ ਅਧਿਕਾਰੀਆਂ ਨੇ ਉਸ ਨੂੰ ''ਅਤਵਾਦ ਦੇ ਖਿਲਾਫ ਇੱਕ ਯੋਧੇ'' ਵਜੋਂ ਸ਼ਿੰਗਾਰਨਾ ਸ਼ੁਰੂ ਕਰ ਦਿੱਤਾ। ਜ਼ਿਲ੍ਹਾ ਅਧਿਕਾਰੀਆਂ ਨੇ ਉਸ ਨੂੰ ਸਰਕਾਰੀ ਤੌਰ 'ਤੇ ਸਨਮਾਨਤ ਕੀਤਾ। ਕੁੱਝ ਦਿਨ ਪਹਿਲਾਂ ਹੀ ਉਸ ਨੂੰ ਟੈਲੀਵੀਜ਼ਨ 'ਤੇ ਸਾਰੇ ਦੇਸ਼ ਦੇ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ਸੀ।

ਸ਼ੁਰੂ ਵਿੱਚ ਪੁਲਸ ਨੇ ਇਸ ਘਟਨਾ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ। ਪੁਲਸ ਦੇ ਕੰਟਰੋਲ ਰੂਮ ਤੋਂ ਹਰ ਰੋਜ਼ ਵਾਪਰਨ ਵਾਲੀਆਂ ਘਟਨਾਵਾਂ ਦੀ ਜਾਣਕਾਰੀ ਪ੍ਰੈਸ ਲਈ ਜਾਰੀ ਕੀਤੀ ਜਾਂਦੀ ਹੈ ਪਰ ਪੁਲਸ ਵਾਲੇ ਇਸ ਘਟਨਾ ਨੂੰ ਦੱਬ ਗਏ। ਪੁਲਸ ਵਾਲੇ ਚਾਹੁੰਦੇ ਸਨ ਕਿ ਪੱਤਰਕਾਰ ਮੌਕੇ 'ਤੇ ਪਹੁੰਚ ਕੇ ਪੜਤਾਲ ਕਰਕੇ ਪੁਲਸ ਦੇ ਰੋਲ ਦਾ ਭਾਂਡਾ ਨਾ ਭੰਨ ਦੇਣ। ਜਦੋਂ ਪਿੰਡ ਵਾਲਿਆਂ ਨੇ ਆਪ ਪੱਤਰਕਾਰਾਂ ਕੋਲ ਪਹੁੰਚ ਕੇ ਕਤਲੇਆਮ ਦੀ ਸੂਚਨਾ ਦੇ ਦਿੱਤੀ ਤਾਂ ਹੀ ਪੁਲਸ ਅਧਿਕਾਰੀਆਂ ਨੇ ਝੂਠੀਆਂ ਸਫਾਈਆਂ ਦਿੰਦਿਆਂ ਹੋਇਆਂ ਕਤਲੇਆਮ ਦੀ ਇਸ ਘਟਨਾ ਦਾ ਸਰਕਾਰੀ ਪੱਖ ਪੇਸ਼ ਕੀਤਾ।

***ਖਾੜਕੂਆਂ ਦੇ ਪਰਿਵਾਰਾਂ ਦੇ ਕਤਲ ਕਿਉਂ ? :*** ਗੁੰਡਾ ਗਿਰੋਹ ਪਾਲ ਕੇ ਖਾੜਕੂਆਂ 'ਤੇ ਹਮਲੇ ਕਰਵਾਉਣ ਦੀ ਨੀਤੀ ਪੁਲਸ ਨੇ ਰਿਬੇਰੋ ਤੇ ਗਿੱਲ ਦੇ ਸਮੇਂ ਸ਼ੁਰੂ ਕੀਤੀ ਸੀ। ਇਸੇ ਨੀਤੀ ਤਹਿਤ ਅੰਮ੍ਰਿਤਸਰ ਦੇ ਸਾਬਕਾ ਐਸ.ਐਸ.ਪੀ. ਇਜ਼ਹਾਰ ਆਲਮ ਨੇ ''ਆਲਮ ਸੈਨਾ'' ਖੜੀ ਕੀਤੀ ਸੀ। ਇਸੇ ਨੀਤੀ ਤਹਿਤ ਸੁਮੇਧ ਸੈਣੀ ਤੇ ਗੋਬਿੰਦ ਰਾਮ ਨੇ ''ਪੂਹਲੇ ਨਿਹੰਗ'' ਨੂੰ ਪਾਲਿਆ ਸੀ। ਇਸ ਦਾ ਵਿਸਥਾਰ ਜਾਨਣ ਲਈ ਦੇਸ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਦੋ ਕੁ ਸਾਲ ਪਹਿਲਾਂ ਜਾਰੀ ਕੀਤਾ ਗਿਆ ''ਵਾਈਟ ਪੇਪਰ'' ਦੇਖਿਆ ਜਾ ਸਕਦਾ ਹੈ। ਪੁਲਸ ਵਲੋਂ ਗੁੰਡਾ ਗਿਰੋਹ ਪਾਲਣ ਦੀ ਇਸ ਨੀਤੀ ਦਾ ਲੋਕਾਂ ਵਲੋਂ ਤਕੜਾ ਵਿਰੋਧ ਵੀ ਹੋਇਆ ਸੀ ਪਰ ਮੌਜੂਦਾ ਪੁਲਸ ਮੁਖੀ ਗਿੱਲ ਨੇ ਅਜਿਹੇ ਗਿਰੋਹਾਂ ਦੀ ਸ਼ਰੇਆਮ ਵਕਾਲਤ ਕੀਤੀ ਸੀ। ਉਸਨੇ ਅੰਗਰੇਜ਼ੀ ਪਰਚੇ ਇੰਡੀਆ ਟੂ-ਡੇ (15 ਸਤੰਬਰ 88) ਨਾਲ ਇੱਕ ਗੱਲਬਾਤ ਕਰਦਿਆਂ ਕਿਹਾ ਸੀ, ''ਪੰਜਾਬ ਅੰਦਰ ਸੁਰੱਖਿਆ ਦਲ ਖੁਫੀਆ ਦਸਤਿਆਂ ਤੋਂ ਬਿਨਾਂ ਕੁੱਝ ਵੀ ਨਹੀਂ ਕਰ ਸਕਦੇ। ਅਜਿਹੇ ਦਸਤਿਆਂ ਨੂੰ ਖਤਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।''

ਪਹਿਲਾਂ ਇਨ੍ਹਾਂ ਗਰੋਹਾਂ ਕੋਲੋਂ ਸਿਰਫ ਖਾੜਕੂਆਂ 'ਤੇ ਹਮਲੇ ਕਰਵਾਏ ਜਾਂਦੇ ਸਨ। ਹੁਣ ਖਾੜਕੂਆਂ ਦੇ ਪਰਿਵਾਰਾਂ ਨੂੰ ਹੀ ਖਤਮ ਕਰਵਾਇਆ ਜਾ ਰਿਹਾ ਹੈ। ਪੁਲਸ ਅਧਿਕਾਰੀ ਖਾੜਕੂ ਸਫਾਂ ਅੰਦਰ ਸ਼ਾਮਲ ਹੋ ਰਹੇ ਨਵੇਂ ਜੁਝਾਰੂਆਂ ਦੇ ਮਨਾਂ ਅੰਦਰ ਦਹਿਲ ਬੈਠਾਉਣਾ ਚਾਹੁੰਦੇ ਹਨ। ਪਰ ਇਹ ਉਨ੍ਹਾਂ ਦੀ ਬਹੁਤ ਵੱਡੀ ਭੁੱਲ ਹੈ। ਦਸਮੇਸ਼ ਪਿਤਾ ਦੀ ਗੁੜ੍ਹਤੀ ਲੈਣ ਵਾਲੇ ਪਰਿਵਾਰਾਂ ਦੀਆਂ ਕੁਰਬਾਨੀਆਂ ਦੇਣ ਤੋਂ ਕਿਵੇਂ ਝਿਜਕ ਸਕਦੇ ਹਨ ?

# ਐਸੀ ਮਰਨੀ ਜੋ ਮਰੈ

## ਰਾਦੂ ਕਾਂਡ ਦਾ ਸ਼ਹੀਦ ਭਾਈ ਦੇਵਪਾਲ ਸਿੰਘ

ਰਾਦੂ ਕਾਂਡ ਨਾਲ ਸਬੰਧਤ ਭਾਈ ਦੇਵਪਾਲ ਸਿੰਘ ਦਿੱਲੀ ਦੇ ਕਨਾਟ ਪਲੇਸ ਵਿੱਚ ਇੱਕ ਟੈਲੀਫੂਨ ਬੂਥ 'ਤੇ ਰਾਦੂ ਦੇ ਘਰ ਟੈਲੀਫੂਨ ਕਰਦੇ ਹੋਏ ਦੁਸ਼ਮਣ ਦੇ ਘੇਰੇ ਵਿੱਚ ਆ ਗਏ । ਦਿੱਲੀ ਦੀਆਂ ਦੋ ਅਖ਼ਬਾਰਾਂ ਟਾਈਮਜ਼ ਆਫ ਇੰਡੀਆ ਅਤੇ ਇਕਨਾਮਿਕ ਟਾਈਮਜ਼ ਨੇ ਲਿਖਿਆ ਹੈ ਕਿ ਘੇਰੇ ਵਿੱਚ ਆਉਣ ਸਮੇਂ ਉਹ ਰਾਦੂ ਦੀ ਪਤਨੀ ਕੋਲੋਂ ਕੁੱਝ ਦਵਾਈਆਂ ਸਬੰਧੀ ਜਾਣਕਾਰੀ ਹਾਸਲ ਕਰ ਰਹੇ ਸਨ । ਭਾਈ ਸਾਹਿਬ ਚਾਹੁੰਦੇ ਸਨ ਕਿ ਜਿੰਨਾ ਚਿਰ ਰਾਦੂ ਉਨ੍ਹਾਂ ਕੋਲ ਰਹੇ ਪੂਰੀ ਤਰ੍ਹਾਂ ਤੰਦਰੁਸਤ ਰਹੇ । ਕਿਤੇ ਰਾਦੂ ਦੀ ਦਿਲ ਦੀ ਬਿਮਾਰੀ ਗੰਭੀਰ ਸ਼ਕਲ ਨਾ ਅਖਤਿਆਰ ਕਰ ਜਾਵੇ । ਇਸ ਤਰ੍ਹਾਂ ਉਨ੍ਹਾਂ ਨੇ ਰਾਦੂ ਦੀ ਜਾਨ ਨੂੰ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ । ਰਾਦੂ ਦੀ ਜ਼ਿੰਦਗੀ ਪ੍ਰਤੀ ਭਾਈ ਦੇਵਪਾਲ ਸਿੰਘ ਵਲੋਂ ਦਿਖਾਈ ਗਈ ਚਿੰਤਾ ਅਤੇ ਭਾਰਤੀ ਹਾਕਮਾਂ ਵਲੋਂ ਦਿਖਾਈ ਗਈ ਲਾਪ੍ਰਵਾਹੀ ਵਿੱਚ ਕਿੰਨਾ ਵੱਡਾ ਅੰਤਰ ਹੈ ।

ਭਾਈ ਦੇਵਪਾਲ ਸਿੰਘ ਦਾ ਜਨਮ 25 ਮਾਰਚ 1970 ਨੂੰ ਸ: ਬਲਬੀਰ ਸਿੰਘ ਦੇ ਘਰ ਹੋਇਆ । ਆਪਣੀ 20-21 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿਚ ਇੱਹ ਹੋਣਹਾਰ ਨੌਜਵਾਨ ਕਈ ਅਜਿਹੇ ਕਾਰਨਾਮੇ ਕਰ ਗਿਆ ਜਿਸ ਨੂੰ ਉਸ ਦੇ ਜਾਣਕਾਰ ਲੰਮੇ ਤੱਕ ਯਾਦ ਕਰਦੇ ਰਹਿਣਗੇ । ਉਨ੍ਹਾਂ ਨੂੰ ਆਪਣੇ ਕਾਰਨਾਮਿਆਂ ਨੂੰ ਅਖ਼ਬਾਰਾਂ ਵਿੱਚ ਚਮਕਾਉਣ ਦੀ ਕੋਈ ਲਾਲਸਾ ਨਹੀਂ ਸੀ । ਭਾਈ ਸਾਹਿਬ ਉਨ੍ਹਾਂ ਵਿੱਚੋਂ ਸਨ ਜੋ ਕਹਿੰਦੇ ਹੁੰਦੇ ਹਨ ''ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਤੁਰ ਜਾਣ ਦੀ ।'' ਭਾਈ ਦੇਵਪਾਲ ਸਿੰਘ ਦੇ ਖਾੜਕੂ ਸੰਘਰਸ਼ ਵਿੱਚ ਯੋਗਦਾਨ ਪਾਉਣ ਬਾਰੇ ਅਧਿਕਾਰੀਆਂ ਦਾ ਇਹ ਬਿਆਨ ਹੀ ਸਾਫ ਕਰ ਦਿੰਦਾ ਹੈ ਕਿ ਉਹ ਪੁਲਸ ਨੂੰ ਸਭ ਤੋਂ ਵੱਧ ਲੋੜੀਂਦੇ ਦਸਾਂ ਖਾੜਕੂਆਂ ਵਿੱਚੋਂ ਇੱਕ ਸੀ । ਦੱਸਿਆ ਜਾਂਦਾ ਹੈ ਕਿ ਉਹ ਸਾਬਕਾ ਪੁਲਸ ਮੁਖੀ ਮਾਂਗਟ ਅਤੇ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸੁਬੋਧ ਕਾਂਤ ਸਹਾਏ ਦੀਆਂ ਉਲਟਬਾਜ਼ੀਆਂ ਲਵਾਉਣ ਵਾਲਿਆਂ ਵਿੱਚ ਸ਼ਾਮਲ ਸੀ ।

ਭਾਈ ਦੇਵਪਾਲ ਸਿੰਘ ਪਿਛਲੇ ਚਾਰ ਸਾਲਾਂ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਸਨ । ਭਾਈ ਸਾਹਿਬ ਨੇ ਕੰਪਿਊਟਰ ਸਾਇੰਸ (ਬੀ.ਟੈਕ) ਵਿੱਚ ਦਾਖਲਾ ਲਿਆ ਹੋਇਆ ਸੀ । ਜਿੱਥੇ ਉਹ ਪੜ੍ਹਾਈ ਦੇ ਖੇਤਰ ਵਿੱਚ ਹਮੇਸ਼ਾ ਅੱਵਲ ਆਉਂਦੇ ਰਹੇ, ਉੱਥੇ ਸੰਘਰਸ਼ ਦੇ ਖੇਤਰ ਵਿੱਚ ਵੀ ਆਪਣੀ ਬੁੱਧੀ ਤੇ ਯੋਗਤਾ ਨਾਲ ਮੋਹਰੀਆਂ 'ਚ ਹੀ ਖੜਦੇ ਰਹੇ । ਇਹ ਉਨ੍ਹਾਂ ਦੀ ਯੋਗਤਾ ਸਦਕਾ ਹੀ ਸੀ ਕਿ ਉਹ ਬਹੁਤ ਜਲਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਦੀ ਉੱਪਰਲੀ ਲੀਡਰਸ਼ਿਪ ਵਿੱਚ ਪਹੁੰਚ ਗਏ । ਭਾਈ ਸਾਹਿਬ ਦੇ ਜਾਣਕਾਰ ਇੱਕ ਬਜ਼ੁਰਗ ਦਾ ਕਹਿਣਾ ਹੈ ਕਿ ਉਹ ਤਾਂ ਉਡਦੇ ਜਹਾਜ਼ਾਂ ਨੂੰ ਹੇਠਾਂ ਲਾਹ ਲੈਣ ਵਾਲਾ ਸੀ ।

## ਸ਼ਹੀਦ ਭਾਈ ਨਿਰਮਲ ਸਿੰਘ ਨਿੰਮਾ

ਭਾਈ ਨਿਰਮਲ ਸਿੰਘ ਨਿੰਮਾ ਦਾ ਜਨਮ ਸੰਨ 1965 ਵਿੱਚ ਪਿੰਡ ਨੌਹਰਾ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਵਿੱਚ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਪਿਤਾ ਭਾਈ ਦੀਦਾਰ ਸਿੰਘ ਦੇ ਘਰ ਹੋਇਆ । ਆਪ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿੱਚੋਂ ਹੀ ਹਾਸਲ ਕੀਤੀ । ਫਿਰ 1979 ਵਿੱਚ ਮਲਟੀਪਰਪਜ਼ ਹਾਇਰ ਸੈਕੰਡਰੀ ਸਕੂਲ ਪਟਿਆਲਾ ਵਿੱਚ ਦਾਖਲ ਹੋ ਗਏ । ਆਪ ਵਾਲੀਬਾਲ ਦੇ ਬਹੁਤ ਵਧੀਆ ਖਿਡਾਰੀ ਸਨ । ਆਪ ਨੇ ਸ੍ਰੀਨਗਰ ਵਿੱਚ ਹੋਈਆਂ ਜੂਨੀਅਰ ਨੈਸ਼ਨਲ ਖੇਡਾਂ ਵਿੱਚ ਭਾਗ ਲਿਆ ਅਤੇ ਕਾਂਸੀ ਦਾ ਤਗਮਾ ਜਿੱਤਿਆ ।

ਆਪ ਨੇ 1982 ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚ ਇਲੈਕਟਰੀਕਲ ਟਰੇਡ ਵਿੱਚ ਦਾਖਲਾ ਲੈ ਲਿਆ । ਜੂਨ 1984 ਦੇ ਘਲੂਘਾਰੇ ਨੇ ਨਿਰਮਲ ਸਿੰਘ ਨਿੰਮਾ ਦਾ ਮਨ ਬਿਲਕੁੱਲ ਬਦਲ ਦਿੱਤਾ । ਇਸ ਸਮੇਂ ਆਪ ਜੀ ਦਾ ਭਾਈ ਗੁਰਜੀਤ ਸਿੰਘ ਕਾਕਾ (ਸ਼ਹੀਦ), ਭਾਈ ਗੁਰਮੀਤ ਸਿੰਘ ਮੀਤਾ (ਸ਼ਹੀਦ) ਅਤੇ ਭਾਈ ਅਮਰ ਸਿੰਘ ਮਾਨ (ਸ਼ਹੀਦ) ਨਾਲ ਮੇਲ ਹੋ ਗਿਆ । ਇਨ੍ਹਾਂ ਚਾਰਾਂ ਸਿੰਘਾਂ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਨੂੰ ਮੌਜੂਦਾ ਖਾੜਕੂ ਲਹਿਰ ਦਾ ਇੱਕ ਮਜ਼ਬੂਤ ਗੜ੍ਹ ਬਣਾ ਦਿੱਤਾ । ਬਾਅਦ ਵਿੱਚ ਇਹ ਕਾਲਜ ਪੰਜਾਬ ਦੇ ਸਿੱਖ ਖਾੜਕੂ ਸੰਘਰਸ਼ ਦੀ ਰਾਜਧਾਨੀ ਵਜੋਂ ਜਾਣਿਆ ਜਾਣ ਲੱਗ ਪਿਆ । ਇਨ੍ਹਾਂ ਚਾਰਾਂ ਸ਼ਹੀਦ ਸਿੰਘਾਂ ਨੂੰ ਜਾਗ ਲਾਉਣ ਵਾਲਾ ਸੀ 'ਭਾਈ ਸੱਤਪਾਲ ਸਿੰਘ ਢਿੱਲੋਂ' (ਸ਼ਹੀਦ) ਅਤੇ ਉਸ ਦਾ ਸਾਥੀ ਜਗਜੀਤ ਸਿੰਘ ਗਿੱਲ (ਸ਼ਹੀਦ) ।

ਭਾਈ ਨਿਰਮਲ ਸਿੰਘ ਨੂੰ ਪਲਸ ਨੇ ਜਨਵਰੀ 1986 ਵਿੱਚ ਗ੍ਰਿਫਤਾਰ ਕਰਕੇ ਪਟਿਆਲਾ ਜੇਲ੍ਹ ਭੇਜ ਦਿੱਤਾ । ਉੱਥੇ ਇਨ੍ਹਾਂ ਦੀ ਕੁ [illegible] ਹੋਰ ਅਣਖੀਲੇ ਸਿੰਘਾਂ ਨਾਲ ਮੁਲਾਕਾਤ ਹੋ ਗਈ ਅਤੇ ਆਪ ਨੇ ਪੰਥ ਤੇ ਪੰਜਾਬ ਦੀ ਆਜ਼ਾਦੀ ਖਾਤਿਰ ਕੁਰਬਾਨ ਹੋ ਜਾਣ ਦਾ ਪੱਕਾ ਨਿਸਚਾ ਕਰ ਲਿਆ ।

ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਆਪ ਨੂੰ ਬਿਜਲੀ ਬੋਰਡ ਵਿੱਚ ਨੌਕਰੀ ਮਿਲ ਗਈ ਪਰ ਆਪ ਤਾਂ ਝੂਠੀ ਸਰਕਾਰ ਦੀ ਨੌਕਰੀ ਕਰਨ ਨਾਲੋਂ ਸੱਚੀ ਸਰਕਾਰ ਦੀ ਨੌਕਰੀ ਕਰਨ ਦਾ ਫੈਸਲਾ ਕਰ ਚੁੱਕੇ ਸਨ । ਸੋ ਆਪ ਜਲਦੀ ਹੀ ਬਿਜਲੀ ਬੋਰਡ ਦੀ ਨੌਕਰੀ ਨੂੰ ਲੱਤ ਮਾਰ ਕੇ ਪੂਰੇ ਜੀਅ-ਜਾਨ ਨਾਲ ਸੰਘਰਸ਼ ਵਿੱਚ ਕੁੱਦ ਪਏ ।

ਆਪ ਜੀ ਨੂੰ ਭਾਈ ਦਲਜੀਤ ਸਿੰਘ ਦੀ ਕਮਾਂਡ ਹੇਠਲੀ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਸੰਯੁਕਤ ਸਕੱਤਰ ਬਣਾ ਦਿੱਤਾ ਗਿਆ । ਦੂਸਰੇ ਪਾਸੇ ਖਾੜਕੂ ਲਹਿਰ ਅੰਦਰ ਆਪ ਦੇ ਰੋਲ ਨੂੰ ਦੇਖਦਿਆਂ ਹੋਇਆਂ ਸਰਕਾਰ ਨੇ ਆਪ ਦੇ ਸਿਰ ਦਾ ਇਨਾਮ ਇੱਕ ਲੱਖ ਰੁਪਏ ਰੱਖ ਦਿੱਤਾ । ਭਾਈ ਸੱਤਪਾਲ ਸਿੰਘ ਢਿੱਲੋਂ ਦੇ ਸ਼ਹੀਦ ਹੋਣ ਪਿੱਛੋਂ ਆਪ ਨੂੰ ਫੈਡਰੇਸ਼ਨ ਦਾ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ ਗਿਆ ।

ਪੁਲਸ ਨੇ ਕਿਸੇ ਮੁਖ਼ਬਰ ਦੀ ਸੂਹ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲ ਨੂੰ ਘੇਰਾ ਪਾ ਲਿਆ । ਉਸ ਦਿਨ ਭਾਈ ਸਾਹਿਬ ਹੋਸਟਲ ਵਿੱਚ ਹੀ ਠਹਿਰੇ ਹੋਏ ਸਨ । ਬਚਣ ਦਾ ਕੋਈ ਚਾਰਾ ਨਾ ਦੇਖਦਿਆਂ ਹੋਇਆਂ ਆਪ ਨੇ ਸਾਈਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪਾ ਲਈ । ਆਪ ਦੀ ਮ੍ਰਿਤਕ ਦੇਹ ਪੁਲਸ ਵਾਲੇ ਨਾਲ ਹੀ ਲੈ ਗਏ ।

ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੇ ਮੁਜ਼ਾਹਰਾ ਕਰਕੇ ਭਾਈ ਨੌਹਰਾ ਦੀ ਮ੍ਰਿਤਕ ਦੇਹ ਵਾਪਿਸ ਉਨ੍ਹਾਂ ਦੇ ਵਾਰਿਸਾਂ ਨੂੰ ਦੇਣ ਦੀ ਮੰਗ ਕੀਤੀ । ਭਾਈ ਸਾਹਿਬ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਸੰਗਤਾਂ ਟਰੈਕਟਰ ਅਤੇ ਟਰਾਲੀਆਂ ਲੈ ਕੇ ਪਟਿਆਲੇ ਪਹੁੰਚ ਗਈਆਂ ਅਤੇ ਭਾਈ ਸਾਹਿਬ ਦੀ ਮ੍ਰਿਤਕ-ਦੇਹ ਵਾਪਸ ਲੈਣ ਵਾਸਤੇ ਜ਼ਿਲ੍ਹਾ ਅਧਿਕਾਰੀਆਂ 'ਤੇ ਦਬਾਅ ਪਾਉਣ ਲੱਗੀਆਂ । ਆਖਰ ਪੁਲਸ ਨੂੰ ਸੰਗਤਾਂ ਦੇ ਦਬਾਅ ਹੇਠ ਝੁਕਣਾ ਪਿਆ । ਭਾਈ ਸਾਹਿਬ ਦਾ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਨੌਹਰਾ ਵਿੱਚ ਹਜ਼ਾਰਾਂ ਹੀ ਲੋਕਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ ।

ਕੁੱਝ ਭੰਡੀ ਪ੍ਰਚਾਰਕਾਂ ਵਲੋਂ ਖਾੜਕੂ ਲਹਿਰ 'ਚ ਆ ਘੁਸੇ ਨੇ ਕੁੱਝ ਗਲਤ ਤੱਤਾਂ ਦੀਆਂ ਕਾਰਵਾਈਆਂ ਨੂੰ ਲੈ ਕੇ ਮੌਜੂਦਾ ਸਿੱਖ ਖਾੜਕੂ ਸੰਘਰਸ਼ 'ਤੇ ਤਰ੍ਹਾਂ-ਤਰ੍ਹਾਂ ਦੇ ਇਲਜ਼ਾਮ ਲਾਏ ਜਾ ਰਹੇ ਹਨ । ਭਾਈ ਨਿਰਮਲ ਸਿੰਘ ਨਿੰਮਾ ਦਾ ਸੱਚਾ-ਸੁੱਚਾ ਜੀਵਨ ਇਨ੍ਹਾਂ ਸਾਰੇ ਇਲਜ਼ਾਮਾਂ ਦਾ ਮੂੰਹ ਤੋੜਵਾਂ ਜਵਾਬ ਸੀ । ਪਿੰਡ ਨੌਹਰਾ ਦੇ ਆਲੇ-ਦੁਆਲੇ ਦੇ



ਇਲਾਕੇ ਦਾ ਬੱਚਾ-ਬੱਚਾ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਭਾਈ ਸਾਹਿਬ ਦਾ ਸਮਕਾਲੀ ਇੱਕ-ਇੱਕ ਵਿਦਿਆਰਥੀ ਇਸ ਗੱਲ ਦੀ ਗਵਾਹੀ ਦੇਣ ਲਈ ਤਿਆਰ ਹੈ ।

*ਇੱਕਪਾਠਕ, ਪਿੰਡ ਨੌਹਰਾ, ਪਟਿਆਲਾ ।*

## ਭਾਈ ਇਕਬਾਲ ਸਿੰਘ ਫੌਜੀ

*ਕਬੀਰ ਮੋਹਿ ਮਰਨ ਕਾ ਚਾਉ ਹੈ*
*ਮਰਉ ਤਉ ਹਰਿ ਕੈ ਦੁਆਰ ॥*
*ਮਤਿ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*

ਭਾਈ ਇਕਬਾਲ ਸਿੰਘ ਫੌਜੀ, ਖਾਲਿਸਤਾਨ ਨੈਸ਼ਨਲ ਆਰਮੀ ਦੇ ਡਿਪਟੀ ਚੀਫ ਸਨ । ਉਨ੍ਹਾਂ ਦਾ ਜਨਮ 10 ਕਤੱਕ 1966 ਨੂੰ ਮਾਤਾ ਜਸਬੀਰ ਕੌਰ ਦੀ ਕੁੱਖੋਂ ਸ: ਮਿਲਖਾ ਸਿੰਘ ਦੇ ਘਰ ਪਿੰਡ ਦੁਗਲਵਾਲਾ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿਖੇ ਹੋਇਆ । ਆਪ ਨੇ ਮੁਢਲੀ ਵਿਦਿਆ ਪਿੰਡ ਦੁਗਲਵਾਲਾ ਅਤੇ ਹਾਇਰ ਸੈਕੰਡਰੀ ਤਰਨਤਾਰਨ ਤੋਂ ਕੀਤੀ । 1983 ਵਿੱਚ ਆਪ ਫੌਜ ਵਿੱਚ ਭਰਤੀ ਹੋ ਗਏ । ਜੂਨ 1984 ਦੇ ਬਲਿਊ ਸਟਾਰ ਉਪਰੇਸ਼ਨ ਵੇਲੇ ਆਪ ਜੀ ਦੇ ਮਨ 'ਤੇ ਗਹਿਰੀ ਸੱਟ ਲਗੀ ਪਰ ਫਿਰ ਵੀ ਆਪ ਨੇ ਨੌਕਰੀ ਛੱਡਣ ਦੀ ਥਾਂ ਗੁਪਤ ਸੇਵਾ ਕਰਨੀ ਬਿਹਤਰ ਸਮਝੀ । ਇਸ ਦੌਰਾਨ ਆਪ ਜੀ ਦਾ ਸੰਪਰਕ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਹੋਇਆ । ਥੋੜੇ ਸਮੇਂ ਵਿੱਚ ਹੀ ਆਪ ਉਨ੍ਹਾਂ ਦੇ ਨਜ਼ਦੀਕੀ ਸਾਥੀ ਬਣ ਗਏ । 14 ਅਪ੍ਰੈਲ 1988 ਨੂੰ ਆਪ ਜੀ ਦੇ ਘਰ ਬਾਬਾ ਮਾਨੋਚਾਹਲ ਦਾ ਦੁਸ਼ਮਣ ਦੀਆਂ ਫੋਰਸਾਂ ਨਾਲ ਮੁਕਾਬਲਾ ਹੋ ਗਿਆ । ਆਪ ਆਪਣੇ ਪੂਰੇ ਪਰਿਵਾਰ ਸਮੇਤ ਫੜੇ ਗਏ । ਆਪ ਜੀ ਦੇ ਦਾਦਾ ਜੀ ਤੱਸ਼ਦਦ ਨਾ ਝੱਲਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਆਪ 'ਤੇ ਵੀ ਪੁਲਸ ਨੇ 15 ਦਿਨ ਬਹੁਤ ਤੱਸਦਦ ਕੀਤਾ । ਇਸ ਤੱਸ਼ਦਦ ਕਾਰਨ ਇਕ ਵਾਰ ਤਾਂ ਆਪ ਜੀ ਦੇ ਸਰੀਰ ਦੇ ਕਈ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ । ਆਪ ਨੂੰ ਪੂਰੇ ਦੋ ਸਾਲ ਤਿੰਨ ਮਹੀਨੇ ਜੇਲ੍ਹ ਵਿੱਚ ਰੱਖਿਆ ਗਿਆ । ਇਸ ਦੌਰਾਨ ਆਪ ਜੀ ਦੀ ਮੁਲਾਕਾਤ ਬਾਬਾ ਬਲਕਾਰ ਸਿੰਘ ਕਨੇਡੀਅਨ ਨਾਲ ਹੋਈ । ਜਿਨ੍ਹਾਂ ਨੇ ਆਪ ਵਿੱਚ ਸਿੱਖ ਦ੍ਰਿਸਟੀਕੋਣ ਨੂੰ ਦੇਖਦਿਆਂ ਹੋਇਆਂ ਆਪਨੂੰ ਇਕ ਅਜਿਹੀ ਜੱਥੇਬੰਦੀ ਖੜੀ ਕਰਨ ਦਾ ਸੁਝਾਅ ਦਿੱਤਾ ਜੋ ਕਿ ਆਪਸੀ ਵਾਹ ਵਿਵਾਦ ਤੋਂ ਪਰ੍ਹੇ ਹੋ ਕੇ ਚੱਲੇ । ਅਦਾਲਤ ਵਿੱਚ ਕਸੂਰਵਾਰ ਸਾਬਤ ਨਾ ਹੋਣ 'ਤੇ ਆਪ ਜੀ ਨੂੰ ਫੌਜ ਵਿੱਚ ਫਿਰ ਬਹਾਲ ਕਰ ਦਿੱਤਾ ਗਿਆ । ਜੇਲ੍ਹ ਵਿੱਚੋਂ ਬਾਹਰ ਆ ਕੇ ਆਪ ਨੇ ਤਿੰਨ ਮਹੀਨੇ ਫੌਜ ਦੀ ਨੌਕਰੀ ਕੀਤੀ । ਇਸੇ ਸਮੇਂ ਦੌਰਾਨ ਆਪ ਨੇ ਖਾਲਿਸਤਾਨ ਨੈਸ਼ਨਲ ਆਰਮੀ ਖੜੀ ਕਰਨ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਅਤੇ ਜਿਸ ਦਿਨ ਆਪ ਜੀ ਦਾ ਆਰਮੀ ਖੜੀ ਕਰਨ ਦਾ ਮਕਸਦ ਪੂਰਾ ਹੋ ਗਿਆ ਆਪ ਆਪਣੇ ਸਾਥੀਆਂ ਸਮੇਤ ਭਗੌੜੇ ਹੋ ਗਏ । ਉਸ ਤੋਂ ਬਾਅਦ ਆਪ ਤਨ ਮਨ ਤੇ ਧਨ ਨਾਲ ਖਾਲਿਸਤਾਨ ਨੈਸ਼ਨਲ ਆਰਮੀ ਦੇ ਅਧੀਨ ਪੂਰੀ ਸੇਵਾ ਕਰਨ ਲੱਗੇ । ਲੋਕ ਆਪ ਦੇ ਮਿਲਵਰਤਣ ਵਾਲੇ ਸੁਭਾਅ ਤੋਂ ਬਹੁਤ ਪ੍ਰਭਾਵਿਤ ਸਨ । ਆਪ ਨੇ ਖਾਲਿਸਤਾਨ ਨੈਸ਼ਨਲ ਆਰਮੀ ਵੱਲੋਂ ਕਈ ਐਕਸ਼ਨ ਕੀਤੇ ਅਤੇ ਗਰੀਬ ਲੋਕਾਂ ਦੀ ਮਦਦ ਵੀ ਕੀਤੀ । ਆਪ ਨੇ ਕੌਮ ਦੀ ਸੇਵਾ ਕਰਦੇ ਹੋਏ 22 ਜੂਨ 1991 ਨੂੰ ਜੰਮੂ ਬਾਡਰ 'ਤੇ ਸ਼ਹੀਦੀ ਪ੍ਰਾਪਤ ਕੀਤੀ ।

ਭਾਈ ਹਰੀ ਸਿੰਘ

## ਸ਼ਹੀਦ ਭਾਈ ਪ੍ਰਵਾਰ ਸਿੰਘ ਡੱਲਾ ਸ਼ਹੀਦ ਭਾਈ ਚੰਦ ਸਿੰਘ ਨੰਗਲ

ਸ਼ਹੀਦ ਭਾਈ ਪ੍ਰਵਾਰ ਸਿੰਘ ਡੱਲਾ ਅਤੇ ਸ਼ਹੀਦ ਭਾਈ ਚੰਦ ਸਿੰਘ ਨੰਗਲ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਦੋ ਉੱਘੇ ਕਾਰਕੁੰਨ ਸਨ । ਉਹ 12 ਦਸੰਬਰ 1990 ਨੂੰ ਪਿੰਡ ਰਣਸੀਂਹਕੇ (ਨੇੜੇ ਨਿਹਾਲ ਸਿੰਘ ਵਾਲਾ ਮੋਗਾ) ਵਿਖੇ 8 ਘੰਟੇ ਲਗਾਤਾਰ ਚੱਲੇ ਮੁਕਾਬਲੇ ਦੌਰਾਨ ਜਾਮੇ ਸ਼ਹਾਦਤ ਪੀ ਗਏ । ਇਹ ਦੋਵੇਂ ਸਿੰਘ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਪਰ ਇਨ੍ਹਾਂ ਨੇ ਸਿੱਖੀ ਸਿਦਕ ਨਿਭਾਉਂਦਿਆਂ ਮੌਜੂਦਾ ਸੰਘਰਸ਼ ਵਿੱਚ ਆਪਣਾ ਬਣਦਾ ਹਿੱਸਾ ਪਾਇਆ ।

ਸ਼ਹੀਦ ਪ੍ਰਵਾਰ ਸਿੰਘ ਦਾ ਜਨਮ ਪਿੰਡ ਡੱਲਾ ਤਹਿਸੀਲ ਜਗਰਾਓਂ (ਜ਼ਿਲ੍ਹਾ ਲੁਧਿਆਣਾ) ਵਿਖੇ 15 ਅਪ੍ਰੈਲ 1962 ਨੂੰ ਬਾਪੂ ਦਲੀਪ ਸਿੰਘ (ਸਾਬਕਾ ਫੌਜੀ) ਦੇ ਘਰ ਹੋਇਆ । ਭਾਈ ਪ੍ਰਵਾਰ ਸਿੰਘ ਨੂੰ ਸਿੱਖੀ ਦੀ ਚੋਹ ਘਰੋਂ ਹੀ ਪ੍ਰਾਪਤ ਹੋਈ । ਪੜ੍ਹਾਈ ਵਿੱਚ ਬਹੁਤਾ ਦਿਲ ਨਾ ਲੱਗਾ । ਸਕੂਲ ਦੇ ਹੈਡਮਾਸਟਰ ਵੀ ਚਾਹੁੰਦੇ ਸਨ ਕਿ ਭਾਈ ਪ੍ਰਵਾਰ ਸਿੰਘ ਪੜ੍ਹਾਈ ਜਾਰੀ ਰੱਖਣ ਕਿਉਂਕਿ ਆਪ ਕਬੱਡੀ ਦੇ ਇਕ ਵਧੀਆ ਖਿਡਾਰੀ ਸਨ । ਪ੍ਰੰਤੂ ਜਦੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਡੱਲੇ ਆਏ ਤਾਂ ਉਨ੍ਹਾਂ ਦੇ ਭਾਸ਼ਣ ਦਾ ਭਾਈ ਸਾਹਿਬ 'ਤੇ ਡੂੰਘਾ ਪ੍ਰਭਾਵ ਪਿਆ । 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਨੇ ਭਾਈ ਸਾਹਿਬ ਦੇ ਦਿਲ 'ਤੇ ਗਹਿਰੀ ਸੱਟ ਮਾਰੀ । ਉਨ੍ਹਾਂ ਨੇ ਘਰ ਟਿਕ ਕੇ ਜੀਵਨ ਬਤੀਤ ਕਰਨ ਨੂੰ ਪੱਕੇ ਤੌਰ ਤੇ ਤਿਲਾਂਜਲੀ ਦੇ ਦਿੱਤੀ । ਅੰਮ੍ਰਿਤਸਰ ਜਾ ਕੇ ਅਰਦਾਸ ਕੀਤੀ ਅਤੇ ਸੰਘਰਸ਼ ਵਿੱਚ ਕੁੱਦ ਪਏ । ਪੁਲਸ ਨੇ ਅਗਸਤ 1987 'ਚ ਪਹਿਲੀ ਵਾਰ ਭਾਈ ਪ੍ਰਵਾਰ ਸਿੰਘ ਉਤੇ ਕਤਲ ਅਤੇ ਪਨਾਹ ਦੇ ਕੇਸ ਪਾ ਦਿੱਤੇ ਅਤੇ ਭਾਰੀ ਤੱਸ਼ਦਦ ਕਰਕੇ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ 'ਚ ਡੱਕ ਦਿੱਤਾ । ਜੂਨ 1989 'ਚ ਜ਼ਮਾਨਤ 'ਤੇ

ਰਿਹਾਅ ਹੋਣ ਮਗਰੋਂ ਵੀ ਉਨ੍ਹਾਂ ਦੀ ਲਗਨ ਸੰਘਰਸ਼ ਵਿੱਚ ਹੀ ਲੱਗੀ ਰਹੀ । ਪੁਲਸ ਨੇ ਉਹਨਾਂ ਨੂੰ ਕਈ ਵਾਰ ਫੜਿਆ ਤੇ ਤਸ਼ੱਦਦ ਕੀਤਾ । ਜਦੋਂ ਮਈ 1989 ਵਿੱਚ ਦੁਬਾਰਾ ਪੁਲਸ ਨੇ ਉਨ੍ਹਾਂ ਉਤੇ ਪਨਾਹ ਤੇ ਕਤਲ ਦਾ ਕੇਸ ਪਾ ਦਿੱਤਾ ਤਾਂ ਇਸ ਵਾਰ ਪੁਲਸ ਤੇ ਸੀ.ਆਰ.ਪੀ. ਉਹਨਾਂ ਡੱਲੇ ਦੇ ਪੁੱਲ 'ਤੇ ਕਈ ਘੰਟੇ ਤੱਸ਼ਦਦ ਕਰਦੀ ਰਹੀ ।

ਜਦ ਭਾਈ ਸਾਹਿਬ ਨੂੰ ਬੇਹੋਸ਼ ਹੋ ਜਾਣ ਤੋਂ ਬਾਅਦ ਮੁੜ ਸੁਰਤ ਆਉਂਦੀ ਤਾਂ ਫਿਰ ਤੱਸਦਦ ਸ਼ੁਰੂ ਕਰ ਦੇਂਦ । ਇਸ ਤੋਂ ਉਪਰੰਤ ਉਨ੍ਹਾਂ ਨੂੰ ਨਾਭੇ ਅਤੇ ਲੁਧਿਆਣੇ ਦੀਆ ਜਲ੍ਹਾਂ ਵਿੱਚ ਬੰਦ ਰੱਖਿਆ । ਜੁਲਾਈ 1990 ਵਿੱਚ ਭਾਈ ਸਾਹਿਬ ਦੇ ਸਹਿਯੋਗੀ ਸਿੰਘਾਂ ਨੇ ਦੁਸਤੀ ਨਾਲ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਵਾ ਲਿਆ । ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਉਹ ਸਿੱਧੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਿੱਚ ਸਿੱਧੀ ਸੇਵਾ ਕਰਨ ਲਗ ਪਏ । ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਅਗਵਾਈ ਹੇਠ ਜੂਝਦਿਆ ਉਨ੍ਹਾਂ ਨੇ ਕਈ ਐਕਸ਼ਨਾਂ ਵਿੱਚ ਹਿੱਸਾ ਲਿਆ । ਕੇ.ਐਲ.ਐਫ. ਦੇ ਖਾੜਕੂ ਸਿੰਘਾਂ ਭਾਈ ਜਸਪਾਲ ਸਿੰਘ ਫੌਜੀ ਭਾਈ ਚੰਦ ਸਿੰਘ ਨੰਗਲ ਅਤੇ ਭਾਈ ਕੁਲਦੀਪ ਸਿੰਘ ਚੀਮਾ ਉਰਫ ਸੇਖੂਪੁਰਾ ਤੇ ਹੋਰਨਾ ਨਾਲ ਰਲ ਕੇ ਸਮਾਜ ਸੁਧਾਰ ਲਹਿਰ ਵਿੱਚ ਲੋੜੀਂਦਾ ਯੋਗਦਾਨ ਪਾਇਆ ।

ਭਾਈ ਚੰਦ ਸਿੰਘ ਨੰਗਲ ਦਾ ਜਨਮ ਪਿੰਡ ਨੰਗਲ (ਥੇਡੇ) ਜ਼ਿਲ੍ਹਾ ਫਰੀਦਕਟ ਵਿਖੇ ਹੋਇਆ । ਇਹ ਵੀ ਕਈ ਵਾਰ ਸਰਕਾਰੀ ਜਬਰ ਦਾ ਸ਼ਿਕਾਰ ਹੋਏ ਤੇ ਅਖੀਰ ਸਰਕਾਰੀ ਜਬਰ ਨਾਲ ਲੋਹਾ ਲੈਣ ਲਈ ਰੂਪੋਸ਼ ਹੋ ਕੇ ਮੌਜੂਦਾ ਸੰਘਰਸ ਵਿੱਚ ਕੁੱਦ ਪਏ ।

ਭਾਈ ਪ੍ਰਵਾਰ ਸਿੰਘ ਤੇ ਭਾਈ ਚੰਦ ਸਿੰਘ ਦਾ 12 ਦਸੰਬਰ 1989 ਨੂੰ ਪਿੰਡ ਰਣਸੀਂਹ ਕੇ (ਨੇੜੇ ਨਿਹਾਲ ਸਿੰਘ ਵਾਲਾ) ਵਿਖੇ ਪੁਲਸ ਦੀ ਇੱਕ ਟੁਕੜੀ ਨਾਲ ਮੁਕਾਬਲਾ ਹੋ ਗਿਆ । ਮੁਕਾਬਲਾ ਸਵੇਰੇ 6 ਵਜੇ ਸ਼ੁਰੂ ਹੋਇਆ ਅਤੇ ਦੁਪਹਿਰ ਦੇ ਦੋ ਵਜੇ ਤੱਕ ਜਾਰੀ ਰਿਹਾ । ਲਗਭਗ 35 ਪੁਲਸ ਥਾਣਿਆਂ ਅਤੇ ਚੌਕੀਆਂ ਦੀ ਪੁਲਸ ਅਤੇ ਸੀ.ਆਰ.ਪੀ. ਨਾਲ ਦੋਵੇਂ ਸਿੰਘ ਥੋੜੇ ਜਿਹੇ ਅਸਲੇ ਨਾਲ ਲੋਹਾ ਲੈਂਦੇ ਰਹੇ । ਇਲਾਕੇ ਦੀਆਂ ਸੰਗਤਾਂ ਦੇ ਦਿਲਾਂ ਅੰਦਰ ਇਉਂ ਕਰਦੇ ਸਿੰਘਾਂ ਨੂੰ ਬਚਾ ਕੇ ਕੱਢਣ ਦੀਆਂ ਲੂਰੀਆਂ ਉਠਦੀਆਂ ਰਹੀਆਂ । ਮੁਕਾਬਲੇ ਨੂੰ ਅੱਖੀਂ ਦੇਖਣ ਵਾਲਿਆਂ ਮੁਤਾਬਕ ਉਕਤ ਦੋਹਾਂ ਸਿੰਘਾਂ ਨੇ ਪੁਲਸ ਤੇ ਸੁਰਖਿਆ ਦਸਤਿਆਂ ਦੇ ਦਰਜਨਾਂ ਜਵਾਨ ਮਾਰ ਮੁਕਾਏ । ਪੁਲਸ ਨੇ ਮੁਕਾਬਲੇ ਵਾਲੀ ਥਾਂ 'ਤੇ ਮੌਜੂਦ ਕਮਾਦ ਦੇ ਖੇਤਾਂ ਨੂੰ ਅੱਗ ਲਾ ਦਿੱਤੀ । ਅਖੀਰ ਦੋਹਾਂ ਸਿੰਘਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਦੁਪਹਿਰ ਦੇ ਦੋ ਵਜੇ ਸ਼ਹਾਦਤ ਪਾ ਲਈ । ਸਿੰਘਾਂ ਦੀ ਯਾਦ ਵਿੱਚ ਹਜ਼ਾਰਾਂ ਸੰਗਤਾਂ ਨੇ ਕਈ ਪਿੰਡਾਂ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ।

*ਇਕ ਪਾਠਕ ਇਲਾਕਾ ਜਗਰਾਓਂ*

## ਸ਼ਹੀਦਾਂ ਦੀਆਂ ਜੀਵਨੀਆਂ ਬਾਰੇ

ਪਾਠਕਾਂ ਵੱਲੋਂ ਭੇਜੀਆਂ ਸਹੀਦਾਂ ਦੀਆਂ ਜੀਵਨੀਆਂ ਅਤੇ ਫੋਟੂਆਂ ਸਾਡੇ ਕੋਲ ਹਰ ਮਹੀਨੇ ਕਾਫੀ ਗਿਣਤੀ ਵਿੱਚ ਪਹੁੰਚਦੀਆਂ ਹਨ । ਕੁਦਰਤੀ ਹਰ ਪਾਠਕ ਦੀ ਇੱਛਾ ਇਹ ਹੁੰਦੀ ਹੈ ਕਿ ਉਸ ਵੱਲੋਂ ਭੇਜੀ ਜੀਵਨੀ ਅਤੇ ਫੋਟੋ ਪਰਚੇ ਅੰਦਰ ਜਰੂਰ ਛਪੇ । ਪਾਠਕਾਂ ਦੀ ਸ਼ਹੀਦਾਂ ਪ੍ਰਤੀ ਇਸ ਸ਼ਰਧਾ ਭਾਵਨਾ ਦੀ ਅਸੀਂ ਤਹਿ-ਦਿਲੋਂ ਕਦਰ ਕਰਦੇ ਹਾਂ । ਪਰ ਕੁਝ ਮਜਬੂਰੀਆਂ ਕਾਰਨ ਸਾਡੇ ਲਈ ਸਾਰੀਆਂ ਜੀਵਨੀਆਂ ਛਾਪ ਸਕਣੀਆਂ ਮੁਸਕਲ ਹੁੰਦੀਆਂ ਹਨ । ਵੱਡੀ ਸਮੱਸਿਆ ਜਗ੍ਹਾ ਦੀ ਹੈ । ਪਰਚਾ ਮਹੀਨੇ ਬਾਅਦ ਛਪਦਾ ਹੈ । ਦੁਸ਼ਮਣ ਵੱਲੋਂ ਚਲਾਏ ਜਾ ਰਹੇ ਜ਼ੁਲਮ ਦੇ ਦੌਰ ਸਦਕਾ ਹਰ ਮਹੀਨੇ ਸੈਂਕੜਿਆਂ ਦੀ ਗਿਣਤੀ ਵਿੱਚ ਜੁਝਾਰੂ ਸਿੰਘ ਸ਼ਹੀਦ ਹੋ ਰਹੇ ਹਨ । ਸੋ ਇਕ ਮਾਸਕ ਪਰਚੇ ਵਿੱਚ ਸਾਰੇ ਸ਼ਹੀਦਾਂ ਦੀਆਂ ਜੀਵਨੀਆਂ ਅਤੇ ਬਿਉਰੇ ਛਾਪ ਸਕਣੇ ਕਿਸ ਵੀ ਤਰ੍ਹਾਂ ਸੰਭਵ ਨਹੀਂ ਹਨ । ਪਰਚੇ ਅੰਦਰ ਅਸੀਂ ਹੋਰ ਬਹੁਤ ਸਾਰੀ ਜਰੂਰੀ ਸਮੱਗਰੀ ਛਾਪਣੀ ਹੁੰਦੀ ਹੈ । ਇਸ ਕਰਕੇ ਸਾਨੂੰ ਸ਼ਹੀਦਾਂ ਦੀਆਂ ਜੀਵਨੀਆਂ ਤੇ ਫੋਟੂਆਂ ਛਾਪਣ ਮੌਕੇ ਚੋਣ ਕਰਨੀ ਪੈਂਦੀ ਹੈ । ਸਿੱਟੇ ਵਜੋਂ ਬਹੁਤ ਸਾਰੀਆਂ ਜੀਵਨੀਆਂ ਛਪਣੋਂ ਰਹਿ ਜਾਂਦੀਆਂ ਹਨ । ਸਾਡੇ ਕੁੱਝ ਪਾਠਕ ਸਾਡੇ ਕੋਲੋਂ ਪੁਛਦੇ ਹਨ ਕਿ ਸਹੀਦਾਂ ਦੀਆਂ ਜੀਵਨੀਆਂ ਤੇ ਫੋਟੂਆਂ ਦੀ ਚੋਣ ਕਿਸ ਅਧਾਰ 'ਤੇ ਕੀਤੀ ਜਾਂਦੀ ਹੈ ਜਾਂ ਜਨਤਕ ਪੈਗਾਮ '' ਦੀ ਇਸ ਬਾਰੇ ਪਾਲਸੀ ਕੀ ਹੈ ?

ਜਿਥੋਂ ਤੱਕ ਜੀਵਨੀਆਂ ਤੇ ਫੋਟੋਆਂ ਦੀ ਚੋਣ ਕਰਨ ਦਾ ਸੁਆਲ ਹੈ, ਇਸ ਬਾਰੇ ਅਦਾਰੇ ਨੂੰ ਹਰ ਵਾਰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ । ਅਸੀਂ ਸ਼ਹੀਦਾਂ ਦੀ ਦਰਜਾ-ਬਦਰਜੀ ਕਰਨ ਦੇ ਹੱਕ ਵਿੱਚ ਨਹੀਂ ਹਾਂ । ਸ਼ਹੀਦ ਵੱਡੇ ਜਾਂ ਛੋਟੇ ਨਹੀਂ ਹੁੰਦੇ । ਹਰ ਸ਼ਹੀਦ ਦੀ ਕੁਰਬਾਨੀ ਆਪਣੀ ਜਗ੍ਹਾ ਮਹਾਨ ਹੁੰਦੀ ਹੈ । ਪਰ ਫਿਰ ਵੀ ਸਾਨੂੰ ਕੋਈ ਨਾ ਕੋਈ ਚੋਣ ਜਰੂਰ ਕਰਨੀ ਪੈਂਦੀ ਹੈ । ਅਜਿਹਾ ਕਰਨ ਮੌਕੇ ਅਸੀਂ ਦੋ ਤਿੰਨ ਗੱਲਾਂ ਦਾ ਜਰੂਰ ਖਿਆਲ ਰਖਦੇ ਹਾਂ । ਇੱਕ, ਅਸੀਂ ਉਸ ਸ਼ਹੀਦ ਦੀ ਜੀਵਨੀ ਜਾਂ ਫੋਟੋ ਛਾਪਣ ਨੂੰ ਤਰਜੀਹ ਦਿੰਦੇ ਹਾਂ ਜਿਸ ਨੇ ਜਾਂ ਤਾਂ ਕਿਸੇ ਸਿਧਾਂਤਕ ਸੇਧ ਉਤੇ ਪਹਿਰਾ ਦਿੰਦਿਆਂ ਹੋਇਆਂ ਸਿੱਖ ਸੰਘਰਸ਼ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਉਭਰਵਾਂ ਰੋਲ ਨਿਭਾਇਆ ਹੋਵੇ ਅਤੇ ਜਾਂ ਮੈਦਾਨ-ਜੰਗ ਅੰਦਰ ਅਜਿਹੇ ਸੂਰਮਗਤੀ ਭਰੇ ਕਾਰਨਾਮੇ ਕੀਤੇ ਹੋਣ ਜਿਸ ਨਾਲ ਸਿੱਖੀ ਰਵਾਇਤਾਂ ਦੀ ਸ਼ਾਨ ਲਿਸ਼ਕ ਉਠੀ ਹੋਵੇ । ਦੂਜਾ, ਅਸੀਂ ਇਹ ਖਿਆਲ ਰਖਦੇ ਹਾਂ ਕਿ ''ਜਨਤਕ ਪੈਗਾਮ'' ਪੰਥ ਅਤੇ ਪੰਜਾਬ ਦੀ ਆਜ਼ਾਦੀ ਦੇ ਸੰਘਰਸ਼ ਦਾ ਨਿਧੜਕ ਬੁਲਾਰਾ ਤਾਂ ਜਰੂਰ ਬਣੇ, ਪਰ ਇਸ ਵੱਲੋਂ ਖਾੜਕੂ ਲਹਿਰ ਅੰਦਰ ਪੈਦਾ ਹੋਏ ਵਿਗਾੜਾਂ ਅਤੇ ਸਿਧਾਂਤਹੀਣ ਅਮਲਾਂ ਨੂੰ ਪ੍ਰਵਾਨਗੀ ਦੇਣ ਦਾ ਪਰਭਾਵ ਬਿਲਕੁਲ ਨਾ ਬਣੇ । ਇਸ ਵਿੱਚ ਕਿਸੇ ਸ਼ਹੀਦ ਦੀ ਕਦਰ-ਘਟਾਈ ਕਰਨ ਜਾਂ ਉਸਦਾ ਅਪਮਾਨ ਕਰਨ ਵਾਲੀ ਕੋਈ ਗੱਲ ਨਹੀਂ । ਇਹ ਸਾਡੇ ਲਈ ਅਸੂਲਾਂ ਦਾ ਮਾਮਲਾ ਹੈ ।

ਸੋ ਜੇਕਰ ਕਿਸੇ ਪਾਠਕ ਵੱਲੋਂ ਭੇਜੀ ਜੀਵਨੀ ਜਾਂ ਫੋਟੋ ''ਜਨਤਕ ਪੈਗ਼ਾਮ'' ਅੰਦਰ ਛਪਣੋਂ ਰਹਿ ਜਾਂਦੀ ਹੈ, ਤਾਂ ਪਾਠਕਾਂ ਨੂੰ ਇਸ ਦਾ ਬੁਰਾ ਨਹੀਂ ਮਨਾਉਣਾ ਚਾਹੀਦਾ । ਜੇਕਰ ਭਵਿੱਖ ਅੰਦਰ ਪਰਚਾ ਮਾਇਕ ਪੱਖੋਂ ਆਪਣ ਪੈਰੀਂ ਖੜ੍ਹਾ ਹੋ ਗਿਆ ਤਾਂ ਇਸ ਦੇ ਸਫਿਆਂ ਵਿੱਚ ਹੋਰ ਵਾਧਾ ਕੀਤਾ ਜਾ ਸਕੇਗਾ । ਫਿਰ ਜਿਆਦਾ ਜੀਵਨੀਆਂ ਛਾਪੀਆਂ ਜਾ ਸਕਣਗੀਆਂ । ਅਸੀਂ ਆਪਣ ਪਾਠਕਾਂ ਨੂੰ ਇਹ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਉਹ ਸਾਨੂੰ ਵੱਧ ਤੋਂ ਵੱਧ ਸ਼ਹੀਦਾਂ ਦੀਆਂ ਜੀਵਨੀਆਂ ਬਿਓਰੇ ਅਤੇ ਫੋਟੋਆਂ ਭੇਜਦੇ ਰਹਿਣ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਹਨਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਛਾਪਿਆ ਜਾ ਸਕੇ । ਪਾਠਕਾਂ ਕੋਲ ਜਿਹੜੇ ਵੀ ਸ਼ਹੀਦਾਂ ਦੀ ਫੋਟੋ ਹੈ, ਉਹ ਨਾਂ, ਪਤਾ ਅਤੇ ਸ਼ਹੀਦੀ ਦਾ ਵੇਰਵਾ ਲਿਖਕੇ ਫੌਰਨ ਸਾਨੂੰ ਭੇਜੇ । ਅਸੀਂ ਖਾੜਕੂ ਲਹਿਰ ਦੇ ਸ਼ਹੀਦ ਦਾ ਪੂਰਾ ਰਿਕਾਰਡ ਤਿਆਰ ਕਰਨ ਅਤੇ ਉਸਨੂੰ ਯਾਦਗਾਰੀ ਢੰਗ ਨਾਲ ਸੰਭਾਲਣਾ ਚਾਹੁੰਦੇ ਹਾਂ । ਇਹ ਕਾਰਜ ਬਹੁਤ ਵੱਡਾ ਹੈ । ਇਸ ਵਿੱਚ ਸਾਨੂੰ ਸਾਡੇ ਪਾਠਕਾਂ ਦੇ ਸਰਗਰਮ ਸਹਿਯੋਗ ਦੀ ਜਰੂਰਤ ਹੈ । ਉਮੀਦ ਹੈ ਕਿ ਸਾਡੇ ਪਾਠਕ ਸਾਡੀ ਇਸ ਅਪੀਲ ਦਾ ਹਮੇਸ਼ਾਂ ਵਾਂਗ ਭਰਪੂਰ ਹੁੰਗਾਰਾ ਭਰਨਗੇ ।

---

ਮੈਨੂੰ ਬੀਬੀ ਬਿਮਲ ਕੌਰ ਖਾਲਸਾ, ਭਾਈ ਗੁਰਜੰਟ ਸਿੰਘ ਰਾਜਸਥਾਨੀ ਅਤੇ ਮੇਰ ਆਪਣੇ ਹਲਕੇ ਦੇ ਪਿਆਰੇ ਵੀਰ ਭਾਈ ਬਲਵਿੰਦਰ ਸਿੰਘ ਜਟਾਣਾ, ਭਾਈ ਚਰਨਜੀਤ ਸਿੰਘ ਚੰਨਾ ਦੀ ਸ਼ਹੀਦੀ ਦਾ ਬਹੁਤ ਦੁੱਖ ਹੋਇਆ ਹੈ । ਹੁਣ ਮੈਂ ਵੀ ਖਾੜਕੂ ਸੰਘਰਸ਼ ਦਾ ਸਾਥ ਦੇਣ ਦਾ ਫੈਸਲਾ ਕਰ ਲਿਆ ਹੈ । ਕੀ ਖਾੜਕੂ ਜਥੇਬੰਦੀਆਂ ਭੈਣਾਂ ਨੂੰ ਵੀ ਆਪਣੇ ਵਿੱਚ ਸ਼ਾਮਲ ਕਰਦੀਆਂ ਹਨ ? ਕੀ ਮੈਨੂੰ ਵੀ ਪੰਥ ਦੀ ਸੇਵਾ ਕਰਨ ਦਾ ਮੌਕਾ ਦੇਣਗੀਆਂ ?

*ਨਿਰਮਲ ਕੌਰ (ਜ਼ਿਲ੍ਹਾ ਰੋਪੜ)*

### ਨਵੇਂ ਜ਼ਮਾਨੇ ਦੇ ਸੰਪਾਦਕ ਜਗਜੀਤ ਸਿੰਘ ਆਨੰਦ ਦਾ

# ਮਜ਼ਦੂਰ ਪੱਖੀ ਬੁਰਕਾ ਵੀ ਲੀਰੋ-ਲੀਰ

ਅਖ਼ੀਰ ਜਗਜੀਤ ਸਿੰਘ ਆਨੰਦ ਦਾ ਮਜ਼ਦੂਰ ਪੱਖੀ ਮੁਖੌਟਾ ਵੀ ਉਤਰ ਹੀ ਗਿਆ ਹੈ। ਪੰਜਾਬ ਤੇ ਸਿੱਖ ਦੁਸ਼ਮਣੀ ਪਾਲਣ ਦਾ ਪੂਰਾ ਨਾਮਣਾ ਖੱਟ ਚੁੱਕੇ ਇਸ ਸ਼ਖ਼ਸ ਦੇ ਚਿਹਰੇ ਤੋਂ ਰਹਿੰਦਾ-ਖੂੰਹਦਾ ਲੋਕ ਪੱਖੀ ਨਕਾਬ ਵੀ ਲਹਿ ਗਿਆ ਹੈ। ਖੋਲਿਓਂ ਨਿਕਲਿਆ ਹੈ ਇੱਕ ਨੀਚ ਬਿਰਤੀ ਦਾ ਮਾਲਕ ਵਿਅਕਤੀ। ਕਬਰ 'ਚ ਲੱਤਾਂ ਲਟਕਾਈ, ਆਪਣੀ ਅੰਤਮ ਉਮਰੇ, ਚੰਦ ਛਿੱਲੜਾਂ ਤੇ ਸਹੂਲਤਾਂ ਮਗਰ ਲਾਲਾਂ ਸੁਟੀ ਫਿਰਦਾ ਪੁਲੀਸ ਦਾ ਕਲਮੀ ਟਾਊਟ।

ਸਾਰੀ ਉਮਰ ਦੁਨੀਆਂ ਭਰ ਦੇ ਮਜ਼ਦੂਰਾਂ ਦੇ ਹੱਕ 'ਚ ਹੋਕਰੇ ਮਾਰਨ ਵਾਲੇ ਇਸ ਵਿਅਕਤੀ ਨੂੰ ਨਵੇਂ ਜ਼ਮਾਨੇ ਦੇ 30 ਦੇ ਕਰੀਬ ਮਜ਼ਦੂਰਾਂ ਨੂੰ ਇੱਕ ਦਮ ਨੌਕਰੀਓਂ ਜੁਆਬ ਦੇਂਦੇ ਹੋਏ ਰਤਾ ਭਰ ਵੀ ਸੰਗ ਮਹਿਸੂਸ ਨਹੀਂ ਹੋਈ। ਜਿਨ੍ਹਾਂ ਮਜ਼ਦੂਰਾਂ ਨੇ, ਆਪਣੀ ਸਾਰੀ ਜ਼ਿੰਦਗੀ ਸੀ.ਪੀ.ਆਈ. ਦਾ ਪਾਰਟੀ ਅਖ਼ਬਾਰ ਕੱਢਣ ਨੂੰ ਆਪਣੀ ਜ਼ਿੰਮੇਵਾਰੀ ਸਮਝਿਆ, ਉਨ੍ਹਾਂ ਦੀ ਛਾਂਟੀ ਕਰਨ ਵੇਲੇ ਇਸ ਸ਼ਖ਼ਸ ਨੇ ਇੱਕ ਮਹੀਨੇ ਦਾ ਕਾਨੂੰਨੀ ਨੋਟਿਸ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ, ਕਿ ਘੱਟੋ-ਘੱਟ ਇਹ ਮਜ਼ਦੂਰ ਆਪਣੇ ਬਦਲਵੇਂ ਰੋਜ਼ਗਾਰ ਦਾ ਪ੍ਰਬੰਧ ਹੀ ਕਰ ਲੈਣ। ਹਰ ਦਮ ਸੰਵਿਧਾਨ ਨੂੰ ਮੰਨਣ ਦੀਆਂ ਟਾਹਰਾਂ ਮਾਰਨ ਵਾਲੇ ਇਸ ਸ਼ਖ਼ਸ ਨੇ ਸਾਰੇ ਸਨਅਤੀ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵੇਲੇ ਪਲ ਭਰ ਵੀ ਨਹੀਂ ਸੋਚਿਆ। ਇਸ ਮਸਲੇ ਬਾਰੇ ਜਗਜੀਤ ਸਿੰਘ ਅਨੰਦ ਦੀ ਹੋ ਰਹੀ ਥੂਹ-ਥੂਹ ਬਿਲਕੁਲ ਜਾਇਜ਼ ਅਤੇ ਹੱਕੀ ਹੈ। ਉਸਦਾ ਇਹ ਕਹਿਣਾ ਕਿ ਇਹ ਮਜ਼ਦੂਰ ਨਵੇਂ ਜ਼ਮਾਨੇ ਨਾਲ ਸਬੰਧਤ ਨਾ ਹੋ ਕੇ ਆਵਾਮੀ ਪ੍ਰਿੰਟਿੰਗ ਪ੍ਰੈਸ ਨਾਲ ਸਬੰਧਤ ਸਨ ਐਵੇਂ ਢੁੱਚਰਾਂ ਡਾਹੁਣ ਵਾਲੀ ਗੱਲ ਹੈ। ਆਪਣੇ ਆਰੰਭ ਤੋਂ ਹੀ ਨਵਾਂ ਜ਼ਮਾਨਾ ਅਖ਼ਬਾਰ ਇਸੇ ਪ੍ਰੈਸ ਤੋਂ ਛਪਦਾ ਰਿਹਾ ਹੈ ਅਤੇ ਸਭ ਜਾਣਕਾਰ ਹਲਕਿਆਂ ਨੂੰ ਪਤਾ ਹੈ ਕਿ ਨਵਾਂ ਜ਼ਮਾਨਾ ਅਖ਼ਬਾਰ ਤੇ ਆਵਾਮੀ ਪ੍ਰਿੰਟਿੰਗ ਪ੍ਰੈਸ ਅਮਲੀ ਰੂਪ 'ਚ ਇੱਕੋ ਹੀ ਅਦਾਰੇ ਦੇ ਦੋ ਹਿੱਸੇ ਰਹੇ ਹਨ ਤੇ ਪਿਛਲੇ 23 ਮਹੀਨਿਆਂ ਤੋਂ ਇਹ ਜਗਜੀਤ ਸਿੰਘ ਅਨੰਦ ਦੀ ਸਿੱਧੀ ਦੇਖ-ਰੇਖ ਹੇਠ ਕੰਮ ਕਰ ਰਹੇ ਸਨ। ਜਗਜੀਤ ਸਿੰਘ ਅਨੰਦ ਦੀਆਂ ਇਹ ਥੋਥੀਆਂ ਦਲੀਲਾਂ ਉਸਦੇ ਦੰਭੀ ਚਿਹਰੇ ਨੂੰ ਹੋਰ ਨੰਗਿਆਂ ਕਰਨ 'ਚ ਸਹਾਈ ਹੋਈਆਂ ਹਨ। ਇਨ੍ਹਾਂ ਮਜ਼ਦੂਰਾਂ ਨਾਲ ਲੋਕਾਂ ਦੀ ਹਮਦਰਦੀ ਹੋਣੀ ਬਿਲਕੁਲ ਦਰੁੱਸਤ ਹੈ।

ਪਰ ਪੰਜਾਬ ਦੇ ਅਜੋਕੇ ਮਹੌਲ 'ਚ ਗੱਲ ਸਿਰਫ਼ ਏਨੀ ਨਹੀਂ ਹੈ। ਇਸ ਮਾਮਲੇ 'ਚ ਸਭ ਤੋਂ ਮਹੱਤਵਪੂਰਨ ਗੱਲ ਜਗਜੀਤ ਸਿੰਘ ਅਨੰਦ ਦੇ ਮਜ਼ਦੂਰ ਪੱਖੀ ਬੁਰਕੇ ਦਾ ਲੀਰੋ-ਲੀਰ ਹੋਣਾ ਹੈ। ਹੁਣ ਤੱਕ ਪੰਜਾਬ ਤੇ ਸਿੱਖ ਜਗਤ ਨਾਲ ਆਪਣੀ ਦੁਸ਼ਮਣੀ ਪਾਲਣ ਕਰਕੇ ਇਹ ਸ਼ਖ਼ਸ ਪੂਰੀ ਤਰ੍ਹਾਂ ਬਦਨਾਮ ਸੀ। "ਅੱਤਵਾਦ" ਦਾ ਜਨੂੰਨੀ ਵਿਰੋਧ ਕਰਨ ਲਈ ਇਹ ਸ਼ਖ਼ਸ ਗੋਬਿੰਦ ਰਾਮ, ਸੁਮੇਧ ਸੈਣੀ ਤੇ ਮੱਖਣ ਸਿੰਘ ਵਰਗੇ ਵਹਿਸ਼ੀ ਪੁਲਿਸ ਅਫ਼ਸਰਾਂ ਦੇ ਵੀ ਸੋਹਲੇ ਗਾਉਣ ਦੀ ਹੱਦ ਤੱਕ ਨਿਘਰ ਗਿਆ ਹੈ। ਪੁਲਿਸ ਦਾ ਇਹ ਕਲਮੀ ਟਾਊਟ ਹੁਣ ਤੱਕ ਪੂਰੀ ਬੇਸ਼ਰਮੀ ਨਾਲ ਪੁਲਿਸ ਜ਼ੁਲਮਾਂ ਨੂੰ ਠੀਕ ਠਹਿਰਾਉਂਦਾ ਆ ਰਿਹਾ ਹੈ।

ਨਿਰਪੱਖ ਪੱਤਰਕਾਰੀ ਦੇ ਅਸੂਲਾਂ ਨੂੰ ਬੁਲੰਦ ਕਰਨ ਪੱਖੋਂ ਵੀ ਇਸਦਾ ਵਿਹਾਰ ਬੇ-ਅਸੂਲਾ ਹੈ। ਅਜੀਤ ਅਖ਼ਬਾਰ ਨੂੰ ਭੇਜੇ ਨੋਟਿਸ ਵਿੱਚ ਇਸ ਨੇ ਆਪ ਮੰਨਿਆ ਹੈ ਕਿ ਉਹ ਪਰੈਸ ਕੌਂਸਲ ਤੇ ਐਡੀਟਰਜ਼ ਗਿਲਡ ਵਰਗੀਆਂ ਹੋਰਨਾਂ ਜੱਥੇਬੰਦੀਆਂ ਨੂੰ ਅਜੀਤ ਵਿਰੁੱਧ ਭੜਕਾਉਂਦਾ ਰਿਹਾ ਹੈ। ਇਸਦਾ ਤਰਕ ਇਹ ਹੈ ਕਿ ਅਜੀਤ 'ਅੱਤਵਾਦੀਆਂ' ਦੀਆਂ ਖ਼ਬਰਾਂ ਕਿਉਂ ਛਾਪਦਾ ਹੈ। ਜਦੋਂ ਖ਼ਾੜਕੂਆਂ ਨੇ ਪ੍ਰੈਸ ਨੂੰ ਅਪੀਲ ਕੀਤੀ ਕਿ ਉਨ੍ਹਾਂ ਨਾਲ 'ਅੱਤਵਾਦੀ' 'ਵੱਖਵਾਦੀ' ਵਰਗੇ ਵਿਸ਼ੇਸ਼ਣ ਲਾਉਣ ਦੀ ਬਜਾਏ ਉਨ੍ਹਾਂ ਨੂੰ ਖਾੜਕੂ ਕਿਹਾ ਜਾਵੇ ਤਾਂ ਸੀ.ਆਰ.ਪੀ. ਦੀਆਂ ਐਸਕਾਰਟਾਂ ਦੀ ਛਾਂ ਹੇਠ ਸਰਕਾਰੀ ਜਿਪਸੀਆਂ ਦਾ ਅਨੰਦ ਮਾਣ ਰਹੇ ਇਸ ਸੱਜਣ ਨੇ ਪੰਜਾਬ ਦੇ ਮਾਹੌਲ 'ਚ ਹੋਰ ਭੜਕਾਹਟ ਪੈਦਾ ਕਰਨ ਲਈ ਉਨ੍ਹਾਂ ਨੂੰ 'ਅੱਤਵਾਦੀ' 'ਦਹਿਸ਼ਤਗਰਦ' ਕਹਿਣਾ ਜਾਰੀ ਰੱਖਿਆ। ਹੁਣ ਇਸ ਵਿਅਕਤੀ ਨੂੰ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਸਰਕਾਰ ਸਮੇਤ ਸਾਰੀਆਂ ਸਿਆਸੀ ਧਿਰਾਂ ਇਹ ਮੰਨਦੀਆਂ ਹਨ ਕਿ ਖਾੜਕੂ ਪੰਜਾਬ ਦੇ ਅੰਦਰ ਇਕ ਪੂਰੀ ਸਿਆਸੀ ਧਿਰ ਬਣ ਚੁੱਕੇ ਹਨ ਤਾਂ ਉਨ੍ਹਾਂ ਦੀਆਂ ਖ਼ਬਰਾਂ ਨਾ ਛਾਪਣਾ ਜਾਂ ਉਨ੍ਹਾਂ ਨੂੰ ਘਟੀਆ ਸ਼ਬਦ ਵਰਤ ਕੇ ਭੜਕਾਉਣਾ ਕਿਹੜੀ ਪੱਤਰਕਾਰੀ ਦੇ ਅਸੂਲਾਂ ਤਹਿਤ ਆਉਂਦਾ ਹੈ। ਆਪਣੀ ਜ਼ਮੀਰ ਗਹਿਣੇ ਪਾ ਚੁੱਕਾ ਇਹ ਵਿਅਕਤੀ ਏਡਾ ਬੇਸ਼ਰਮ ਹੈ ਕਿ ਪਿਛਲੇ ਦਿਨੀਂ ਭੈਣੀ ਬਾਸਰਕੇ ਪਿੰਡ ਵਿੱਚ ਜਗੀਰ ਸਿੰਘ ਖਾੜਕੂ ਦੇ ਭਰਾ ਦੇ ਵਿਆਹ ਦੇ ਸਮੇਂ ਪੁਲਸੀ ਕੈਟਾਂ ਵੱਲੋਂ ਉਸ ਦੇ ਪਰਿਵਾਰ ਦੇ 18 ਜੀਆਂ ਦੇ ਦਰਦਨਾਕ ਕਤਲਾਂ ਨੂੰ ਸੁਣ ਕੇ ਜਦੋਂ ਸਾਰਾ ਪੰਜਾਬ ਤ੍ਰਾਹ-ਤ੍ਰਾਹ ਕਰ ਰਿਹਾ ਸੀ ਤਾਂ 25 ਨਵੰਬਰ ਦੇ ਨਵਾਂ ਜ਼ਮਾਨੇ 'ਚ ਇਸ ਨੇ ਇਸ ਕਤਲੇਆਮ ਨੂੰ ਏਨੀ ਗੰਦੀ ਤੇ ਭੜਕਾਊ ਸੁਰਖੀ ਲਾ ਕੇ ਛਾਪਿਆ ਹੈ ਕਿ ਦਰੁੱਸਤ ਸੋਚਣੀ ਵਾਲਾ ਮਨੁੱਖ ਮੂੰਹ ਵਿੱਚ ਉਂਗਲਾਂ ਪਾ ਕੇ ਸੋਚਣ ਲੱਗ ਪੈਂਦਾ ਹੈ ਕਿ ਕੀ ਇਸ ਹੱਦ ਤੱਕ ਵੀ ਨਿਘਾਰਿਆ ਜਾ ਸਕਦਾ ਹੈ।

ਏਨੀ ਨੰਗੀ ਚਿੱਟੀ ਪੰਜਾਬ ਤੇ ਸਿੱਖ ਦੁਸ਼ਮਣੀ ਦੇ ਬਾਵਜੂਦ ਇਹ ਵਿਅਕਤੀ ਹੁਣ ਤੱਕ ਸੀ.ਪੀ.ਆਈ. ਦੇ ਕੁਝ ਪੁਰਾਣੇ ਪ੍ਰਭਾਵ ਤੇ ਆਪਣੀਆਂ ਮਜ਼ਦੂਰ ਪੱਖੀ ਟਾਹਰਾਂ ਦੇ ਸਿਰ 'ਤੇ ਕੁਝ ਸਿਆਸੀ ਭੱਲ ਬਣਾਈ ਬੈਠਾ ਸੀ। ਪਰ ਹੁਣ ਨਵੇਂ ਜ਼ਮਾਨੇ 'ਚੋਂ 30 ਮਜ਼ਦੂਰਾਂ ਨੂੰ ਇੰਝ ਜ਼ਲੀਲ ਕਰਕੇ ਕੱਢਣ ਦੀ ਕਾਰਵਾਈ ਨੇ ਇਸ ਦਾ ਮਜ਼ਦੂਰ ਪੱਖੀ ਮਖੌਟਾ ਵੀ ਵਗਾਹ ਮਾਰਿਆ ਹੈ। ਇਸ ਦਾ ਵੱਲ ਦੇਖ ਕੇ ਹੁਣ ਸਮਝ ਆਉਂਦਾ ਹੈ ਕਿ ਰੂਸ ਵਿੱਚ "ਕਮਿਊਨਿਸਟ" ਆਗੂਆਂ ਦੀ ਏਨੀ ਦੁਰਗਤੀ ਕਿਉਂ ਹੋ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਇੱਥੇ ਪੰਜਾਬ ਅੰਦਰ ਵੀ ਇਹੋ ਜਿਹੇ ਸ਼ਖ਼ਸਾਂ ਨੂੰ ਸ਼ਰੇ-ਬਜ਼ਾਰ ਧੂਹ ਕੇ ਲੋਕ ਇਨ੍ਹਾਂ ਕੋਲੋਂ ਹਿਸਾਬ ਮੰਗਣਗੇ।

## ਸੰਪਾਦਕ ਵੀਰ ਆਪਣਾ ਰੋਲ ਪਛਾਣਨ

ਪੰਜਾਬੀ ਨੂੰ ਤਿੰਨ ਪਾਸਿਆਂ ਤੋਂ ਢਾਅ ਲਾਈ ਜਾ ਰਹੀ ਹੈ। ਪ੍ਰਚਲਤ ਸ਼ਬਦਾਂ ਦੀ ਥਾਂ ਸੰਸਕ੍ਰਿਤ ਤੇ ਹਿੰਦੀ ਦੇ ਸ਼ਬਦ ਵਰਤਣ ਵਾਲੇ ਪਾਸਿਉਂ, ਸੰਸਕ੍ਰਿਤ ਤੇ ਹਿੰਦੀ ਦੇ ਪ੍ਰਭਾਵ ਹੇਠ ਸ਼ਬਦ-ਜੋੜ ਗਲਤ ਵਰਤਣ ਵਾਲੇ ਪਾਸਿਉਂ, ਵਾਕ-ਬਣਤਰ ਗਲਤ ਬਣਾਉਣ ਵਾਲੇ ਪਾਸਿਉਂ। 'ਕਾਂਗਿਆਰੀ' ਕਾਲਮ ਵਿੱਚ ਪਹਿਲਾ ਪੱਖ ਹੀ ਲਿਆ ਜਾ ਰਿਹਾ ਹੈ। ਦੂਸਰੇ ਪੱਖਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਪੰਜਾਬੀ ਨੂੰ ਸਿਰਫ਼ ਪੰਜਾਬੀ ਅਖ਼ਬਾਰਾਂ ਹੀ ਨਹੀਂ, ਰੇਡੀਓ, ਟੈਲੀਵੀਜ਼ਨ, ਡਿਕਸ਼ਨਰੀਆਂ ਤਿਆਰ ਕਰਨ ਵਾਲੇ, ਯੂਨੀਵਰਸਿਟੀਆਂ ਦੇ ਪਬਲੀਕੇਸ਼ਨ ਵਿਭਾਗ, ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਅਤੇ ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੀ ਬਹੁਤ ਵੱਡੀ ਸੱਟ ਮਾਰ ਰਹੇ ਹਨ। ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਅਤੇ ਟੈਕਸਟ ਬੋਰਡ ਵਲੋਂ ਪੰਜਾਬੀ ਵਿੱਚ ਛਾਪੀਆਂ ਜਾ ਰਹੀਆਂ ਕਿਤਾਬਾਂ ਵਿੱਚ ਬਹੁਤ ਵੱਡੀ ਪੱਧਰ 'ਤੇ ਸੰਸਕ੍ਰਿਤ ਵਰਤੀ ਜਾ ਰਹੀ ਹੈ। ਜੇ ਅਸੀਂ ਮਾਂ-ਬੋਲੀ ਦੀ ਰਾਖੀ ਕਰਨੀ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰਿਆਂ ਦੇ ਖ਼ਿਲਾਫ਼ ਜਦੋ-ਜਹਿਦ ਸ਼ੁਰੂ ਕਰਨੀ ਪਵੇਗੀ।

*ਗੁਰਬੀਰ ਸਿੰਘ, ਮਾਨਾਵਾਲਾ, ਅੰਮ੍ਰਿਤਸਰ।*

# ਕਸ਼ਮੀਰ ਅੰਦਰ ਖਾੜਕੂ ਲਹਿਰ ਦੀ ਚੜ੍ਹਤ

ਸ੍ਰੀ ਨਗਰ ਦੀਆਂ ਗਲੀਆਂ ਵਿੱਚ ਬੰਦੂਕਾਂ ਹੀ ਬੰਦੂਕਾਂ ਨਜ਼ਰ ਆਉਂਦੀਆਂ ਹਨ । ਕਿਧਰੇ ਇਹਨਾਂ ਨੂੰ ਸੁਰੱਖਿਆ ਦਸਤੇ ਚੁੱਕੀ ਫਿਰਦੇ ਹਨ ਕਿਧਰੇ ਕਸ਼ਮੀਰੀ ਖਾੜਕੂ । ਏਡੀ ਵੱਡੀ ਗਿਣਤੀ ਵਿੱਚ ਬੰਦੂਕਾਂ ਦਾ ਬਾਹਰ ਨਿਕਲ ਆਉਣਾ ਦਿਖਾਉਂਦਾ ਹੈ ਕਿ ਇਸ ਸਰਹੱਦੀ ਸੂਬੇ ਅੰਦਰ ਹਾਲਤ ਕਿਸ ਹੱਦ ਤੱਕ ਵਿਗੜ ਰਹੀ ਹੈ ।

ਇਕ ਸਮਾਂ ਸੀ ਜਦੋਂ ਖਾੜਕੂ ਸੁਰੱਖਿਆ ਦਸਤਿਆਂ ਦੇ ਮੋਰਚਿਆਂ 'ਤੇ ਹਮਲਾ ਕਰਕੇ ਸ੍ਰੀ ਨਗਰ ਦੇ ਅੰਦਰਲੇ ਇਲਾਕਿਆਂ ਵਿੱਚ ਲੁਕ-ਛਿਪ ਜਾਂਦੇ ਸਨ । ਹੁਣ ਉਹ ਹਮਲਾ ਕਰਨ ਪਿੱਛੋਂ ਭੱਜਦੇ ਨਹੀਂ ਸਗੋਂ ਜੰਮ ਕੇ ਲੜਾਈ ਕਰਦੇ ਹਨ । ਇਹ ਆਹਮੋ- ਸਾਹਮਣੀ ਲੜਾਈ ਕਈ ਕਈ ਘੰਟੇ ਚਲਦੀ ਰਹਿੰਦੀ ਹੈ । ਕਸ਼ਮੀਰੀ ਖਾੜਕੂਆਂ ਦੀ ਲੜਾਈ ਦੇ ਇਸ ਨਵੇਂ ਢੰਗ ਤੋਂ ਪਤਾ ਲਗਦਾ ਹੈ ਕਿ ਉਹ ਕਿਸ ਹੱਦ ਤੱਕ ਟਰੇਂਡ ਹੋ ਚੁੱਕੇ ਹਨ । ਖਾੜਕੂਆਂ ਨੂੰ ਟਰੇਨਿੰਗ ਕਸ਼ਮੀਰ ਦੇ ਅੰਦਰ ਵੀ ਦਿੱਤੀ ਜਾ ਰਹੀ ਹੈ ਅਤੇ ਬਾਹਰ ਵੀ ।

ਕਸ਼ਮੀਰ ਅੰਦਰਲੀ ਇਸ ਲੜਾਈ ਬਾਰੇ ਦੋ ਧਿਰਾਂ ਬਣ ਚੁੱਕੀਆਂ ਹਨ । ਅਫਸਰਸ਼ਾਹੀ ਇਸ ਨੂੰ ਦੇਸ਼ ਵਿਰੁੱਧ ਅਸਿਧੀ ਜਾਂ ਅਣ-ਐਲਾਨੀ ਜੰਗ ਕਰਾਰ ਦੇ ਰਹੀ ਹੈ । ਲੋਕ, ਭਾਰਤੀ ਸੁਰੱਖਿਆ ਦਸਤਿਆਂ ਨੂੰ ''ਧਾੜਵੀ ਫੌਜ'' ਕਹਿੰਦੇ ਹਨ ਅਤੇ ਇਸ ਦੀਆਂ ਕਾਰਵਾਈਆਂ ਦੀ ਆਲੋਚਨਾ ਕਰ ਰਹੇ ਹਨ । ਕਸ਼ਮੀਰ ਦੀ ਹਾਲਤ ਬਾਰੇ ਇਹਨਾਂ ਵੱਖ-ਵੱਖ ਵਿਚਾਰਾਂ ਪਿਛੇ ਕੰਮ ਕਰਦੀਆਂ ਭਾਵਨਾਵਾਂ ਨੂੰ ਸਮਝਣਾ ਔਖਾ ਨਹੀਂ । ਆਪੋ ਆਪਣੀ ਧਿਰ ਦੇ ਨਜ਼ਰੀਏ ਤੋਂ ਦੇਖਿਆ ਦੋਵੇਂ ਤਰ੍ਹਾਂ ਦੇ ਵਿਚਾਰ ਹੀ ਸੱਚੇ ਹਨ । ਵਿਚਾਰਾਂ ਦੇ ਇਸ ਵਖਰੇਵੇਂ ਦੀਆਂ ਗੰਭੀਰ ਅਰਥ-ਸੰਭਾਵਨਾਵਾਂ ਹਨ ।

ਕਸ਼ਮੀਰ ਵਰਗੀ ਹਾਲਤ ਵਿੱਚ ਸੂਝ-ਬੂਝ ਕਾਇਮ ਰੱਖਣੀ ਜਾਂ ਨਿਰਪੱਖ ਰਹਿਣਾ ਸੌਖਾ ਕੰਮ ਨਹੀਂ । ਇਥੋਂ ਤੱਕ ਕਿ ਕਸ਼ਮੀਰੀ ਸਰਕਾਰੀ ਮੁਲਾਜ਼ਮਾਂ ਤੇ ਪੁਲਸ ਵਾਲਿਆਂ 'ਤੇ ਵੀ ਦੋਵਾਂ ਪਾਸਿਆਂ ਤੋਂ ਦਬਾ ਪੈ ਰਿਹਾ ਹੈ । ਇਨ੍ਹਾਂ 'ਤੇ ਕੰਮ ਵਿਰੋਧੀ ਹੋਣ ਦੇ ਬਾਰ ਬਾਰ ਦੋਸ਼ ਲਾਏ ਜਾ ਰਹੇ ਹਨ ।

ਅਫਸਰਸ਼ਾਹੀ ਚਾਹੁੰਦੀ ਹੈ ਕਿ ਤੁਸੀਂ ਇਸ ਗੱਲ 'ਤੇ ਯਕੀਨ ਕਰ ਕਿ ਕਸ਼ਮੀਰੀ ਲੋਕ 'ਖਾੜਕੂ ਲਹਿਰ ਤੋਂ ਤੰਗ'' ਆਏ ਹੋਏ ਹਨ । ਉਹ ਸਿਰਫ ਬੰਦੂਕ ਦੇ ਡਰ ਕਾਰਨ ਹੀ ਵੱਖਵਾਦੀਆਂ ਦੀ ਹਮਾਇਤ ਕਰ ਰਹੇ ਹਨ । ਨਿਤ-ਦਿਨ ਦੇ ਕੰਮ-ਕਾਜ ਵਿੱਚ ਵਿਘਨ ਪੈਣ ਕਰਕੇ ਉਹ ਖਾੜਕੂਆਂ ਨਾਲ ਬਹੁਤ ਨਰਾਜ਼ ਹਨ ।

ਦੂਜੇ ਪਾਸੇ ਖਾੜਕੂਆਂ ਦਾ ਦਾਅਵਾ ਹੈ ਕਿ ਉਹਨਾਂ ਨੇ ਸੁਰੱਖਿਆ ਦਸਤਿਆਂ ਦਾ ਵੱਡਾ ''ਜਾਨੀ ਨੁਕਸਾਨ'' ਕੀਤਾ ਹੈ । ਉਹਨਾਂ ਨੇ ਕੁਝ ਇਲਾਕੇ ''ਅਜ਼ਾਦ'' ਕਰਾ ਲਏ ਹਨ ਅਤੇ ਇਸ ਤਰ੍ਹਾਂ ਉਹ ਆਪਣੇ ਸੰਘਰਸ਼ ਨੂੰ ਉਚੇ ਪੜਾਅ 'ਤੇ ਲੈ ਗਏ ਹਨ ।

ਅਹਿਮ ਮਾਮਲਿਆਂ ਦੇ ਇੰਚਾਰਜ ਇਕ ਸਰਕਾਰੀ ਅਫਸਰ ਨੇ ਸਾਡੇ ਕੋਲ ਮੰਨਿਆ ਕਿ ''ਖਾੜਕੂ ਲਹਿਰ ਹੋਰ ਵਧ ਗਈ ਹੈ । ਹੁਣ ਪਹਿਲਾਂ ਨਾਲੋਂ ਵੀ ਵੱਧ ਨੌਜਵਾਨ (ਪਾਕਿਸਤਾਨ) ਜਾ ਆ ਰਹੇ ਹਨ ।'' ਉਸ ਅਫਸਰ ਅਨੁਸਾਰ ਹੁਣ ਖਾੜਕੂ ਆਪਣੇ ਕਾਡਰ ਦੀ ਚੋਣ ਵੱਧ ਧਿਆਨ ਨਾਲ ਕਰਦੇ ਹਨ ਅਤੇ ਉਹ ਇਕ ਲੰਮੇ ਸੰਘਰਸ਼ ਲਈ ਤਿਆਰ ਹੋ ਚੁੱਕੇ ਹਨ । ਸਾਰਾ ਕੁਝ ਹੱਥੋਂ ਨਿਕਲਦਾ ਜਾ ਰਿਹਾ ਹੈ । ਸੁਰੱਖਿਆ ਦਸਤੇ ਖਾੜਕੂ ਲਹਿਰ ਨੂੰ ਮੋੜਾ ਪਾਉਣ 'ਚ ਅਸਫਲ ਰਹਿ ਰਹੇ ਹਨ । ਖਾੜਕੂਆਂ ਨੇ ਸਾਰੇ ਪ੍ਰਬੰਧਕੀ ਢਾਂਚੇ ਨੂੰ ਧਮਕਾਇਆ ਹੋਇਆ ਹੈ । ਸ੍ਰੀ ਨਗਰ ਦੇ ਸਕੱਤਰੇਤ ਤੋਂ ਬਾਹਰ ਕਿਸੇ ਦਫਤਰ 'ਚ ਕੋਈ ਕੰਮ ਨਹੀਂ ਹੁੰਦਾ । ਇਥੋਂ ਤੱਕ ਕਿ ਸਕੱਤਰੇਤ ਵਿੱਚ ਵੀ ਸਿਰਫ ਨਾਂ ਦਾ ਹੀ ਕੰਮ ਹੁੰਦਾ ਹੈ । ਸਤੰਬਰ ਵਿੱਚ ਅਲ-ਉਮਰ ਮੁਜਾਹਦੀਨ ਜਥੇਬੰਦੀ ਦੇ ਸੱਦੇ 'ਤੇ ਸਕੱਤਰੇਤ ਵਿੱਚ 10 ਦਿਨ ਹੜਤਾਲ ਰਹੀ । ਕੁਝ ਮੁਲਾਜ਼ਮ ਹੀ ਹਨ ਜਿਹੜੇ ਸੁਰੱਖਿਆ ਦਸਤਿਆਂ ਦੀ ਰਾਖੀ ਤੋਂ ਬਿਨਾਂ ਹਰ ਰੋਜ਼ ਕੰਮ 'ਤੇ ਆਉਂਦੇ ਹਨ ।''

ਇਸ ਅਫਸਰ ਦੇ ਕਹਿਣ ਮੁਤਾਬਕ ਕਸ਼ਮੀਰੀ ਲੋਕਾਂ ਨੂੰ ਇਸ ਗੱਲ ਦਾ ਪੱਕਾ ਯਕੀਨ ਹੋ ਗਿਆ ਹੈ ਕਿ ਭਾਰਤ ਸਰਕਾਰ ਕੋਲ ਕਸ਼ਮੀਰ ਬਾਰੇ ਕੋਈ ਸਪੱਸ਼ਟ ਨੀਤੀ ਨਹੀਂ ਹੈ । ਭਾਰਤ ਸਰਕਾਰ ਦਾ ਇਰਾਦਾ ਹਰ ਹੀਲੇ ਕਸ਼ਮੀਰ 'ਤੇ ਕਬਜ਼ਾ ਜਮਾਈ ਰੱਖਣਾ ਜਾਪਦਾ ਹੈ । ਕਸ਼ਮੀਰ ਵਿੱਚ ਹਰ ਰੋਜ਼ 15-20 ਕਤਲ ਹੁੰਦੇ ਹਨ । ਇਸ ਦਾ ਆਪਣਾ ਹੀ ਤਰਕ ਅਤੇ ਆਪਣੀਆਂ ਹੀ ਅਰਥ-ਸੰਭਾਵਨਾਵਾਂ ਹਨ ।

ਕਿਹਾ ਜਾਂਦਾ ਹੈ ਕਿ ਲੋਕਾਂ ਦੇ ਵੱਡੇ ਹਿੱਸੇ ਖਾੜਕੂਆਂ ਤੋਂ ਨਿਰਾਸ਼ ਹਨ । ਪਰ ਜਿਵੇਂ ਕਿ ਇਕ ਹੋਰ ਅਫਸਰ ਨੇ ਦੱਸਿਆ 'ਜੇ ਕਰਫਿਊ ਜਾਂ ਕੋਈ ਹੋਰ ਪਾਬੰਦੀ ਨਾ ਹੋਵੇ ਤਾਂ ਖਾੜਕੂਆਂ ਦੇ ਸੱਦੇ 'ਤੇ ਹਜ਼ਾਰਾਂ ਹੀ ਲੋਕ ਸੜਕਾਂ 'ਤੇ ਨਿਕਲ ਆਉਣਗੇ ।'

ਇਹ ਠੀਕ ਹੈ ਕਿ ਲੋਕ ਆਰਥਕ ਤੌਰ 'ਤੇ ਤੰਗੀ ਮਹਿਸੂਸ ਕਰ ਰਹੇ ਹਨ । ਉਹਨਾਂ ਨੂੰ ਖਾੜਕੂਆਂ ਅਤੇ ਸਰਕਾਰ ਵਿਚਕਾਰ ਚਲ ਰਹੀ ਹਥਿਆਰਬੰਦ ਟੱਕਰ ਦਾ ਕੋਈ ਹੱਲ ਵੀ ਨਜ਼ਰ ਨਹੀਂ ਆਉਂਦਾ ''ਫਿਰ ਵੀ ਲੋਕ ਖਾੜਕੂਆਂ ਨਾਲ ਹਮਦਰਦੀ ਰੱਖਦੇ ਹਨ । ਖਾੜਕੂ ਬਦੇਸ਼ੀਆਂ ਨੂੰ ਵੀ ਅਗਵਾ ਕਰ ਲੈਂਦੇ ਹਨ ਇਸਦੇ ਬਾਵਜੂਦ ਲੋਕਾਂ ਦੀ ਉਹਨਾਂ ਨਾਲ ਹਮਦਰਦੀ ਕਾਇਮ ਹੈ ।

ਇਕ ਹੋਰ ਅਫਸਰ ਨੇ ਪਹਿਲਾਂ ਸਵਾਲ ਕੀਤਾ ''ਇਹ ਮੁੰਡੇ ਕਿਥੋਂ ਆਉਂਦੇ ਹਨ ?'' ਫਿਰ ਆਪ ਹੀ ਆਪਣੇ ਸੁਆਲ ਦਾ ਜਵਾਬ ਦੇਂਦਿਆਂ ਕਿਹਾ ''ਸਾਡੇ ਆਪਣੇ ਘਰਾਂ 'ਚੋਂ'' । ਅਸਲ ਗੱਲ ਇਹ ਹੈ ਕਿ ਕਸ਼ਮੀਰ ਦੇ ਵੱਧ ਤੋਂ ਵੱਧ ਪਰਿਵਾਰ ਕਿਸੇ ਨਾ ਕਿਸੇ ਤਰੀਕੇ ਨਾਲ ਖਾੜਕੂ ਲਹਿਰ ਨਾਲ ਜੁੜਦੇ ਜਾ ਰਹੇ ਹਨ' ।

ਇਕ ਹੋਰ ਹਕੀਕਤ, ਜਿਸ ਵੱਲ ਧਿਆਨ ਦੇਣ ਦੀ ਲੋੜ ਹੈ, ਉਹ ਇਹ ਹੈ ਕਿ ਖਾੜਕੂ ਪੇਂਡੂ ਖੇਤਰਾਂ ਵਿੱਚ ਪੂਰੀ ਤਰ੍ਹਾਂ ਛਾ ਚੁੱਕੇ ਹਨ । ਉਹਨਾਂ ਵੱਲੋਂ ਫੈਲਾਇਆ ਜਾ ਚੁੱਕਿਆ ਤਾਣਾ-ਬਾਣਾ ਕਾਫੀ ਵੱਡਾ ਹੈ । ਪੇਂਡੂ ਖੇਤਰਾਂ ਅੰਦਰ ਖਾੜਕੂਆਂ ਨੂੰ ਮਿਲਣਾ ਕੋਈ ਔਖਾ ਨਹੀਂ ।

ਜਿਥੇ ਫੌਜੀ ਅਤੇ ਅਰਧ ਫੌਜੀ ਦਸਤੇ ਮੌਜੂਦ ਨਹੀਂ, ਉਥੇ ਖਾੜਕੂਆਂ ਦੀ ਪੂਰੀ ਚਲਦੀ ਹੈ । ਅਤੇ ਫੌਜ ਹਰ ਥਾਂ ਹਰ ਵੇਲੇ ਟਿਕੀ ਨਹੀਂ ਰਹਿ ਸਕਦੀ ।

ਹਿਜ਼ਬੁਲ ਮੁਜਾਹਦੀਨ, ਮੁਸਲਿਮ ਜਾਂਬਾਜ਼ ਫੋਰਸ ਤੇ ਅਲਬਰਕ ਵਰਗੀਆਂ ਜਥੇਬੰਦੀਆਂ ਦੀ ਪਿੰਡਾਂ ਅੰਦਰ ਕਾਫੀ ਤਾਕਤ ਹੈ । ਭੂਗੋਲਿਕ ਹਾਲਤ ਗੁਰੀਲਾ ਕਾਰਵਾਈਆਂ ਦੇ ਮੁਆਫਕ ਹੋਣ ਕਰਕੇ ਅਤੇ ਲੋਕਾਂ ਦੀ ਸਰਗਰਮ ਹਮਾਇਤ ਕਾਰਨ ਖਾੜਕੂ ਜਥੇਬੰਦੀਆਂ ਲਈ ਪਰੇਸ਼ਾਨੀ ਦਾ ਕੋਈ ਕਾਰਨ ਨਹੀਂ ਹੈ ।

ਅਜਿਹੀ ਹਾਲਤ ਵਿੱਚ ਜਦੋਂ ਮੈਡੀਕਲ ਰਿਕਾਰਡ ਨਾ ਮਿਲਦਾ ਹੋਵੇ ਸਥਾਨਕ ਪੁਲਿਸ ਕੋਈ ਜਾਣਕਾਰੀ ਮੁਹੱਈਆ ਨਾ ਕਰਦੀ ਹੋਵੇ, ਵੱਖ-ਵੱਖ ਸੋਮਿਆਂ ਤੋਂ ਤੱਥ ਇਕੱਠੇ ਕਰਨੇ ਸੰਭਵ ਨਾ ਹੋਵੇ ਤਾਂ ਪੇਂਡੂ ਲੋਕਾਂ ਦੇ ਬਿਆਨਾਂ 'ਤੇ ਹੀ ਯਕੀਨ ਕਰਨਾ ਬਣਦਾ ਹੈ । ਪੇਂਡੂ ਲੋਕਾਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਲੋਕ ਸਰਕਾਰ ਤੋਂ ਕਿੰਨੀ ਦੂਰ ਜਾ ਚੁੱਕੇ ਹਨ । ਨਿੱਜੀ ਤੌਰ 'ਤੇ ਕੁਝ ਲੋਕ ਇਹ ਵੀ ਮੰਨਦੇ ਹਨ ਕਿ ਖਾੜਕੂਆਂ ਦੀਆਂ ਬੰਦੂਕਾਂ ਤੋਂ ਡਰਦਿਆਂ ਵੀ ਲੋਕਾਂ ਨੇ ਆਪਣੀ ਇੱਛਾ ਦੇ ਉਲਟ ਕੰਮ ਕੀਤਾ ਹੈ ।

ਪਰ ਫਿਰ ਵੀ ਸਮਝਿਆ ਜਾਂਦਾ ਹੈ ਕਿ ਖਾੜਕੂ ਇੱਕ ਕਾਜ਼ ਲਈ ਲੜ ਰਹੇ ਹਨ । ਸੁਰੱਖਿਆ ਦਸਤਿਆਂ ਬਾਰੇ ਇਹ ਨਹੀਂ ਕਿਹਾ ਜਾ ਸਕਦਾ ।

(ਫਰੰਟ ਲਾਈਨ ਦੇ ਪੱਤਰਕਾਰ ਅੰਮ੍ਰਿਤ ਬਰੂਆ ਦੀ ਇੱਕ ਰਿਪੋਰਟ 'ਤੇ ਅਧਾਰਿਤ)

# ਨਾਵਾਂ ਨਾਲੋਂ ਜਾਤਪਾਤੀ ਪੂਛਾਂ ਲਾਹੁਣ ਬਾਰੇ

ਬਲਵੰਤ ਸਿੰਘ ਬਹੋੜੂ

ਉਨਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਸਿੱਖ ਧਰਮ ਪਰ ਆਰੀਆ ਸਮਾਜੀਆਂ ਅਤੇ ਇਸਾਈ ਪਾਦਰੀਆ ਨ ਜੋ ਹਮਲ ਕੀਤ ਉਹਨਾਂ ਤੋ ਸਿੱਖ ਪੰਥ ਨੂੰ ਬਚਾਉਣ ਲਈ ਸ. ਠਾਕਰ ਸਿੰਘ ਸੰਧਾਵਾਲੀਏ ਅਤੇ ਉਹਨਾਂ ਦੇ ਸਾਥੀਆਂ ਨੇ ਸਿੰਘ ਸਭਾ ਦੀ ਸੰਸਥਾ ਕਾਇਮ ਕੀਤੀ । ਇਸ ਰਾਹੀਂ ਉਹਨਾਂ ਪੰਥ 'ਚ ਪਾਈਆਂ ਜਾਣ ਵਾਲੀਆਂ ਬਿਪਰਨ ਰੀਤੀਆਂ ਨੂੰ ਬੜੇ ਸਢੱਜੇ ਢੰਗ ਰੋਕਿਆ । ਸ.ਠਾਕਰ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਦੇ ਅਕਾਲ ਚਲਾਣੇ ਪਿਛੋਂ ਇਹ ਸੰਸਥਾ ਚੀਫ ਖਾਲਸਾ ਦੀਵਾਨ ਵਿੱਚ ਬਦਲ ਗਈ ਅਤੇ ਵਿਦਿਅਕ ਖੇਤਰ ਵਿੱਚ ਇਸ ਨੇ ਬੜਾ ਯੋਗਦਾਨ ਪਾਇਆ ।

ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਮੈਂਬਰ ਅਤੇ ਹਮਾਇਤੀ ਆਮ ਤੌਰ 'ਤੇ ਪੜ੍ਹੇ ਲਿਖੇ ਅਤੇ ਖਾਂਦੇ ਪੀਂਦੇ ਘਰਾਣਿਆਂ ਦੇ ਨਿਯੁਕਤ ਹੁੰਦੇ ਹਨ । ਇਹ ਸੰਸਥਾ ਹਰ ਸਾਲ ਜਾਂ ਕੁਝ ਸਮੇਂ ਪਿਛੋਂ ਇੱਕ ਵਿਦਿਅਕ ਕਾਨਫਰੰਸ ਕਰਦੀ ਹੈ ਅਤੇ ਵੱਖ-ਵੱਖ ਸ੍ਰੋਤਿਆਂ ਦੇ ਸਮਾਗਮ ਕਰਕੇ ਅਤੇ ਉਨ੍ਹਾਂ ਦੇ ਸੁਝਾਵਾਂ ਨੂੰ ਮੁੱਖ ਰਖਕੇ ਮਤੇ ਪਾਸ ਕਰਦੀ ਹੈ । ਇਸ ਦਾ ਇਕ ਵਿੰਗ ਬੁੱਧੀ ਜੀਵੀਆ ਦਾ ਵੀ ਹੈ । ਜਿਸ ਦੀ ਨੁਮਾਇੰਦਗੀ ਸਿੱਖ ਬੁਧੀਜੀਵੀ ਕੌਂਸਲ ਨਾਂ ਦੀ ਇੱਕ ਸੰਸਥਾ ਕਰਦੀ ਹੈ । ਦਸੰਬਰ 1990 ਵਿੱਚ ਵਿਦਿਅਕ ਕਾਨਫਰੰਸ ਲੁਧਿਆਣਾ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਰੀਟਾਇਰਡ ਚੀਫ ਜਸਟਿਸ ਸ.ਰਣਜੀਤ ਸਿੰਘ ਨਰੂਲਾ ਜੀ ਨ ਕੀਤੀ । ਕਾਨਫਰੰਸ ਵਿੱਚ ਪੰਜਾਬ ਵਿਚਲੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਉਘੇ ਸਿੱਖ ਪ੍ਰਿੰਸੀਪਲ, ਅਫਸਰ ਇੰਜਨੀਅਰ ਪ੍ਰੋਫੈਸਰ ਅਤੇ ਬੁੱਧੀਜੀਵੀ ਸਾਮਲ ਹੋਏ । ਸੰਤ ਸਮਾਗਮ ਵੀ ਹੋਇਆ ਅਤੇ ਸੰਤ ਮਹਾਤਮਾਵਾਂ ਨੇ ਬੜੇ ਚੰਗੇ ਸੁਝਾਓ ਵੀ ਦਿੱਤੇ । ਲੇਖਕ ਵੀ ਦੀਵਾਨ ਦੇ ਸੱਦੇ ਪਰ ਇਸ ਕਾਨਫਰੰਸ ਵਿੱਚ ਸ਼ਾਮਲ ਹੋਇਆ ।

ਸੰਤ ਸਮਾਗਮ ਵਿੱਚ ਇਹ ਖਾਸ ਵਰਨਣ ਕੀਤਾ ਗਿਆ ਸੀ ਕਿ ਆਮ ਵਿਦਿਆ ਦੇ ਨਾਲ-ਨਾਲ ਧਾਰਮਿਕ ਯਾਨੀ ਸਮਾਜੀ ਵਿਦਿਆ ਦਾ ਦਿੱਤਾ ਜਾਣਾ ਵੀ ਅਤੀ ਜਰੂਰੀ ਹੈ । ਇਸ ਨਾਲ ਮਨੁੱਖ ਚੰਗਾ ਬਣਦਾ ਹੈ । ਕੋਰੀ ਆਮ ਵਿਦਿਆ ਚੰਗੇ ਮਨੁੱਖ ਨਹੀਂ ਬਣਾ ਸਕਦੀ । ਬੁੱਧੀਜੀਵੀ ਕੌਂਸਲ ਦ ਸਮਾਗਮ ਵਲੋਂ ਪ੍ਰੋਫੈਸਰ ਸ਼ੇਰ ਸਿੰਘ ਸ਼ੇਰ ਜੀ ਨੇ ਸਿੱਖਾਂ ਵਿੱਚ ਪਾਈ ਜਾਣ ਵਾਲੀ ਜਾਤ-ਪਾਤ ਬਿਪਰਨ ਰੀਤੀ 'ਤੇ ਸਖ਼ਤ ਨੁਕਤਾਚੀਨੀ ਕੀਤੀ ਅਤੇ ਨਾਵਾਂ ਨਾਲ ਜਾਤ-ਪਾਤ ਜਾਂ ਗੋਤਾਂ ਦੀਆਂ ਪੂਛਾਂ ਲਾਏ ਜਾਣ ਦਾ ਮਖੌਲ ਉਡਾਇਆ । ਇਸ ਪਰ ਸਟੇਜ ਦੇ ਸਭ ਅਸੂਲਾਂ ਨੂੰ ਛਿਕੇ 'ਤੇ ਟੰਗ ਕੇ ਸਿੱਖਾਂ ਦਾ ਇਕ ਮਹਾਨ ਵਿਅਕਤੀ ਅਤੇ ਬੁਧੀਜੀਵੀ ਜਿਸ ਨੇ ਆਪਣੇ ਨਾਂ ਨਾਲ ਜਾਤਪਾਤੀ ਪੂਛ ਲਾਈ ਹੋਈ ਸੀ ਅਤ ਉਹ ਭਾਰਤ ਦੀ ਇੱਕ ਪ੍ਰਸਿੱਧ ਡਾਕਟਰੀ ਸੰਸਥਾ ਦਾ ਮੁੱਖੀ ਵੀ ਰਹਿ ਚੁੱਕਾ ਸੀ, ਉਸ ਨੇ ਇਸ ਸੁਝਾਉ ਪਰ ਨੁਕਤਾਚੀਨੀ ਕਰਦੇ ਹੋਏ ਆਖਿਆ ਕਿ ਇਹ ਵਿਦਿਅਕ ਕਾਨਫਰੰਸ ਹੈ ਅਤੇ ਇਹੋ ਜਿਹੇ ਜਜ਼ਬਾਤੀ ਮਸਲੇ ਇਥੇ ਪੇਸ਼ ਨਹੀਂ ਹੋ ਸਕਦੇ । ਇਸ ਪਰ ਇਸ ਮਜ਼ਮੂਨ ਦੇ ਲੇਖਕ ਅਤੇ ਬਾਕੀ ਦੇ ਬੁਲਾਰਿਆਂ ਨੇ ਸਰੋਤਿਆਂ ਨੂੰ ਦੱਸਿਆ ਕਿ ਇਹ ਸਮਾਜੀ ਸਿਖਿਆ ਹੈ ਅਤੇ ਇਹ ਪੰਥਕ ਏਕਤਾ ਲਈ ਮੁਢਲਾ ਕਦਮ ਹੈ । ਕਾਨਫਰੰਸ ਦੇ ਖੁਲ੍ਹੇ ਇਜਲਾਸ ਵਿੱਚ ਪ੍ਰੋ. ਸ਼ੇਰ ਸਿੰਘ ਸ਼ੇਰ ਜੀ ਨੇ ਇਹ ਮਤਾ ਪੇਸ਼ ਕੀਤਾ ਕਿ ਸਿੱਖ ਆਪਣੇ ਨਾਵਾਂ ਨਾਲ ਸਿੰਘ ਅਤੇ ਕੌਰ ਜਰੂਰ ਲਾਵਣ ਅਤੇ ਨਾਵਾਂ ਨਾਲ ਜਾਤਾਂ ਗੋਤਾਂ ਦੀਆਂ ਪੂਛਾਂ ਨਾ ਲਗਾਉਣ । ਇਹ ਮਤਾ ਜੈਕਾਰਿਆਂ ਦੀ ਗੂੰਜ ਵਿੱਚ ਸਰਬ ਸਮਤੀ ਨਾਲ ਪਾਸ ਹੋ ਗਿਆ । ਇਹ ਖਾਸ ਵਰਨਣਯੋਗ ਹੈ ਕਿ ਇਸ ਮਤੇ ਵੇਲੇ ਕਾਨਫਰੰਸ ਦਾ ਪ੍ਰਧਾਨ ਜਸਟਿਸ ਸ.ਰਣੀਤ ਸਿੰਘ ਨਰੂਲਾ ਉਠ ਕੇ ਬਾਹਰ ਜਾ ਬੈਠਾ ਸੀ ਅਤੇ ਮਤੇ ਪਾਸ ਹੋਣ ਪਿਛੋਂ ਹੀ ਉਹ ਆਣ ਕੇ ਆਪਣੀ ਸੀਟ ਪਰ ਬਰਾਜਮਾਨ ਹੋਇਆ ਸੀ । ਇਹ ਮਤਾ ਉਸ ਦੀ ਅਤੇ ਉਥੇ ਬਹੁ ਗਿਣਤੀ ਵਿੱਚ ਬੈਠੇ ਵਿਅਕਤੀਆਂ ਦੀ ਜ਼ਮੀਰ ਦੇ ਖਿਲਾਫ ਸੀ ਕਿਉਂਕਿ ਉਹਨਾਂ ਵੀ ਆਪਣੇ ਨਾਵਾਂ ਨਾਲ ਜਾਤਪਾਤੀ ਪਰਚੇ ਚਿਪਕਾਏ ਹੋਏ ਸਨ ।

ਚੀਫ ਖਾਲਸਾ ਦੀਵਾਨ ਨਾਲ ਸਬੰਧਤ ਸਿੱਖ ਬੁੱਧੀਜੀਵੀ ਕੌਂਸਲ ਨੇ ਇਸ ਲੇਖਕ ਨੂੰ ਵੀ ਆਪਣੇ ਇਕ ਸੈਮੀਨਾਰ ਜੋ ਮਿਤੀ 17-4-1991 ਨੂੰ ਚੰਡੀਗੜ੍ਹ ਵਿਖੇ ਹੋਣਾ ਸੀ, ਸੱਦਾ ਭੇਜਿਆ । ਸੈਮੀਨਾਰ ਦਾ ਵਿਸ਼ਾ ''ਵਰਤਮਾਨ ਸਥਿਤੀ ਵਿੱਚ ਗੁਰੂ ਨਾਨਕ ਬਾਣੀ ਦੀ ਸਾਰਥਿਕਤਾ'' ਸੀ, ਮੇਰਾ ਖਿਆਲ ਸੀ ਕਿ ਇਹ ਬੁੱਧੀਜੀਵੀ ਮੌਜੂਦਾ ਘੋਰ ਸੰਕਟ ਸਮੇਂ ਗੁਰੂ ਨਾਨਕ ਵਾਂਗਰ ਹੋ ਰਹ ਜੁਲਮ ਦੇ ਖਿਲਾਫ ਆਵਾਜ਼ ਉਠਾਉਣਗੇ ਅਤੇ ਸਿੱਖਾਂ ਵਿੱਚ ਬਿਪਰਨ ਰੀਤਾਂ ਨੂੰ ਖਤਮ ਕਰਨ ਲਈ ਪੰਥ ਨੂੰ ਸੇਧ ਦੇਣਗੇ । ਇਸ ਨੂੰ ਮੁੱਖ ਰਖਦੇ ਹੋਏ ਮੈਂ ਇਕ ਲੇਖ 'ਸਿੱਖ ਧਰਮ ਅਤੇ ਪੰਥ ਪਰ ਬ੍ਰਾਹਮਣਵਾਦ ਦਾ ਮਾਰੂ ਹਮਲਾ ਅਤੇ ਸਿੱਖ ਬੁਧੀਜੀਵੀਆਂ ਲਈ ਇਕ ਚੁਨੌਤੀ ''ਤਿਆਰ ਕੀਤਾ ਤਾਂ ਕਿ ਇਸ ਸੈਮੀਨਾਰ ਵਿੱਚ ਜਾਂ ਕਿਸੇ ਅਗਲੀ ਖਾਸ ਮੀਟਿੰਗ ਵਿੱਚ ਇਸ ਪਰ ਵਿਚਾਰ ਕਰਕੇ ਪੰਥ ਨੂੰ ਸੇਧ ਦਿੱਤੀ ਜਾ ਸਕੇ । ਇਹ ਲੇਖ ਜਾਤ-ਪਾਤ ਸਬੰਧੀ ਸੀ ਅਤੇ ਇਸ 'ਤੇ ਸਟ ਮਾਰਨ ਲਈ ਪਹਿਲਾਂ ਨਾਵਾਂ ਨਾਲੋਂ ਜਾਤ ਪਾਤੀ ਪੂੰਛ ਲਾਹ ਦੇਣ ਸਦਾ ਸੀ । ਜਿਸ ਲਈ ਚੀਫ ਖਾਲਸਾ ਦੀਵਾਨ ਦੀ ਵਿਦਿਅਕ ਕਾਨਫਰੰਸ ਵਿੱਚ ਪਹਿਲਾਂ ਹੀ ਪਾਸ ਹੋ ਚੁੱਕਿਆ ਸੀ । ਇਹ ਲੇਖ ਮੈਂ ਕੌਂਸਲ ਦੇ ਪ੍ਰਧਾਨ ਅਤੇ ਸਕੱਤਰ ਨੂੰ ਸੈਮੀਨਾਰ ਦੇ ਸ਼ੁਰੂ ਹੋਣ ਤੋਂ ਪਹਿਲਾ ਹੀ ਦੇ ਦਿੱਤਾ ਸੀ ਅਤੇ ਉਹਨਾਂ ਦੋਵਾਂ ਨੇ ਇਸ ਪਰ ਸੈਮੀਨਾਰ ਵਿਖੇ ਵਿਚਾਰ ਕਰਨ ਦਾ ਯਕੀਨ ਵੀ ਦਵਾਇਆ ਸੀ ।

ਸੈਮੀਨਾਰ ਦਾ ਉਦਘਾਟਨ ਬਾਬਾ ਸਰਬਜੋਤ ਸਿੰਘ ਬੇਦੀ ਊਨੇ ਵਾਲਿਆਂ ਅਤੇ ਪ੍ਰਧਾਨਗੀ ਮਹੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ ਨੇ ਕੀਤੀ । ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਕਥਾ ਕਰਕੇ ਅਤੇ ਸਰੋਪੇ ਦੇਣ ਦਵਾਉਣ ਦਾ ਡਰਾਮਾ ਕਰਕੇ ਬਗੈਰ ਕੁਝ ਸੁਝਾਉ ਦਿੱਤੇ ਬੁੱਧੀਜੀਵੀਆਂ ਦਾ ਇਹ ਸੈਮੀਨਾਰ ਸਮਾਪਤ ਹੋਇਆ । ਕਿਸੇ ਨੇ ਮੌਜੂਦਾ ਹੋ ਰਹੇ ਜੁਲਮ ਦੇ ਖਲਾਫ ਆਹ ਦਾ ਨਾਅਰਾ ਨਾ ਮਾਰਿਆ । ਜਦ ਕੇ ਬਾਬਰ ਦੇ ਜੁਲਮ ਦੇ ਖਲਾਫ ਤਾਂ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਵੀ ਉਲਾਮਾ ਦਿੱਤਾ ਸੀ । ਇਹਨਾਂ ਨੇ ਸਿੱਖਾਂ ਨੂੰ ਕੀ ਰਾਹ ਵਿਖਾਉਣਾ ਸੀ ਜਦ ਕਿ ਨਾਮ ਨਿਹਾਦ ਕੌਂਸਲ ਦੇ ਸਕੱਤਰ ਨੇ ਵੀ ਆਪਣੇ ਨਾਂ ਨਾਲ ਜਾਤ ਪਾਤੀ ਪੂਛ ਲਾਈ ਹੋਈ ਸੀ ਅਤੇ ਮੇਰੀ ਨੇਨਤੀ ਦੇ ਬਾਵਜੂਦ ਅਜੇ ਤੱਕ ਇਸ ਨੂੰ ਲਮਕਾਈ ਫਿਰਦਾ ਹੈ ।

ਚੀਫ ਖਾਲਸਾ ਦੀਵਾਨ ਵਾਲਿਆਂ ਨੇ ਮੇਰੇ ਅਤੇ ਪ੍ਰੋਫੈਸਰ ਸ਼ੇਰ ਸਿੰਘ ਜੀ ਦੇ ਬਾਰ-ਬਾਰ ਲਿਖਣ 'ਤ ਮੇਰਾ ਲੇਖ ਸਿਰਫ ਆਪਣੇ ਅਖ਼ਬਾਰ, ਖਾਲਸਾ ਐਡਵੋਕੇਟ ਵਿੱਚ ਛਾਪਿਆ ਹੈ । ਜੇਕਰ ਉਹ ਲਿਖਾ ਪੜ੍ਹੀ ਜੋ ਮੈਂ ਅਤ ਪ੍ਰੋਫੈਸਰ ਸ਼ੇਰ ਸਿੰਘ ਜੀ ਸ਼ੇਰ ਨੇ ਚੀਫ ਖਾਲਸਾ ਦੇ ਪ੍ਰਬੰਧਕਾਂ ਨਾਲ ਇਸ ਮਤੇ ਬਾਰੇ ਕੀਤੀ ਹੈ ਪ੍ਰੈਸ ਨੂੰ ਦੇ ਦੇਵਾਂ ਤਾਂ ਸਿੱਖ ਜੰਤਾ ਮੂੰਹ ਵਿੱਚ ਉਂਗਲਾਂ ਪਾ ਲਵੇਗੀ ਕਿ ਸਾਡੇ ਧਾਰਮਿਕ ਅਦਾਰੇ ਜਿਹਨਾਂ ਜੁੰਮੇ ਧਰਮ ਪਰਚਾਰ ਦਾ ਕੰਮ ਹੈ ਉਹ ਕਿਸ ਹੱਦ ਤੱਕ ਗਿਰ ਚੁੱਕੇ ਹਨ । ਉਹ ਤਾਂ ਗੁਰੂਆਂ ਨੂੰ ਵੀ ਨਹੀਂ ਬਖਸ਼ਦੇ ਸਾਡੀ ਤਾਂ ਕੋਈ ਗੱਲ ਹੀ ਨਹੀਂ ।

ਇਸ ਦੇ ਉਲਟ ਸਿੱਖ ਖਾੜਕੂਆਂ ਨੇ ਮੌਤ ਦੇ ਨਾਲ ਜੂਝਦੇ ਹੋਇਆਂ ਨ ਵੀ ਕਈ ਸੁਧਾਰ ਕੀਤੇ ਹਨ । ਉਨ੍ਹਾਂ ਆਪਣੇ ਨਾਵਾਂ ਨਾਲ ਜਾਤ ਪਾਤੀ ਪੂਛਾਂ ਲਾਉਣ ਦੀ ਬਜਾਏ ਆਪਣੇ ਨਾਵਾਂ ਨਾਲ ਉਹ ਹੀ ਨਾ ਲਾਏ ਹਨ ਜਿਹਨਾਂ ਨਾਵਾ ਨਾਲ ਉਹ ਆਮ ਲੋਕਾਂ ਵਿੱਚ ਪਛਾਣੇ ਜਾਂਦੇ ਹਨ ਜਿਵੇਂ ਫਿੰਡਾ, ਭੋਲਾ ਬੰਬ, ਸੰਘਾ ਅਤੇ ਪਹਿਲਵਾਨ ਆਦਿ । ਇਹਨਾਂ ਨਾਮ ਨਿਹਾਦ ਬੁਧੀਜੀਵੀਆਂ ਅਤੇ ਸਰਕਾਰ ਦੀ ਤਲਬ 'ਤੇ ਪੱਲਣ ਵਾਲੇ ਪ੍ਰੋਫੈਸਰਾਂ ਨੇ ਲੋਕਾਂ ਨੂੰ ਕੀ ਰਾਹ ਵਿਖਾਉਣਾ ਹੈ ।

ਸੂਝਵਾਨ ਪਾਠਕੋ ਅਤੇ ਸਿੱਖ ਬੁਧੀਜੀਵੀਓ, ਤੁਸੀਂ ਦੁਨੀਆ ਦੇ ਬਦਲਦੇ ਨਕਸ਼ੇ ਵਲ ਨਜ਼ਰ ਮਾਰੋ । ਰੂਸ ਦੀ ਜ਼ਾਲਮ ਸਰਕਾਰ ਖ਼ਤਮ ਹੋ ਗਈ ਹੈ ਅਤੇ ਰੂਸ ਦੇ ਸਾਰੇ ਸੂਬੇ ਖੁਦਮੁਖਤਾਰ ਅਤੇ ਅਜ਼ਾਦ ਹੋ ਗਏ ਹਨ ਰੂਸ ਦੀਆਂ ਪੰਦਰਾਂ 'ਚੋਂ ਸਤ ਮੁਸਲਮਾਨ ਰਿਆਸਤਾਂ ਦੀ ਹਮਦਰਦੀ ਮੁਸਲਮਾਨਾਂ ਨਾਲ ਹੈ । ਭਾਰਤ ਦੇ ਪਛਮ ਵਲ ਇਕ ਬੜਾ ਵੱਡਾ ਮੁਸਲਮ ਬਲਾਕ ਵਜੂਦ ਵਿੱਚ ਆ ਰਿਹਾ ਹੈ । ਅਫਗਾਨਸਤਾਨ ਵਿੱਚ ਰੂਸ ਨਿਵਾਜ਼ ਸਰਕਾਰ ਖਤਮ ਹੋ ਰਹੀ ਹੈ । ਦੇਸ ਵਿੱਚ ਕਸ਼ਮੀਰ, ਪੰਜਾਬ ਅਤੇ ਆਸਾਮ ਦੇ ਮਸਲੇ ਦਿਨੋ ਦਿਨ ਨਾਜ਼ਕ ਸੂਰਤ ਅਖਤਿਆਰ ਕਰੀ ਜਾ ਰਹ ਹਨ । ਭਾਰਤ ਵਿੱਚ 15 ਕਰੋੜ ਦੇ ਲਗਭਗ ਮੁਸਲਮਾਨ ਹਿੰਦੂ ਬਹੁ ਗਿਣਤੀ ਸਰਕਾਰ ਤੋਂ ਨਾਰਾਜ਼ ਹਨ । ਦਲਿਤਾਂ ਦੀ ਹਾਲਤ ਅਤੀ ਮਾੜੀ ਹੈ । ਪੰਜਾਬ, ਕਸ਼ਮੀਰ ਅਤੇ ਆਸਾਮ ਦੇ ਹਾਲਾਤ 'ਤੇ ਕਾਬੂ ਪਾਉਣ ਲਈ ਫੌਜ ਦੀ ਵਰਤੋਂ ਕੀਤੀ ਜਾ ਰਹੀ ਹੈ । ਭਾਰਤ ਸਰਕਾਰ ਮੰਗ ਪਿੰਗ ਕੇ ਗੁਜ਼ਾਰਾ ਕਰ ਰਹੀ ਹੈ । ਇਸ ਦੀ ਹੁਣ ਹਾਲਤ ਉਸ ਮਰੀਜ਼ ਵਾਂਗਰ ਹੈ ਜੋ ਟੀਕਿਆਂ ਅਤੇ ਗਲੂਕੋਜ਼ 'ਤੇ ਜੀ ਰਿਹਾ ਹੈ । ਹੁਣ ਪੰਥ ਨੂੰ ਸੋਧ ਦੇਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਮੁਢਲੀ ਏਕਤਾ ਕਾਇਮ ਕੀਤੀ ਜਾਵੇ । ਜਾਤ ਪਾਤੀ ਪੂਛਾਂ ਲਾਹ ਦੇਵੇ ਅਤੇ ਸਭ ਸਚੇ ਦਿਲੋਂ ਇਕ ਹੋ ਜਾਣ ।

ਪਥ ਨੂੰ ਉਪਰੋਕਤ ਤੱਤਾਂ ਨੂੰ ਮੁੱਖ ਰਖਦੇ ਹੋਏ ਸੋਧ ਦੇਵੇ ਕਿ ਕਿਸ ਤਰ੍ਹਾਂ ਸਿੱਖ ਇਜ਼ਤ ਮਾਣ ਨਾਲ ਜੀ ਸਕਦੇ ਹਨ ਅਤੇ ਸਿੱਖ ਜਵਾਨਾਂ ਨੂੰ ਕਿਸ ਤਰਾ ਬਚਾਇਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਕਿਸ ਤਰ੍ਹਾਂ ਦੀ ਸੇਧ ਦਿੱਤੀ ਜਾ ਸਕਦੀ ਹੈ । ਸੰਨ 1947 ਵਿੱਚ ਦੇਸ਼ ਦੀ ਵੰਡ ਨਾਲ ਸਿੱਖ ਨੇਤਾਵਾਂ ਨੇ ਆਪਣਾ ਹੱਕ ਗੁਆ ਲਿਆ ਸੀ ਕਿਤੇ ਹੁਣ ਆਪਣੀ ਹੋਂਦ ਹੀ ਨਾ ਗੁਆ ਲਿਓ ।

# ਬ੍ਰਾਹਮਣਵਾਦ ਵਿਰੋਧੀ ਜਦੋਂ ਜਹਿਦ ਲਈ ਸੱਤ ਅਸੂਲ

ਡਾ: ਅੰਬੇਡਕਰ ਦੀਆਂ ਬ੍ਰਾਹਮਣਵਾਦ ਵਿਰੋਧੀ ਜਮਹੂਰੀ ਸਿਖਿਆਵਾਂ ਦੇ ਮੁੱਖ ਪੱਖ ਕਿਹੜੇ ਕਿਹੜੇ ਹਨ ? ਸਾਡੀ ਜਾਚੇ ਇਹ ਹੇਠ ਲਿਖੇ ਹਨ :-

1) ਜਾਤਪਾਤੀ ਪ੍ਰਬੰਧ ਦੇ ਸਾਰੇ ਦੇ ਸਾਰੇ ਪੱਖ ਖ਼ਤਮ ਕਰ ਦਿੱਤੇ ਜਾਣੇ ਚਾਹੀਦੇ ਹਨ । ਹਰ ਉਹ ਵਿਸ਼ਵਾਸ, ਵਿਚਾਰਧਾਰਾ, ਅਤੇ ਢਾਂਚਾ ਜੋ ਜਾਤਪਾਤ ਦੇ ਹੱਕ ਵਿੱਚ ਭੁਗਤਦਾ ਹੈ, ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ । ਜਾਤਪਾਤ ਮੁਕੰਮਲ ਤੌਰ 'ਤੇ ਉਦੋਂ ਹੀ ਖਤਮ ਹੋਵੇਗੀ ਜਦੋਂ ਇਸ ਦਾ ਵਿਆਹਾਂ ਦੇ ਖੇਤਰ ਅੰਦਰ ਰੋਲ ਖਤਮ ਹੋ ਜਾਵੇਗਾ ।

2) ਜਾਤਪਾਤ, ਦੱਬੀਆਂ ਕੁਚਲੀਆਂ ਜਾਤਾਂ ਮੁੱਖ ਤੌਰ 'ਤੇ ਦਲਿਤਾਂ ਅੰਦਰ ਸਵੈ ਮਾਣ ਅਤੇ ਸਵੈ ਭਰੋਸਾ ਪੈਦਾ ਕਰਕੇ ਹੀ ਖਤਮ ਕੀਤੀ ਜਾ ਸਕਦੀ ਹੈ । ਸਵੈ ਮਾਣ ਅਤੇ ਸਵੈ ਭਰੋਸੇ ਨਾਲ ਲੈਸ ਇਹਨਾਂ ਜਾਤਾਂ ਦਾ ਜਾਤਪਾਤੀ ਪ੍ਰਬੰਧ 'ਤੇ ਸਿੱਧਾ ਹਮਲਾ ਹੀ ਜਾਤਪਾਤ ਨੂੰ ਖਤਮ ਕਰ ਸਕਦਾ ਹੈ । ਹੋਰਨਾ ਵੱਲੋਂ ਰਹਿਮ ਦਿਲੀ ਦੀ ਭਾਵਨਾ ਨਾਲ ਕੀਤੇ ਜਾਣ ਵਾਲੇ ਕੁਝ ਕੁ ਸੁਧਾਰਾਂ ਨਾਲ ਇਹ ਖਤਮ ਨਹੀਂ ਹੋ ਸਕਦੀ ।

3) ਆਰਥਕ ਨਿਸ਼ਚੇਵਾਦੀ (Economic determinist) ਸੋਚ, ਜੋ ਇਹ ਸਮਝਦੀ ਹੈ ਕਿ ਆਰਥਿਕ ਢਾਂਚੇ ਨੂੰ ਬਦਲਣ ਨਾਲ ਜਾਤਪਾਤ ਆਪਣ ਆਪ ਖਤਮ ਹੋ ਜਾਵੇਗੀ ਰੱਦ ਕਰ ਦਿੱਤੀ ਜਾਣੀ ਚਾਹੀਦੀ ਹੈ । ਅਜਿਹੀ ਸੋਚ ਜਾਤਪਾਤੀ ਪ੍ਰਬੰਧ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਵਿੱਚ ਸਹਾਈ ਹੁੰਦੀ ਹੈ । ਕਿਰਤੀਆਂ ਨੂੰ ਇਕ ਮੁੱਠ ਨਹੀ ਹੋਣ ਦੇਂਦੀ ਅਤੇ ਇਸ ਤਰ੍ਹਾਂ ਬ੍ਰਾਹਮਣਵਾਦ ਦੇ ਹਿੱਤ ਵਿੱਚ ਭੁਗਤਦੀ ਹੈ ।

4) ਜਾਤਪਾਤ ਸਿਰਫ ਕਿਰਤ ਦੀ ਵੰਡ (division of labour) ਹੀ ਨਹੀਂ ਕਿਰਤੀਆਂ ਦੀ ਵੰਡ (division of labourers) ਵੀ ਹੈ । ਇਹ ਉਚ-ਨੀਚ ਦਾ ਅਜਿਹਾ ਢਾਂਚਾ ਹੈ ਜਿਸ ਵਿੱਚ ਕਿਰਤੀਆ ਨੂੰ ਵੰਡ ਕ ਇਕ ਦੂਸਰ ਦੇ ਉਪਰ ਹੇਠਾਂ ਦਰਜਾ ਬਦਰਜੀ ਚਿਣ ਦਿੱਤਾ ਜਾਂਦਾ ਹੈ । ਇਹ ਕਿਰਤੀਆਂ ਦੀ ਏਕਤਾ ਵਿੱਚ ਗਭੀਰ ਰੁਕਾਵਟ ਹੈ । ਕਿਰਤੀਆਂ ਨੂੰ ਇਕ ਮੁੱਠ ਕਰਨ ਲਈ ਉਨ੍ਹਾਂ ਅੰਦਰਲੇ ਇਸ ਬ੍ਰਾਹਮਣਵਾਦ ਨੂੰ ਜੜੋਂ ਪੁੱਟ ਸੁੱਟਣ ਦੀ ਲੋੜ ਹੈ ।

5) ਬ੍ਰਾਹਮਣਵਾਦ ਦਾ ਅਰਥ ਉਹ ਅਧਿਕਾਰ, ਸਹੂਲਤਾਂ ਅਤੇ ਹਿੱਤ ਨਹੀਂ ਜੋ ਬ੍ਰਾਹਮਣਾ ਨੂੰ ਬਤੌਰ ਇਕ ਫਿਰਕੇ ਦੇ ਹਾਸਲ ਹਨ । ਬ੍ਰਾਹਮਣਵਾਦ ਦਾ ਅਰਥ ਹੈ ਆਜ਼ਾਦੀ ਬਰਾਬਰੀ ਅਤ ਭਾਈਚਾਰੇ ਦੀ ਭਾਵਨਾ ਦੀ ਅਣਹੋਂਦ । ਇਸ ਪੱਖੋਂ ਇਹ ਸਾਰੇ ਹੀ ਵਰਗਾਂ ਅੰਦਰ ਮੌਜੂਦ ਹੈ । ਕਿਰਤੀਆ ਨੂੰ ਇਸ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਨਾਉਣਾ ਚਾਹੀਦਾ ਹੈ ।

6) ਦਲਿਤਾਂ ਦੀ ਮੁਕਤੀ ਜ਼ਮੀਨ ਦੇ ਸਵਾਲ ਨਾਲ ਜੁੜੀ ਹੋਈ ਹੈ । ਭਾਵੇਂ ਕਿ ਜ਼ਮੀਨ 'ਤੇ ਮਿਹਨਤ ਉਹੀ ਕਰਦੇ ਹਨ ਪਰ ਜਾਤਪਾਤੀ ਪ੍ਰਬੰਧ ਨੇ ਉਨ੍ਹਾਂ ਨੂੰ ਸਾਰਿਆਂ ਹੱਕਾਂ ਤੋਂ ਵਾਂਝੇ ਰੱਖਿਆ ਹੋਇਆ ਹੈ । ਉਹ ਮੁਜ਼ਾਰੇ ਵੀ ਨਹੀ ਬਣ ਸਕਦੇ । ਇਸ ਕਰਕੇ ਜ਼ਮੀਨ ਦਾ ਸਵਾਲ ਇਸ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ ਕਿ ਦਲਿਤ ਇਨ੍ਹਾਂ ਹੱਕਾਂ ਤੋਂ ਵਾਂਝੇ ਨਾ ਰਹਿਣ ।

7) ਦਲਿਤਾਂ ਦਾ ਸਿਆਸੀ ਸੱਤਾ ਵਿੱਚ ਹਿੱਸਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ । ਇਉਂ ਕੀਤਿਆਂ ਹੀ ਜਾਤਪਾਤ ਦਾ ਖ਼ਾਤਮਾ ਅਤੇ ਦਲਿਤਾਂ ਦੀ ਮੁਕਤੀ ਯਕੀਨੀ ਬਣਾਈ ਜਾ ਸਕਦੀ ਹੈ । ਪ੍ਰਬੰਧਕੀ ਢਾਂਚਾ (Administration) ਨਵੇਂ ਸਮਾਜਿਕ ਪ੍ਰਬੰਧ ਦੀਆਂ ਲੋੜਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ । ਉਚੀਆਂ ਜਾਤਾਂ ਵੱਲੋਂ ਮਾਣੀਆਂ ਜਾ ਰਹੀਆਂ ਸਹੂਲਤਾਂ ਨੂੰ ਖਤਮ ਕਰਨ ਲਈ ਅਤੇ ਬਰਾਬਰ ਦੇ ਮੌਕੇ ਯਕੀਨੀ ਬਨਾਉਣ ਲਈ ਰਿਜ਼ਰਵੇਸ਼ਨ ਦੀ ਲੋੜ ਹੈ ।

ਸਾਡੀ ਪੱਕੀ ਸਮਝ ਹੈ ਕਿ ਇਹ ਸਾਰੇ ਅਸੂਲ ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਵਿੱਚ ਦਰਜ ਹੋਣੇ ਚਾਹੀਦੇ ਹਨ । ਜਮਹੂਰੀ ਇਨਕਲਾਬ ਨੂੰ ਸਿਰੇ ਲਾਉਣ ਲਈ ਅਜਿਹਾ ਕਰਨਾ ਅਤੀ ਜ਼ਰੂਰੀ ਹੈ ।

*("ਪੈਗਾਮ ਗਰੁੱਪ" ਵੱਲੋਂ ਡਾ. ਅੰਬੇਡਕਰ ਬਾਰੇ ਜਾਰੀ ਕੀਤੇ ਗਏ ਇਕ ਬਿਆਨ ਵਿੱਚੋਂ ।)*

### ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ 'ਤੇ

# ਚਾਂਦਨੀ ਚੌਂਕ ਦੀ ਸ਼ਹਾਦਤ ਦਾ ਭੇਤ

ਜਸਬੀਰ ਸਿੰਘ ਸ਼ਮੀਲ

11 ਦਸੰਬਰ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਹੈ। ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਮਨੁੱਖੀ ਇਤਿਹਾਸ ਦੀ ਇੱਕ ਵਿਲੱਖਣ ਤੇ ਗੌਰਵਮਈ ਘਟਨਾ ਹੈ । ਸਾਡੀ ਰਸਮੀ ਸੋਚ ਨੇ ਇਸ ਘਟਨਾ ਦੀ ਬੜੀ ਸਤਹੀ ਜਿਹੀ ਵਿਆਖਿਆ ਕੀਤੀ ਹੈ। ਮਸਲਨ ਇਹ ਸ਼ਹਾਦਤ ਤਿਲਕ ਜੰਞੂ ਦੀ ਰਾਖੀ ਲਈ ਦਿੱਤੀ ਗਈ ਜਾਂ ਇਹ ਕਸ਼ਮੀਰ ਦੇ ਮਜ਼ਲੂਮ ਬ੍ਰਾਹਮਣਾਂ ਲਈ ਦਿੱਤੀ ਗਈ ਆਦਿ । ਇਹ ਸਭ ਇਸ ਸ਼ਹਾਦਤ ਦੇ ਕੋਹੀ ਕਾਰਨ ਜ਼ਰੂਰ ਹੋਣ, ਪਰ ਇਸਦੇ ਗਹਿਰੇ ਅਰਥਾਂ 'ਚ ਬੜੇ ਵੱਡੇ ਰਹੱਸ ਛੁਪੇ ਪਏ ਹਨ । ਇਸ ਘਟਨਾ ਦੀਆਂ ਡੂੰਘੀਆਂ ਪਰਤਾਂ ਦੀ ਵਿਆਖਿਆ ਇਸ ਦੀ ਆਮ ਪਰਚੱਲਿਤ ਵਿਆਖਿਆ ਨੂੰ ਸਰਾਸਰ ਗਲਤ ਸਿੱਧ ਕਰਦੀ ਹੈ। ਤਿਲਕ ਜੰਞੂ ਨਾਲ ਜਾਂ ਬ੍ਰਾਹਮਣ ਨਾਲ ਸਿੱਖੀ ਦਾ ਕਿਸ ਵੀ ਪੱਧਰ 'ਤੇ ਕਈ ਸੁਰ-ਮੇਲ ਨਹੀਂ। ਸਿੱਖ ਇਤਿਹਾਸ ਦੀ ਪਹਿਲੀ ਬਗਾਵਤ ਹੀ ਬ੍ਰਾਹਮਣ ਦੇ ਖਿਲਾਫ ਸੀ ਜਦ ਗੁਰੂ ਨਾਨਕ ਸਾਹਿਬ ਜੀ ਵਲੋਂ ਬਚਪਨ 'ਚ ਹੀ ਜਨੇਊ ਪਾਉਣ ਤੋਂ ਇਨਕਾਰ ਕੀਤਾ ਗਿਆ । ਬ੍ਰਾਹਮਣ ਦੀ ਵਿਚਾਰਧਾਰਾ ਨਾਲ ਸਿੱਖੀ ਦਾ ਧੁਰ ਦਾ ਵੈਰ ਹੈ। ਸਾਰੀ ਗੁਰਬਾਣੀ 'ਚ ਅਨੇਕਾਂ ਥਾਵਾਂ 'ਤੇ ਬ੍ਰਾਹਮਣ ਦੀ ਵਿਚਾਰਧਾਰਾ ਤੇ ਉਸ ਦੇ ਧਰਮ ਦੀਆਂ ਰੀਤਾਂ-ਰਸਮਾਂ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ । ਪੂਰੀ ਗੁਰ-ਪਰੰਪਰਾ ਤੇ ਖੁਦ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਆਪਣੀ ਸਾਰੀ ਉਮਰ ਜਿਸ ਬ੍ਰਾਹਮਣ ਜਮਾਤ, ਵਿਸ਼ਵਾਸਾਂ ਤੇ ਰਸਮਾਂ ਰੀਤਾਂ ਦਾ ਵਿਰੋਧ ਕੀਤਾ ਗਿਆ। ਜਿਸ ਤਿਲਕ-ਜੰਞੂ ਦਾ ਸਿੱਖੀ ਨੇ ਵਿਚਾਰਧਾਰਕ ਪੱਧਰ 'ਤੇ ਮਖੌਲ ਉਡਾਇਆ ਉਸੇ ਤਿਲਕ ਜੰਞੂ ਦੀ ਰਾਖੀ ਲਈ ਸ਼ਹਾਦਤ ਕਿਉਂ ? ਜਿਸ ਜਮਾਤ ਦੇ ਵਿਸ਼ਵਾਸਾਂ ਨਾਲ ਸਿੱਖੀ ਦਾ ਬੁਨਿਆਦੀ ਵਿਰੋਧ ਹੈ, ਉਸੇ ਜਮਾਤ ਦੇ ਵਿਸ਼ਵਾਸਾਂ ਲਈ ਸ਼ਹਾਦਤ ਕਿਉਂ ? ਇਨ੍ਹਾਂ ਸਵਾਲਾਂ 'ਚ ਹੀ ਇਸ ਸ਼ਹਾਦਤ ਦੇ ਅਸਲ ਕਾਰਨ ਹਨ। ਸਿੱਖੀ ਦੀ ਰੂਹ ਨੂੰ ਜਿਊਂਦੀ ਰੱਖਣ ਦਾ ਜਿਨ੍ਹਾਂ ਦਾ ਇਰਾਦਾ ਹੈ ਵਕਤ ਮੰਗ ਕਰਦਾ ਹੈ ਕਿ ਉਹ ਇਸ ਘਟਨਾ ਨੂੰ ਮੁੜ ਵਿਚਾਰਨ ਤੇ ਇਸਦੇ ਤੱਤ ਨੂੰ ਸਮਝਣ ਦੀ ਕੋਸ਼ਿਸ਼ ਕਰਨ ।

ਪਿਛਲੇ ਦਿਨੀਂ ਦੁਨੀਆਂ 'ਚ ਵੱਡੇ ਪੱਧਰ 'ਤੇ ਰਾਜਸੀ ਉਥਲ-ਪੁਥਲ ਹੋਈ ਹੈ । ਪੁਰਾਣੀਆਂ ਸਲਤਨਤਾਂ ਢਹਿ ਰਹੀਆਂ ਹਨ, ਨਵੇਂ ਰਾਜ ਉੱਸਰ ਰਹੇ ਹਨ। ਇਨਾਂ ਪੂਰੀਆਂ ਘਟਨਾਵਾਂ 'ਚ ਜਿਹੜਾ ਮੁੱਖ ਮੁੱਦਾ ਉੱਭਰ ਕੇ ਸਾਹਮਣੇ ਆਇਆ ਹੈ, ਉਹ ਜਮਹੂਰੀਅਤ ਦਾ ਹੈ। ਅੱਜ ਧਰਤੀ ਦੇ ਹਰ ਕੋਨੇ 'ਚੋਂ ਜਮਹੂਰੀਅਤ ਦੇ ਬੁੱਲੇ ਆ ਰਹੇ ਹਨ । ਇਨਾਂ ਘਟਨਾਵਾਂ ਨੂੰ ਘੋਖਣ ਤੋਂ ਬਾਅਦ ਖਾਸ ਕਰਕੇ ਸਾਬਕਾ ਕਮਿਊਨਿਸਟ ਮੁਲਕਾਂ ਦੇ ਤਜਰਬੇ ਨੂੰ ਵਿਚਾਰਨ ਤੋਂ ਬਾਅਦ ਜਦ ਚਾਂਦਨੀ ਚੌਂਕ ਦੀ ਸ਼ਹਾਦਤ ਨੂੰ ਵੇਖੀਏ ਤਾਂ ਇਸ ਸ਼ਹਾਦਤ ਦੀ ਪੂਰੀ ਮਹਾਨਤਾ ਉੱਘੜ ਕੇ ਸਾਹਮਣੇ ਆਉਂਦੀ ਹੈ । ਜਮਹੂਰੀਅਤ ਦਾ ਸੰਕਲਪ ਅਸਲ 'ਚ ਆਧੁਨਿਕ ਯੁੱਗ ਦਾ ਸੰਕਲਪ ਹੈ। ਏਸ ਯੁੱਗ ਨੂੰ ਜਮਹੂਰੀਅਤ ਦਾ ਯੁੱਗ ਵੀ ਕਿਹਾ ਜਾਂਦਾ ਹੈ । ਇਸ ਯੁੱਗ 'ਚ ਜਮਹੂਰੀਅਤ ਦੀ ਸਭ ਤੋਂ ਵੱਧ ਮਿੱਟੀ ਪਲੀਤ ਨਕਲੀ ਕਮਿਊਨਿਸਟਾਂ ਨੇ ਕੀਤੀ ਹੈ। ਚਾਹੇ ਦੁਨੀਆਂ ਦੇ ਕਾਫੀ ਹਿੱਸੇ 'ਚ ਇੱਕ ਪੁਰਖੀ ਮਜ਼ਬੀ ਰਾਜ ਜਾਂ ਫੌਜੀ ਰਾਜ ਵੀ ਚੱਲ ਰਹੇ ਹਨ-ਪਰ ਇਹ ਰਾਜ ਪ੍ਰਬੰਧ ਇਤਿਹਾਸ 'ਚ ਹੁਣ ਆਪਣਾ 'ਓਵਰ ਟੈਮ' ਹੀ ਲਾ ਰਹੇ ਹਨ-ਉਂਝ ਆਧੁਨਿਕ ਯੁੱਗ ਇਨਾਂ ਦਾ ਯੁੱਗ ਨਹੀਂ। ਅੱਜ ਜੇ ਵਿਚਾਰਨ ਦੀ ਲੋੜ ਹੈ ਤਾਂ ਸਾਬਕਾ ਕਮਿਊਨਿਸਟ ਦੇਸ਼ਾਂ ਦੇ ਤਜਰਬੇ ਨੂੰ ਵਿਚਾਰਨ ਦੀ ਹੀ ਲੋੜ ਹੈ। ਇਹਨਾਂ ਦੇਸ਼ਾਂ 'ਚ ਜਮਹੂਰੀਅਤ ਦੀ ਐਨੀ ਮਿੱਟੀ ਪਲੀਤ ਹੋਣ ਦਾ ਬੁਨਿਆਦੀ ਕਾਰਨ ਇਹਨਾਂ ਦੇ ਜਮਹੂਰੀਅਤ ਬਾਰੇ ਸੰਕਲਪ 'ਚ ਹੀ ਸਿਧਾਂਤ ਦੀ ਪੱਧਰ 'ਤੇ ਕੱਜ ਹੋਣਾ ਹੈ। ਇਸੇ ਦੀ ਬਦੌਲਤ ਹੀ ਸਮਾਜਵਾਦੀ ਮੁਲਕਾਂ ਦੀ ਜਨਤਾ ਨੂੰ ਐਨਾ ਜਬਰ ਝੱਲਣਾ ਪਿਆ । ਕਮਿਊਨਿਸਟਾਂ ਦੇ ਏਸ ਸੰਕਲਪ ਦੀ ਇੱਕ ਕਮਿਊਨਿਸਟ ਚਿੰਤਕ ਨੇ ਹੀ ਅਲੋਚਨਾ ਕੀਤੀ ਸੀ। ਰੋਜ਼ਾ ਲਗਜ਼ਮਬਰਗ ਨਾਂਉ ਦੀ ਇੱਕ ਜਰਮਨ ਬੀਬੀ ਆਪਣੇ ਸਮੇਂ ਦੀ ਸਿਰਕੱਢ ਕਮਿਊਨਿਸਟ ਆਗੂ ਹੋਈ ਹੈ । ਉਸ ਨੇ ਕਮਿਊਨਿਸਟਾਂ ਦੇ ਜਮਹੂਰੀਅਤ ਦੇ ਸੰਕਲਪ ਦੀ ਅਲੋਚਨਾਵਾਂ ਕਰਦਿਆਂ ਕਿਹਾ ਸੀ ਕਿ ਸਿਰਫ ਆਪਣਿਆਂ ਲਈ, ਆਪਣੇ ਵਰਗੇ ਵਿਸ਼ਵਾਸ ਤੇ ਹਿੱਤਾਂ ਵਾਲਿਆਂ ਲਈ ਆਜ਼ਾਦੀ ਦਾ ਕੋਈ ਮਤਲਬ ਨਹੀਂ । ਜਮਹੂਰੀਅਤ ਦਾ ਅਰਥ ਹੀ ਆਪਣੇ ਵਿਰੋਧੀਆਂ ਤੇ ਵੱਖਰੇ ਵਿਸ਼ਵਾਸਾਂ-ਵਿਚਾਰਾਂ ਵਾਲੇ ਲੋਕਾਂ ਨੂੰ ਆਜ਼ਾਦੀ ਦੇਣੀ ਹੈ। ਉਸ ਵਕਤ ਚੜ੍ਹਦੀਆਂ 'ਚ ਹੋਣ ਕਰਕੇ ਬਹੁਤ ਕਾਮਰੇਡਾਂ ਨੇ ਉਸ ਬੀਬੀ ਨੂੰ ਚਾਹੇ ਗੌਲਿਆਂ ਨਹੀਂ ਪਰ ਵਕਤ ਨੇ ਉਸ ਸੂਝਵਾਨ ਬੀਬੀ ਦੇ ਕਹੇ ਨੂੰ ਸੱਚ ਸਿੱਧ ਕਰ ਵਿਖਾਇਆ ਹੈ । ਵਕਤ ਦੇ ਗੇੜਿਆਂ ਨੇ ਹੁਣ ਤੱਕ ਕਮਿਊਨਿਸਟਾਂ ਦੇ ਸਿਰਾਂ ਨੂੰ ਵੀ ਬਹੁਤ ਝਟਕ ਦਿੱਤਾ ਹੈ, ਉਹ ਵੀ ਸ਼ਾਇਦ ਹੁਣ ਉਸ ਬੀਬੀ ਦੇ ਬੋਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ । ਸਮਾਜਵਾਦੀ ਮੁਲਕਾਂ ਦੇ ਏਸ ਤਜਰਬੇ 'ਚ ਆਉਣ ਵਾਲੇ ਯੁੱਗਾਂ ਦੇ ਲੋਕਾਂ ਲਈ ਬੜੇ ਵੱਡੇ ਸਬਕ ਪਏ ਹਨ । ਇਸ ਸਦੀ 'ਚ ਕਮਿਊਨਿਸਟਾਂ ਨੇ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਸਥਰੇ ਸਿਆਸੀ-ਸਮਾਜੀ ਨਿਜ਼ਾਮਾਂ ਵਾਸਤੇ ਵੱਡੀਆਂ-ਵੱਡੀਆਂ ਕੁਰਬਾਨੀਆਂ ਕੀਤੀਆਂ ਹਨ । ਸਮਾਜਵਾਦ ਹੁਣ ਤੱਕ ਮਨੁੱਖਤਾ ਦਾ ਬਰਾਬਰੀ, ਭਾਈਚਾਰੇ ਤੇ ਇਨਸਾਫ ਵਾਲੇ ਸਮਾਜ ਦਾ ਸੁਪਨਾ ਸੀ । ਜਿਸ ਖਾਤਰ ਧਰਤੀ ਦੇ ਬਹੁਤ ਵੱਡੇ ਹਿੱਸੇ ਨੇ ਕਿੰਨੇ ਹੀ ਸੰਗਰਾਮ ਲੜੇ । ਪਰ ਐਨੀਆਂ ਕੁਰਬਾਨੀਆਂ ਨਾਲ ਉਸਰੇ ਇਹ ਰਾਜ ਮਨੁੱਖਤਾ ਨੂੰ ਉਹ ਕੁਝ ਨਾਂ ਦੇ ਸਕੇ ਜਿਸ ਬਾਰੇ ਇਨ੍ਹਾਂ ਲਈ ਕੁਰਬਾਨੀਆਂ ਕਰਨ ਵਾਲੇ ਲੋਕਾਂ ਨੇ ਕਲਪਿਆ ਸੀ । ਉਹੀ ਕਮਿਊਨਿਸਟ ਜਿਹੜੇ ਕਦੇ ਲੋਕਾਂ ਦੇ ਮਹਿਬੂਬ ਨਾਇਕ ਹੁੰਦੇ ਸੀ, ਜਾਬਰ ਤਾਨਾਸ਼ਾਹ ਬਣ ਬੈਠੇ । ਐਨੀਆਂ ਕੁਰਬਾਨੀਆਂ ਆਸਾਂ ਨਾਲ ਸਿਰਜੇ ਗਏ ਇਹ ਰਾਜ ਕਿਹੜੀ ਮੌਤੇ ਮਰੇ ਹਨ, ਇਹ ਪੂਰੀ ਦੁਨੀਆਂ ਨੇ ਵੇਖਿਆ ਹੈ । ਨੇਕ ਇਰਾਦਿਆਂ ਤੇ ਪਵਿੱਤਰ ਜਜ਼ਬਿਆਂ ਦੇ ਹੁੰਦਿਆਂ ਵੀ ਕਮਿਊਨਿਸਟ ਕੀ ਤੋਂ ਕੀ ਬਣ ਬੈਠੇ ? ਇਹ ਸਾਰਾ-ਕੁਝ ਕਿਵੇਂ ਵਾਪਰ ਗਿਆ ? ਇਹ ਸਾਰੇ ਸਵਾਲ ਉਨ੍ਹਾਂ ਲੋਕਾਂ ਦੇ ਵਿਚਾਰਨਯੋਗ ਹਨ ਜਿਨ੍ਹਾਂ ਆਉਣ ਵਾਲੇ ਸਮੇਂ ਮਨੁੱਖਤਾ ਦੀ ਆਜ਼ਾਦੀ ਦੇ ਸੰਗਰਾਮ ਲੜਨੇ ਹਨ । ਇਹ ਜੋ ਪਿੱਛੇ ਵਾਪਰਿਆ ਹੈ ਇਹ ਕੱਲੇ ਕਮਿਊਨਿਸਟਾਂ ਦੀ ਹੀ ਹੋਣੀ ਨਹੀਂ, ਹਰ ਅਜ਼ਾਦੀ-ਲਹਿਰ ਨਾਲ ਇਵੇਂ ਹੀ ਵਾਪਰਗਾ ਜੇ ਉਹ ਮਨੁੱਖਤਾ ਦੇ ਇਤਿਹਾਸਕ ਤਜਰਬਿਆਂ ਤੋਂ ਕੁਝ ਨਹੀਂ ਸਿੱਖਦੀ । ਕਮਿਊਨਿਸਟਾਂ ਦੀ ਦੁਰਗਤੀ ਦਾ ਮੁੱਖ ਕਾਰਨ ਉਨ੍ਹਾਂ ਦੇ ਸਿਰਜੇ ਰਾਜ-ਪਰਬੰਧਾਂ 'ਚ ਜਮਹੂਰੀਅਤ ਦੀ ਅਣਹੋਂਦ ਸੀ । ਪਰੋਲੇਤਾਰੀ ਤਾਨਾਸ਼ਾਹੀ ਦਾ ਸੰਕਲਪ ਮਾਰਕਸਵਾਦ ਦੇ ਮੋਢੀ ਚਿੰਤਕਾਂ ਨੇ ਚਾਹੇ ਕਿੰਨੇ ਵੀ ਪਾਕਿ ਇਰਾਦਿਆਂ ਨਾਲ ਚਿਤਵਿਆ ਹੋਏ, ਉਨ੍ਹਾਂ ਦੇ ਅਗਲੇ ਪੈਰੋਕਾਰਾਂ ਨੇ ਇਸ ਨੂੰ ਜਮਹੂਰੀਅਤ ਦੇ ਖਾਤਮੇ ਲਈ ਧੁਰੋਂ ਪਰਵਾਨਗੀ ਦੇ ਰੂਪ 'ਚ ਵਰਤਿਆ ।

ਤੇ ਜਮਹੂਰੀਅਤ ਦੀ ਜੋ ਪਰੀਭਾਸ਼ਾ ਚਾਂਦਨੀ ਚੌਂਕ ਦੀ ਸ਼ਹਾਦਤ ਨੇ ਦਿੱਤੀ ਹੈ, ਉਹ ਜਮਹੂਰੀਅਤ ਦੀ ਬਿਹਤਰੀਨ ਪਰਿਭਾਸ਼ਾ ਹੈ । ਬ੍ਰਾਹਮਣ ਦੀ ਵਿਚਾਰਧਾਰਾ ਨਾਲ ਸਿੱਖੀ ਦੀ ਕੋਈ ਸਾਂਝ ਨਹੀਂ, ਬਲਕਿ ਬੁਨਿਆਦੀ ਵਿਰੋਧ ਹੈ। ਸਿੱਖੀ ਦਾ ਜਨਮ ਹੀ ਬ੍ਰਾਹਮਣੀ ਵਿਚਾਰਧਾਰਾ ਤੇ ਬ੍ਰਾਹਮਣੀ-

ਪ੍ਰਬੰਧ ਦੇ ਵਿਰੋਧ 'ਚੋਂ ਹੋਇਆ। ਤਿਲਕ ਜੰਞੂ ਜਿਹੀਆ ਬ੍ਰਾਹਮਣੀ ਰੀਤਾਂ ਦਾ ਸਿੱਖ ਗੁਰੂਆਂ ਨੇ ਜ਼ੋਰਦਾਰ ਖੰਡਨ ਕੀਤਾ। ਪਰ ਫੇਰ ਵੀ ਜਦ ਗੈਰ-ਜਮਹੂਰੀ ਢੰਗ ਨਾਲ ਬ੍ਰਾਹਮਣ ਦਾ ਤਿਲਕ-ਜੰਞੂ ਲੁਹਾਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਦੇ ਵਿਸ਼ਵਾਸ ਨੂੰ ਜਾਬਰ ਢੰਗਾਂ ਨਾਲ ਖਤਰਾ ਪੈਦਾ ਕੀਤਾ ਗਿਆ ਉਸੇ ਤਿਲਕ-ਜੰਞੂ ਲਈ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਦਿੱਤੀ। ਚਾਂਦਨੀ ਚੌਂਕ ਦੀ ਸ਼ਹਾਦਤ ਅਸਲ 'ਚ ਜਮਹੂਰੀਅਤ ਲਈ ਸ਼ਹਾਦਤ ਹੈ। ਵਿਚਾਰਾਂ-ਵਿਸ਼ਵਾਸਾਂ ਦੀ ਅਜ਼ਾਦੀ ਲਈ ਸ਼ਹਾਦਤ ਹੈ। ਚਾਂਦਨੀ ਚੌਂਕ ਦੀ ਸ਼ਹਾਦਤ ਨੇ ਖਾਲਸਾਈ ਜਮਹੂਰੀਅਤ ਦਾ ਇੱਕ ਮਾਡਲ ਇਤਿਹਾਸ 'ਚ ਸਿਰਜਿਆ ਹੈ। ਖਾਲਸਾ ਜਿਥੇ ਆਪਣੇ ਵਿਸ਼ਵਾਸਾਂ ਦੀ ਰਾਖੀ ਸਿਰਾਂ ਨਾਲ ਕਰਦਾ ਹੈ ਉਥੇ ਹੋਰਨਾਂ ਦੇ ਵਿਸ਼ਵਾਸਾਂ ਅਕੀਦਿਆਂ ਦੀ ਰਾਖੀ ਲਈ ਵੀ ਸੀਸ ਵਾਰ ਸਕਦਾ ਹੈ।

ਅੱਜ ਖਾਲਸਾ ਪੰਥ ਪੰਜਾਬ ਦੀ ਧਰਤੀ ਦੀ ਅਜ਼ਾਦੀ ਲਈ ਜੂਝ ਰਿਹਾ ਹੈ। ਬਰਾਬਰੀ ਤੇ ਇਨਸਾਫ ਵਾਲੇ ਜਿਸ ਪ੍ਰਬੰਧ ਦਾ ਅੱਜ ਪੰਜਾਬ ਦੇ ਲੋਕ ਸੁਪਨਾ ਲੈ ਰਹੇ ਹਨ ਉਸ ਰਾਜ ਦਾ ਸੰਕਲਪ ਇਸੇ ਜਮਹੂਰੀਅਤ ਦੀ ਪਰਿਭਾਸ਼ਾ ਦੀ ਰੋਸ਼ਨੀ 'ਚ ਸਿਰਜਿਆ ਜਾਣਾ ਚਾਹੀਦਾ ਹੈ, ਜਿਹੜੀ ਪਰਿਭਾਸ਼ਾ ਚਾਂਦਨੀ ਚੌਂਕ 'ਚ ਦਿੱਤੀ ਗਈ। ਜਿਹੜੀ ਵਿਚਾਰਧਾਰਾ ਏਸ ਘਟਨਾ 'ਚੋਂ ਉਭਰੀ ਹੈ-ਉਸ ਮੁਤਾਬਕ ਖਾਲਸਾ ਰਾਜ ਇੱਕ ਵਿਸ਼ਵਾਸ ਜਾਂ ਵਿਚਾਰ ਵਾਲੇ ਲੋਕਾਂ ਦਾ ਰਾਜ ਨਹੀਂ। ਇਸ ਰੌਸ਼ਨੀ 'ਚ ਜਦੋਂ ਹੁਣ ਖਾਲਸਾ ਰਾਜ ਲਈ ਜੂਝਣ ਦਾ ਦਾਅਵਾ ਕਰਨ ਵਾਲਿਆਂ ਨੂੰ ਦੇਖਿਆ ਜਾਵੇ ਤਾਂ ਬਹੁਤੀਆਂ ਧਿਰਾਂ ਦਾ ਅਮਲ ਗੈਰ-ਜਮਹੂਰੀ ਤੇ ਗੁਰਮਤਿ ਵਿਰੋਧੀ ਨਜ਼ਰ ਆਉਂਦਾ ਹੈ। ਹੁਣ ਦੇ ਜੁਝਾਰੂਆਂ 'ਚ ਖਾਲਸਾ ਰਾਜ ਦੀ ਜੋ ਤਸਵੀਰ ਹੈ ਉਸ ਦੀਆਂ ਝਲਕੀਆਂ ਉਨ੍ਹਾਂ ਦੇ ਅਮਲ 'ਚੋਂ ਦੇਖੀਆਂ ਜਾ ਸਕਦੀਆਂ ਹਨ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਵਿਚਾਰਦਿਆਂ, ਜਮਹੂਰੀਅਤ ਦੇ ਖਾਲਸਈ ਸੰਕਲਪ ਨੂੰ ਅਮਲ 'ਚ ਲਾਗੂ ਕਰਨ ਦੀ ਲੋੜ ਹੈ।

# ਇੱਕ ਸੁਨੇਹਾ ਲੇਖਕਾਂ ਲਈ

ਧਰਤੀ ਦੇ ਕਿਸੇ ਵੀ ਹਿੱਸੇ 'ਤੇ ਜਦੋਂ ਅਜ਼ਾਦੀ ਤੇ ਹੱਕ ਇਨਸਾਫ਼ ਲਈ ਲਹਿਰਾਂ ਚੱਲੀਆਂ ਹਨ ਤਾਂ ਇਨ੍ਹਾਂ ਲਹਿਰਾਂ ਨੇ ਉਸ ਖਿੱਤੇ ਦੇ ਜਿੱਥੇ ਲੋਕਾਂ ਦੀ ਜ਼ਿੰਦਗੀ 'ਤੇ ਵੱਡੇ ਅਸਰ ਪਏ ਹਨ ਇਨ੍ਹਾਂ ਲਹਿਰਾਂ ਨੇ ਮਨੁੱਖਤਾ ਦੇ ਸਮਾਜੀ ਸਫ਼ਰ ਨੂੰ ਆਪੋ-ਆਪਣੇ ਵਿਤ ਮੁਤਾਬਕ ਅੱਗੇ ਵਧਾਇਆ ਉਥੇ ਇਨ੍ਹਾਂ ਵੱਖੋ-ਵੱਖਰੀਆਂ ਬੋਲੀਆਂ ਦੇ ਸਾਹਿਤ 'ਤੇ ਵੀ ਵੱਡੇ ਅਸਰ ਪਾਏ ਹਨ। ਸੰਸਾਰ ਦਾ ਬਹੁਤਾ ਬੇਹਤਰੀਨ ਸਾਹਿਤ ਇਹਨਾਂ ਆਜ਼ਾਦੀ ਲਹਿਰਾਂ ਦੀ ਹੀ ਉਪਜ ਹੈ। ਪੰਜਾਬੀ ਸਾਹਿਤ ਵੀ ਪੁਰਾਤਨ ਵੇਲੇ ਤੋਂ ਹੀ ਪੰਜਾਬ ਦੀਆਂ ਆਜ਼ਾਦੀ, ਬਰਾਬਰੀ ਲਈ ਚੱਲੀਆਂ ਲਹਿਰਾਂ ਦਾ ਹਮਸਫ਼ਰ ਹੁੰਦਾ ਹੋਇਆ ਇਸ ਮੁਕਾਮ 'ਤੇ ਪੁੱਜਿਆ ਹੈ। ਪਰ ਆਧੁਨਿਕ ਸਮੇਂ 'ਚ ਇਹ ਇਤਿਹਾਸਕ ਦੁਰਘਟਨਾ ਵਾਪਰੀ ਹੈ ਕਿ ਪੰਜਾਬ 'ਚ ਚੱਲ ਰਹੀ ਮੌਜੂਦਾ ਆਜ਼ਾਦੀ ਦੀ ਲਹਿਰ ਆਪਣੇ ਸ਼ੁਰੂ ਦੇ ਦਿਨਾਂ ਤੋਂ ਹੀ ਕੁਝ ਇਸ ਤਰ੍ਹਾਂ ਉਖੜੀ ਕਿ ਮਨੁੱਖੀ ਹੱਕਾਂ ਦੀ ਲਹਿਰ ਹੋਣ ਦੇ ਬਾਵਜੂਦ ਇਹ ਲਹਿਰ ਆਪਣਾ ਕੋਈ ਸਾਹਿਤ ਪੈਦਾ ਨਹੀਂ ਕਰ ਸਕੀ। ਇਸ ਲਹਿਰ ਨਾਲ ਜੁੜੇ ਕੁਝ ਨੌਜਵਾਨ ਖਿੰਡੇ ਪੁੰਡਰੇ ਰੂਪ 'ਚ ਕਵਿਤਾ ਜਾਂ ਕਹਾਣੀ ਰਾਹੀਂ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਡਾ ਇਰਾਦਾ ਇਸ ਖਿੱਲਰੇ ਸਾਹਿਤ ਨੂੰ ਇਕੱਤਰ ਕਰਨ ਦਾ ਤੇ ਇਸ 'ਚੋਂ ਚੋਣਵੇਂ ਤੇ ਮਿਆਰੀ ਸਾਹਿਤ ਨੂੰ ਮੁੜ ਇਨ੍ਹਾਂ ਨੌਜਵਾਨ ਸਾਹਿਤਕਾਰਾਂ ਅੱਗੇ ਪੇਸ਼ ਕਰਨ ਦਾ ਹੈ। ਇਸ ਸਿਲਸਿਲੇ 'ਚ ਅਸੀਂ ਬੜੀ ਛੇਤੀ ਮੌਜੂਦਾ ਸਿੱਖ ਲਹਿਰ ਦੀ ਸ਼ਾਇਰੀ ਦਾ ਇੱਕ ਸੰਗ੍ਰਹਿ ਛਾਪ ਰਹੇ ਹਾਂ। ਲਹਿਰ ਨਾਲ ਸਬੰਧਤ ਜਿਹੜੇ ਨੌਜਵਾਨ ਕਵਿਤਾਵਾਂ ਲਿਖਦੇ ਹਨ ਉਹ ਆਪਣੀਆਂ ਕਵਿਤਾਵਾਂ ਸਾਨੂੰ ਤੁਰੰਤ ਭੇਜ ਦੇਣ ਤਾਂ ਜੋ ਇਸ ਸੰਗ੍ਰਹਿ ਲਈ ਅਸੀਂ ਕਵਿਤਾਵਾਂ ਚੁਣ ਸਕੀਏ।

*ਜਸਵੀਰ ਸਿੰਘ*
*ਮਾਰਫਤ ਨਵਦੀਪ ਸਿੰਘ ਬਿੱਟੂ ਪਿੰਡ ਤੇ ਡਾਕ ਸਕਰੌਦੀ, ਸੰਗਰੂਰ।*

# ਦਸ਼ਮੇਸ਼ ਦੁਲਾਰੇ : 'ਚਾਰਾਂ' ਤੇ 'ਹਜ਼ਾਰਾਂ' ਦਾ ਇਕੋ ਰਾਹ

ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਦਸ਼ਮੇਸ਼ ਪਿਤਾ ਨੇ ਕਿਸੇ ਮਾਣ ਨਾਲ ਜਦ ਕਿਹਾ ਸੀ ਕਿ "ਕੀ ਹੋਇਆ ਜੇ ਚਾਰ ਤੁਰ ਗਏ ਨੇ ? ਮੇਰੇ ਹਜ਼ਾਰਾਂ ਪੁੱਤਰ ਅਜੇ ਜਿਉਂਦੇ ਹਨ," ਤਾਂ ਉਦੋਂ ਹੀ ਸਪਸ਼ਟ ਹੋ ਗਿਆ ਸੀ ਕਿ ਇਨ੍ਹਾਂ ਬਾਕੀ ਦੇ ਹਜ਼ਾਰਾਂ ਦਾ ਰਾਹ ਕਿਹੜਾ ਹੋਵੇਗਾ, ਇਨ੍ਹਾਂ ਹਜ਼ਾਰਾਂ ਤੋਂ ਉਹ ਕਿਹੜੀ ਆਸ ਰੱਖ ਰਹੇ ਸਨ। ਜਿਹੋ-ਜਿਹੀਆਂ ਸ਼ਹਾਦਤਾਂ ਉਨ੍ਹਾਂ ਦੇ ਚਾਰਾਂ ਪੁੱਤਰਾਂ ਨੇ ਦਿੱਤੀਆਂ, ਉਸੇ ਬਿਖੜੇ ਰਾਹਾਂ 'ਤੇ ਬਾਕੀ ਦੇ ਹਜ਼ਾਰਾਂ ਨੂੰ ਵੀ ਤੁਰਨਾ ਪਏਗਾ, ਬਾਕੀ ਦੇ ਹਜ਼ਾਰਾਂ 'ਤੇ ਵੀ ਉਹੀ ਗੁਜ਼ਰੇਗੀ ਜੋ ਚਾਰਾਂ 'ਤੇ ਬੀਤੀ। ਇਹੋ ਮਤਲਬ ਹੈ ਉਨ੍ਹਾਂ ਦਾ ਹਜ਼ਾਰਾਂ ਦੇ ਅਜੇ ਜਿਊਂਦੇ ਹੋਣ ਦੀ ਗੱਲ ਕਰਨ ਦਾ। ਚਾਰਾਂ ਪੁੱਤਰਾਂ ਨੇ ਜਿਸ ਲੋਹ-ਇਰਾਦੇ ਨਾਲ ਵਕਤ ਦੇ ਜਬਰ ਨੂੰ ਝੱਲਿਆ, ਉਸ 'ਤੇ ਕਿਸੇ ਤਸੱਲੀ ਤੇ ਮਾਣ ਨਾਲ ਹੀ ਉਹ ਕਹਿ ਰਹੇ ਸਨ, ਇੱਕ ਭਰੋਸੇ ਨਾਲ ਕਹਿ ਰਹੇ ਸਨ ਕਿ ਇਹ ਹਜ਼ਾਰਾਂ ਵੀ ਸਿਦਕ ਤੇ ਕੁਰਬਾਨੀ ਦੀ ਉਸੇ ਸਿਖਰ ਨੂੰ ਛੂਹਣਗੇ ਜਿਸ ਬੁਲੰਦੀ ਤੇ ਚਾਰਾਂ ਨੇ ਹੱਥ ਲਾਇਆ ਸੀ। ਸਰਹੰਦ ਦੇ ਸਾਕੇ ਨੇ ਦਿਖਾਇਆ ਹੈ ਕਿ ਰਾਜਸੱਤਾ ਆਪਣੇ ਮਨੋਰਥਾਂ ਖਾਤਰ ਕਿੰਨੀ ਕੁਰਹਿਮਤ, ਕਿੰਨੀ ਜਾਬਰ ਹੋ ਸਕਦੀ ਹੈ, ਕਿ ਜ਼ਿੰਦਗੀ ਦੇ ਮਾਸੂਮ ਹਿੱਸੇ ਨੂੰ ਵੀ ਦੀਵਾਰਾਂ 'ਚ ਚਿਣ ਸਕਦੀ ਹੈ ਤੇ ਨਾਲ ਹੀ ਇਹ ਵੀ ਕਿ ਜ਼ਿੰਦਗੀ ਦੇ ਖੰਡੇ ਲਈ ਲੜਨ ਵਾਲੇ ਵੀ ਕਿਸ ਹੱਦ ਤੱਕ ਸਿਦਕਵਾਨ ਹੋ ਸਕਦੇ ਹਨ। ਸੂਬਾ ਸਰਹੰਦ ਜਿਥੇ ਰਾਜਸੱਤਾ 'ਚ ਜਿਉਂਦੇ ਪਸ਼ੂਪੁਣੇ ਦੀ ਸਿਖਰ ਹੈ ਉਥੇ ਸਰਹੰਦ ਦੀਆਂ ਦੀਵਾਰਾਂ 'ਚ ਅਡੋਲ ਖਲੋਤੀਆਂ ਨਿੱਕੀਆਂ ਜਿੰਦਾਂ ਮਨੁੱਖ ਦੇ ਅਜ਼ਾਦੀ ਵਿੱਚ ਭਰੋਸੇ ਤੇ ਸਿਦਕ ਦੀਆਂ ਸਿਖਰ ਹਨ। ਮਨੁੱਖਤਾ ਦੀ ਇਹ ਲੜਾਈ ਨਿਰੰਤਰ ਜਾਰੀ ਹੈ। ਸੂਬਾ ਸਰਹੰਦ ਦੀ ਰੂਹ ਦੀ ਸ਼ਾਇਦ ਕਦੇ ਵੀ ਮੁਕਤੀ ਨਹੀਂ ਹੋਣੀ। ਇਹ ਕਦੇ "ਰੋਅ" 'ਚ ਦਾਖਲ ਹੁੰਦੀ ਹੈ ਕਦੇ "ਰਿਬੇਰੋ" 'ਚ, ਕਦੇ "ਗਿੱਲ" 'ਚ ਵਾਸਾ ਕਰਦੀ ਹੈ, ਕਦੇ "ਸੁਰਿੰਦਰ ਨਾਥ" 'ਚ। ਜ਼ਿੰਦਗੀ ਦੀ ਮਾਸੂਮੀਅਤ ਨੂੰ ਦੀਵਾਰਾਂ 'ਚ ਚਿਣਨ ਲਈ ਰਾਜਸੱਤਾ ਕੋਲ ਬਹੁਤ ਇੱਟਾਂ ਨੇ। ਤੇ ਜ਼ਿੰਦਗੀ ਦੇ ਖੰਡੇ ਲਈ ਲੜਨ ਵਾਲਿਆਂ ਕੋਲ ਵੀ ਬਹੁਤ ਜਿੰਦਾਂ ਨੇ, ਜਿਨ੍ਹਾਂ ਦਾ ਅਜ਼ਾਦੀ 'ਚ ਭਰੋਸਾ ਕਿਸੇ ਵੀ ਦੀਵਾਰ 'ਤੇ ਮੁਕਦਾ ਨਹੀਂ। "ਲੱਡਾ-ਕੋਠੀ," "ਮਾਲ ਮੰਡੀ", "ਬੋਕੋ", "ਘਾਸ ਮੰਡੀ" ਤੇ ਸਟਾਫ਼ਾਂ ਦਾ ਖ਼ੌਫ਼ ਮਿੱਟੀ ਦੇ ਪੁੱਤਰਾਂ ਦੀ ਅਜ਼ਾਦੀ ਲਈ ਤਾਂਘ ਨੂੰ ਮਿਟਾ ਨਹੀਂ ਸਕਦਾ। ਜ਼ਿੰਦਗੀ ਦੀ ਮਾਸੂਮੀਅਤ ਤੇ ਕਰੂਰਤਾ ਦੀ, ਅਜ਼ਾਦੀ 'ਚ ਭਰੋਸੇ ਤੇ ਧੱਕੇਸ਼ਾਹੀ ਦੀ, ਜੋ ਟੱਕਰ ਸਰਹੰਦ ਦੇ ਸਾਕੇ ਨੇ ਦਰਸਾਈ ਹੈ ਉਸ 'ਚ ਦੋ ਹੋਰ ਪਾਤਰ ਵੀ ਹਨ, ਨਵਾਬ ਮਲੇਰਕੋਟਲਾ ਤੇ ਦੀਵਾਨ ਸੁੱਚਾ ਨੰਦ। ਇਤਿਹਾਸ ਦਾ ਇਹ ਨਾਟਕ ਅੱਜ ਵੀ ਜਾਰੀ ਹੈ। ਅੱਜ ਵੀ ਅੱਡ-ਅੱਡ ਕਿਰਦਾਰਾਂ ਦੇ ਸਰੂਪ ਉਘੜ ਰਹੇ ਹਨ। ਨਵਾਬਾਂ ਤੇ ਸੁੱਚੇ ਨੰਦਾਂ ਲਈ ਇਤਿਹਾਸ ਨੇ ਸਿਰਫ਼ ਫ਼ਤਵੇ ਦੇਣੇ ਹਨ। ਗੁਰੂ ਦੇ ਪੁੱਤਰਾਂ ਲਈ ਜ਼ਿੰਦਗੀ ਦਾ ਜੋ ਰਾਹ ਹੈ ਉਹ ਤਹਿ ਹੋ ਚੁੱਕਿਆ ਹੈ। ਗੁਰੂ ਦੇ ਸਪੁੱਤਰ ਹੋਣ ਦੀ ਜਿਨ੍ਹਾਂ ਦੀ ਇੱਛਾ ਹੈ ਉਨ੍ਹਾਂ ਨੂੰ ਏਸ ਰਾਹ 'ਤੇ ਤੁਰਨਾ ਪੈਣਾ ਏ, ਤੇ ਉਹ ਤੁਰ ਵੀ ਰਹੇ ਹਨ। ਬਾਕੀਆਂ ਤੋਂ ਗੁਰੂ ਦੇ ਪੁੱਤਰ ਕਹਾਉਣ ਦਾ ਹੱਕ ਇਤਿਹਾਸ ਖੋਹ ਲਵੇਗਾ। ਗੁਰੂ ਦੇ ਪੁੱਤਰਾਂ ਦਾ ਰਾਹ ਹੱਕਾਂ ਦੀ, ਅਜ਼ਾਦੀ ਦੀ ਮਿਸ਼ਾਲ ਨੂੰ ਉੱਚੀ ਰੱਖਣ ਦਾ ਰਾਹ ਹੈ। ਚਮਕੌਰ ਦੇ ਮੈਦਾਨ ਵਿੱਚ ਜੂਝ ਜਾਣ ਦਾ ਹੈ, ਸਰਹੰਦ ਦੀਆਂ ਦੀਵਾਰਾਂ ਦੇ ਸਿਤਮ ਨੂੰ ਖੁਸ਼ਆਮਦੀਦ ਕਹਿਣ ਦਾ ਹੈ।

ਦਿਨ ਢਲੇ ਤੱਕ ਜੰਗ ਨੇ ਕਈ ਸ਼ਕਲਾਂ ਬਦਲੀਆਂ। ਅਖ਼ੀਰ ਗੜ੍ਹੀ ਵਿੱਚ ਤੀਰ ਅਤੇ ਗੋਲੀ ਸਿੱਕਾ ਬਹੁਤ ਥੋੜਾ ਰਹਿ ਗਿਆ। ਸੋ ਫੈਸਲਾ ਹੋਇਆ ਕਿ ਥੋੜੀ-ਥੋੜੀ ਗਿਣਤੀ ਵਿੱਚ ਸਿੰਘ ਗੜ੍ਹੀ ਤੋਂ ਬਾਹਰ ਨਿਕਲਕੇ ਦੁਸ਼ਮਣ ਨੂੰ ਵੰਗਾਰ ਪਾਉਣ। ਸੋ ਵਾਰੋ ਵਾਰੀ ਸਿੰਘ ਗੜ੍ਹੀ ਤੋਂ ਬਾਹਰ ਨਿਕਲਕੇ ਸ਼ਹੀਦੀਆ ਪਾਉਣ ਲੱਗੇ ਅਤੇ ਨਾਲੋ ਨਾਲ ਗੜ੍ਹੀ ਉਤੇ ਕਲਗੀਆਂ ਵਾਲੇ ਦੇ ਤੀਰ ਦੁਸ਼ਮਣ ਨੂੰ ਵਿੰਨ੍ਹਦੇ ਰਹੇ। ਅੰਤ ਹਜ਼ੂਰ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੇ ਮੈਦਾਨਿ-ਜੰਗ ਵਿੱਚ ਜਾਣ ਦੀ ਆਗਿਆ ਮੰਗੀ। ਉਸ ਵੇਲੇ ਸਾਹਿਬਜ਼ਾਦਾ ਜੀ ਦੀ ਉਮਰ ਸਤਾਰਾਂ ਵਰ੍ਹੇ ਦੀ ਸੀ। ਉਹ ਘੋੜੇ ਉਤੇ ਅਸਵਾਰ ਹੋ ਕੇ ਪੰਜ ਸਿੰਘਾਂ ਨੂੰ ਨਾਲ ਲੈ ਕੇ ਜੰਗ ਕਰਨ ਦੀ ਪੂਰੀ ਸਜ-ਧਜ ਨਾਲ ਪਿੰਡ ਤੋਂ ਬਾਹਰ ਨਿਕਲੇ। ਉਹ ਜੰਗਲਾਂ ਨੂੰ ਤੋੜ ਦੇਣ ਵਾਲੇ ਤੇਜ਼ ਤੂਫ਼ਾਨ ਵਾਂਗ ਮੈਦਾਨ ਵਿੱਚ ਵੜੇ, ਲਹੂ-ਲੁਹਾਣ ਧਰਤੀ ਮੌਤ ਦੇ ਕਿਸੇ ਅਲੌਕਿਕ ਸਰੂਰ ਵਿਚ ਕੰਬੀ, ਜਿਵੇਂ ਇਸ ਦੀ ਮਿੱਟੀ ਨੇ ਕੰਬਦੀਆਂ ਬਿਜਲੀਆਂ ਦਾ ਰੂਪ ਧਾਰ ਲਿਆ ਹੋਵੇ। ਫੇਰ ਉਹਨਾਂ ਦੀ ਤੇਗ ਮੈਦਾਨਿ-ਜੰਗ ਵਿੱਚ ਦਰਿਆ ਵਾਂਗ ਫਿਰਨ ਲੱਗੀ, ਜਿਵੇਂ ਮੌਤ ਦੇ ਪਰਬਤ ਨਾਲ ਟਕਰਾ ਰਹੀ ਹੋਵੇ। ਉਹਨਾਂ ਦੀ ਉਚੀ ਸੁਰਤਿ ਜਿੱਤ ਦੇ ਆਖ਼ਰੀ ਕੰਢੇ ਉਤੇ ਖੜੀ ਹੋਈ ਦੁਸ਼ਮਣ 'ਤੇ ਵਾਰ ਕਰ ਰਹੀ ਸੀ। ਜਦ ਉਹ ਸ਼ਹੀਦ ਹੋਏ ਤਾਂ ਦੱਸਣਾ ਮੁਸ਼ਕਿਲ ਹੈ, ਕਿ ਕੀ ਹੋਇਆ।

ਸਾਹਿਬਜ਼ਾਦਾ ਅਜੀਤ ਸਿੰਘ ਦੇ ਸ਼ਹੀਦ ਹੋਣ ਪਿੱਛੋਂ ਛੋਟਾ ਵੀਰ ਜੁਝਾਰ ਸਿੰਘ ਹਜ਼ੂਰ ਦੇ ਸਾਹਮਣੇ ਆ ਕੇ ਖਲੋ ਗਿਆ ਅਤੇ ਅਰਜ਼ ਕੀਤੀ "ਪਿਤਾ ਜੀ। ਵੱਡੇ ਵੀਰ ਵਾਂਗ ਮੈਂ ਵੀ ਸ਼ਹੀਦ ਹੋਣਾ ਹੈ। ਮੈਨੂੰ ਵੀ ਸ਼ਹੀਦ ਹੋਣ ਦਾ ਹੁਕਮ ਕਰੋ।" ਹਜ਼ੂਰ ਨੇ ਆਪਣੇ ਚੌਦਾਂ ਸਾਲ ਦੇ ਬੇਟੇ ਨੂੰ, ਜਿਸਨੇ ਕਿ ਇਸ ਤੋਂ ਪਹਿਲਾਂ ਕਿਸੇ ਜੰਗ ਵਿੱਚ ਹਿੱਸਾ ਨਹੀਂ ਸੀ ਲਿਆ, ਅਜ਼ਮਾਉਣ ਲਈ ਬਹੁਤ ਪਿਆਰ ਨਾਲ ਆਖਿਆ "ਬੇਟਾ! ਹਾਲੇ ਤੇਰੀ ਉਮਰ ਬਹੁਤ ਛੋਟੀ ਹੈ।" ਛੋਟੇ ਸਾਹਿਬਜ਼ਾਦੇ ਨੇ ਇਸ ਬਚਨ ਨੂੰ ਸੁਣ ਕੇ ਸਿਦਕ ਦੇ ਕਿਸੇ ਅਲੌਕਿਕ ਰਹੱਸ ਵਿੱਚ ਭਿੱਜ ਕੇ ਪਿਤਾ ਅੱਗੇ ਇਹ ਅਰਜ਼ ਕੀਤੀ: "ਸੱਚੇ ਪਾਤਸ਼ਾਹ ਮੇਰੀ ਉਮਰ ਦਾ ਖਿਆਲ ਨਾ ਕਰੋ। ਜਿਵੇਂ ਖ਼ਾਲਸਾ ਸਾਜਣ ਵਾਲੇ ਦਿਨ ਤੁਸੀਂ ਆਪਣੇ ਬੱਚੇ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ, ਅੱਜ ਉਵੇਂ ਹੀ ਸ਼ਹੀਦੀਆਂ ਪਾਉਣ ਦਾ ਹੁਕਮ ਦੇਵੋ।" ਸਿੰਘ-ਬੱਚੇ ਦਾ ਜੰਗ ਲਈ ਇਹ ਸਿਦਕ ਭਰਿਆ ਬਿਹਬਲ ਚਾਅ ਦੇਖ ਕੇ ਗੁਰੂ ਜੀ ਬਹੁਤ ਖੁਸ਼ ਹੋਏ, ਉਸ ਨੂੰ ਆਪਣੇ ਹੱਥੀਂ ਸਜਾਇਆ ਅਤੇ ਮੈਦਾਨਿ-ਜੰਗ ਨੂੰ ਤੋਰ ਦਿੱਤਾ।....

ਛੋਟੇ ਸਾਹਿਬਜ਼ਾਦੇ ਦੀ ਸ਼ਹੀਦੀ ਪਿੱਛੋਂ ਪੰਜ ਸਿੰਘਾਂ ਦਾ ਇੱਕ ਹੋਰ ਜੱਥਾ ਵੀ ਜੰਗ ਨੂੰ ਗਿਆ। ਆਖ਼ਿਰ ਗੁਰੂ ਜੀ ਕੋਲ ਗਿਆਰਾਂ ਸਿੰਘ ਬਾਕੀ ਰਹਿ ਗਏ। ਇਹਨਾਂ ਦੀ ਮਦਦ ਨਾਲ ਗੁਰੂ ਜੀ ਨੇ ਦੁਸ਼ਮਣ ਦੇ ਆਖ਼ਰੀ ਵਾਰ ਨੂੰ ਵੀ ਤੀਰਾਂ ਅਤੇ ਗੋਲੀਆਂ ਦੇ ਜ਼ਬਰਦਸਤ ਨਿਸ਼ਾਨਿਆਂ ਰਾਹੀਂ ਠੱਲ੍ਹ ਪਾ ਦਿੱਤੀ। ਹਨੇਰਾ ਪੈ ਗਿਆ। ਦੁਸ਼ਮਣ ਹੁਣ ਅਜਾਈਂ ਆਦਮੀ ਮਰਵਾਉਣ ਵਿੱਚ ਸਿਆਣਪ ਨਾ ਸਮਝ ਕੇ ਪਿੰਡ ਤੋਂ ਬਾਹਰ-ਬਾਹਰ ਇੱਕ ਰਾਤ ਲਈ ਘੇਰਾ ਪਾ ਕੇ ਬੈਠ ਗਿਆ। ਜਦ ਰਾਤ ਦਾ ਦੂਸਰਾ ਪਹਿਰ ਆਇਆ ਤਾਂ ਸਿੰਘਾਂ ਨੇ ਗੁਰੂ ਜੀ ਨੂੰ ਚਲੇ ਜਾਣ ਦੀ ਅਰਜ਼ ਕੀਤੀ। ਗੁਰੂ ਜੀ ਨੇ ਆਖਿਆ, "ਖ਼ਾਲਸਾ ਜੀ, ਮੈਨੂੰ ਵੀ ਕੱਲ੍ਹ ਨੂੰ ਆਪਣੇ ਨਾਲ ਹੀ ਸ਼ਹੀਦ ਹੋ ਜਾਣ ਦਾ ਹੁਕਮ ਕਰੋ" ਪਰ ਸਿੰਘ ਜਿਹਨਾਂ ਦੀ ਉਚੀ ਸੁਰਤਿ ਉਸ ਛਿਣ ਵਿੱਚ ਗੁਰੂ ਗੋਬਿੰਦ ਸਿੰਘ ਹੀ ਹੋ ਗਈ ਸੀ ਸੱਚਮੁੱਚ ਉਨੀਂ ਹੀ ਪਾਵਨ, ਉਨੀ ਹੀ ਗੰਭੀਰ, ਜੋ ਖ਼ਾਲਸ ਉਹੀ ਰੂਪ ਧਾਰਨ ਕਰ ਗਈ ਸੀ, ਉਹ ਸਿੰਘ ਸਾਕਾਰ ਗੁਰੂ ਹੋ ਕੇ ਗੁਰੂ ਜੀ ਨੂੰ ਕਹਿਣ ਲੱਗੇ, "ਸੱਚੇ ਪਾਤਸ਼ਾਹ! ਖ਼ਾਲਸਾ ਤੁਹਾਨੂੰ ਗੜ੍ਹੀ ਵਿੱਚੋਂ ਚਲੇ ਜਾਣ ਦਾ ਹੁਕਮ ਦੇ ਰਿਹਾ ਹੈ। ਸਾਡੇ ਪਿਆਰ ਦੇ ਸਦਕੇ ਘੇਰੇ ਵਿੱਚੋਂ ਨਿਕਲ ਜਾਵੋ, ਤੁਸੀਂ ਜ਼ਰੂਰ ਜਾਣਾ ਹੈ, ਤੇ ਇਸ ਵੇਲੇ ਸ਼ਹੀਦ ਨਹੀਂ ਹੋਣਾ।" ਕਲਗੀਆਂ ਵਾਲੇ ਨੇ ਖ਼ਾਲਸੇ ਦੀ ਮਰਜ਼ੀ ਅੱਗੇ ਸਿਰ ਨਿਵਾਇਆ। ਫਿਰ ਇਹ ਸੁਖਨ ਕੀਤਾ " ਖ਼ਾਲਸਾ ਜੀ! ਏਸ ਵੇਲੇ ਤੁਸੀਂ ਗੁਰੂ ਜੋਗੇ ਹੋ। ਤੁਹਾਡੀ ਆਤਮਾ ਗੁਰੂ ਵਿੱਚ ਅਭੇਦ ਹੈ। ਜਿਸ ਉਚਾਈ 'ਤੇ ਮੈਂ ਹਾਂ, ਉਥੇ ਹੀ ਤੁਸੀਂ ਹੋ। ਤੁਸੀਂ ਗੁਰੂ ਹੋ।" ਫੇਰ ਗੁਰੂ ਜੀ ਨੇ ਆਪਣੀ ਚਮਕਦੀ ਹੋਈ ਕਲਗੀ ਉਤਾਰੀ ਅਤੇ ਖ਼ਾਲਸੇ ਨੂੰ ਭੇਟ ਕਰ ਦਿੱਤੀ। ਸਿੰਘਾਂ ਨੇ ਇਸ ਬਖ਼ਸ਼ਿਸ਼ ਨੂੰ ਚੁੰਮਿਆ, ਅੱਖਾਂ ਨਾਲ ਲਗਾਇਆ ਅਤੇ ਇਸ ਨੂੰ ਸੰਗਤ ਸਿੰਘ ਨਾਂ ਦੇ ਇੱਕ ਸਿੰਘ ਦੇ ਸੀਸ ਉਤੇ ਸਜਾ ਦਿੱਤਾ।

ਗੁਰੂ ਜੀ ਨੇ ਤੀਰ ਕਮਾਨ ਨੂੰ ਸੰਭਾਲਿਆ ਅਤੇ ਗੜ੍ਹੀ ਤੋਂ ਬਾਹਰ ਕਦਮ ਰੱਖਿਆ। ਉਹਨਾਂ ਦੇ ਨਾਲ ਦਇਆ ਸਿੰਘ ਧਰਮ ਸਿੰਘ ਅਤੇ ਮਾਨ ਸਿੰਘ ਤਿੰਨ ਸਿੰਘ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੱਡ ਹੋਣ ਦਾ ਆਦੇਸ਼ ਦਿੱਤਾ, ਅਤੇ ਬਚਨ ਕੀਤਾ ਮੈਂ ਇਸ ਤਾਰੇ ਦੀ ਸੇਧ ਉਤੇ ਜਾਵਾਂਗਾ। ਇਸ ਦੇ ਹਿਸਾਬ ਨਾਲ ਤੁਸੀਂ ਮੈਨੂੰ ਢੂੰਡ ਲੈਣਾ।" ਲੋਥਾਂ ਦੇ ਢੇਰ ਵਿੱਚ ਗੁਰੂ ਜੀ ਦਾ ਇੱਕ ਪੈਰ ਉਤਰ ਗਿਆ, ਉਹਨਾਂ ਨੇ ਦੂਸਰਾ ਵੀ ਉਤਾਰ ਦਿੱਤਾ। ਜਦੋਂ ਗੁਰੂ ਜੀ ਕੁਝ ਫਾਸਲੇ ਉਤੇ ਗਏ ਤਾਂ ਉਹਨਾਂ ਨੇ ਉਚੀ ਆਵਾਜ਼ ਵਿੱਚ ਆਖਿਆ। "ਖ਼ਾਲਸੇ ਦਾ ਗੁਰੂ ਜਾ ਰਿਹਾ ਹੈ।" ਦੁਸ਼ਮਣ ਵਿੱਚ ਇੱਕ ਅਜੀਬ ਡਰਾਉਣਾ ਸ਼ੋਰ ਉਠਿਆ ਅਤੇ ਪਾਗਲਾਂ ਵਾਂਗ ਏਧਰ-ਉਧਰ ਦੌੜ-ਭੱਜ ਸ਼ੁਰੂ ਹੋਈ। ਉਸ ਵੇਲੇ ਗੜ੍ਹੀ ਦੇ ਸਿੰਘਾਂ ਨੇ ਧੌਂਸਾ ਵਜਾਇਆ, ਅਤੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਏ। ਗੁਰੂ ਜੀ ਅਤੇ ਸਿੰਘ ਘੇਰੇ ਤੋਂ ਬਾਹਰ ਨਿਕਲ ਗਏ ਸਨ।

ਸਿਆਲ ਦੀ ਠਰੀ ਰਾਤ ਵਿੱਚ ਹਜ਼ੂਰ ਕੰਡਿਆਲੇ ਜੰਗਲਾਂ ਵਿੱਚ ਪੈਦਲ ਚੱਲ ਰਹੇ ਸਨ। ਕੰਡਿਆਂ ਨਾਲ ਪੈਰ ਛਿੱਲੇ ਗਏ ਸਨ, ਜਾਮਾ ਝਰੀਟਿਆ ਗਿਆ ਸੀ। ਟਿੱਬਿਆਂ ਦੀ ਰੇਤ ਲਹੂ ਨੂੰ ਸੁੰਨ ਕਰ ਦੇਣ

## ਚਮਕੌਰ ਦੀ ਗੜ੍ਹੀ ਨੂੰ

***ਸੰਤ ਰਾਮ ਉਦਾਸੀ***

*ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,*
*ਕਿਵੇਂ ਤਰਨ ਜੁਝਾਰੂ ਅਜੀਤ ਤੇਰੇ।*
*ਟੁੱਭੀ ਮਾਰ ਕੇ ਸਰਸਾ ਦੇ ਰੋੜ੍ਹ ਅੰਦਰ*
*ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।*
*ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,*
*ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।*
*ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,*
*ਕੁੱਲੀ-ਕੁੱਲੀ ਨੂੰ ਕਿੱਲ੍ਹਾ ਬਣਾ ਦਿਆਂਗੇ।*
*ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,*
*ਅਸੀਂ ਉਠਾਂਗੇ ਚੰਡੀ ਦੀ ਵਾਰ ਬਣਕੇ।*
*ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਸਾਨੂੰ,*
*ਟੰਗ ਦਿਆਂਗੇ ਖੰਡੇ ਦੀ ਧਾਰ ਬਣਕੇ।*
*ਬਾਪੂ ਸੌਖੇ ਇੱਕ ਕੌਮੀ ਸਰਦਾਰ ਤਾਈਂ,*
*ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।*
*ਖ਼ੂਨ ਜਿਗਰ ਦੇ ਨਾਲ ਤਾਂ ਜ਼ਫ਼ਰਨਾਮਾ,*
*ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।*
*(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏ,*
*ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।*
*'ਗੂਠਾ ਲਾਇਆ ਨਹੀਂ ਜਿੰਨਾ ਬੇਦਾਵਿਆਂ 'ਤੇ,*
*ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।*
*ਆਪਣੇ ਛੋਟਿਆਂ ਪੁੱਤਾਂ ਦੀ ਵੱਲ ਤਾਈਂ,*
*ਜੇ ਕਰ ਅੱਗੇ ਤੇ ਚੜ੍ਹੇ ਤਾਂ ਚੜ੍ਹਨ ਦੇਵੀਂ।*
*ਸਾਡੀ ਮੜ੍ਹੀ 'ਤੇ ਉਗੇ ਹੋਏ ਘਾਹ ਅੰਦਰ,*
*ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।*

[illegible] ਸੰਘਣਾ ਪਰ ਛੁਰਾ ਵਾਂਗ ਤਿੱਖਾ ਸੀ । ....ਫਜਰ [illegible] ਲੂਹ ਵਿੱਚ ਦਾਖਲ ਹੋਏ । ਨੇੜੇ ਹੀ ਇੱਕ [illegible] ਕਰ ਪਾਣੀ ਪੀਤਾ । ਫਿਰ ਇਸ ਦੀ ਮਣ ਕੋਲ [illegible] ਨੂੰ ਉਠਾਇਆ ਅਤੇ ਸੰਘਣੇ ਬ੍ਰਿਛਾਂ ਦੇ ਝੁੰਡ [illegible] ਸੁੱਕੇ ਘਾਹ ਦੇ ਸੱਥਰ 'ਤੇ ਇੱਕ ਜੰਡ ਥੱਲੇ ਇੱਕ [illegible] ਲਾ ਕੇ ਗੂੜ੍ਹੀ ਨੀਂਦ ਵਿੱਚ ਸੌਂ ਗਏ ।

[illegible] ਤੱਕ ਗੁਰੂ ਜੀ ਡੂੰਘੀ ਨੀਂਦ ਵਿੱਚ ਸੁੱਤੇ ਰਹੇ । ਉਸ [illegible] ਦੀ ਗੂੰਜ ਵਿੱਚੋਂ ਜੰਗਲ ਦੀ ਫਿਜ਼ਾ ਵਿੱਚ ਇੱਕ ਮਿੱਠਾ ਸ਼ਬਦ [illegible] ਸੀ । ''ਮਿਤ੍ਰ ਪਿਆਰੇ ਨੂੰ ਸਾਡਾ ਹਾਲ ਮੁਰੀਦਾਂ ਦਾ [illegible]''। ......ਜਿਸ ਜੰਡ ਹੇਠ ਦਸ਼ਮੇਸ਼ ਜੀ ਸੁੱਤੇ ਸਨ ਉਸ ਦੇ ਨੇੜੇ ਹੀ ਅੰਬਾਂ ਦਾ ਇੱਕ ਸੰਘਣਾ ਬਾਗ ਸੀ । ਇਹ ਬਾਗ ਗਨੀ ਖਾਂ ਅਤੇ ਨਬੀ ਖਾਂ ਦਾ ਸੀ । ਗਨੀ ਖਾਂ ਅਤੇ ਨਬੀ ਖਾਂ ਦੋਵੇਂ ਭਰਾ ਘੋੜਿਆਂ ਦੇ ਸੌਦਾਗਰ ਸਨ । ਉਹ ਗੁਰੂ ਜੀ ਨਾਲੋਂ ਉਮਰ ਵਿੱਚ ਵੱਡੇ ਪਰ ਉਹਨਾਂ ਦੇ ਮੁਰੀਦ ਸਨ । ਦੋਵੇਂ ਭਰਾ ਸੱਚੇ ਮੁਸਲਮਾਨ ਅਤੇ ਸੂਫੀਆਨਾ ਤਬੀਅਤ ਰੱਖਣ ਵਾਲੇ ਸਨ । ਅੱਜ ਉਹ ਚਮਕੌਰ ਤੋਂ ਆਏ ਸਨ । ਉਹਨਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਗੜ੍ਹੀ ਵਿੱਚ ਪਿੱਛੇ ਰਹੇ ਅੱਠ ਦੇ ਅੱਠ ਸਿਖ ਅੱਜ ਸਵੇਰ ਸ਼ਹੀਦੀਆਂ ਪਾ ਗਏ ਹਨ । ਮੁਗਲਾਂ ਨੇ ਸੰਗਤ [illegible] ਨੂੰ ਗੁਰੂ ਗੋਬਿੰਦ ਸਿੰਘ ਸਮਝ ਲਿਆ ਸੀ ਪਰ ਪਹਾੜੀਆਂ ਨੇ ਉਹਨਾਂ ਨੂੰ ਕੁਝ ਸ਼ੱਕ ਵਿੱਚ ਪਾ ਦਿੱਤਾ । ਉਹਨਾਂ ਨੇ ਇਹ ਵੀ ਦੱਸਿਆ ਕਿ ਸੂਬੇਦਾਰ ਸਮੇਤ ਲਸ਼ਕਰਾਂ ਦੇ ਆਪੋ-ਆਪਣੇ ਟਿਕਾਣਿਆਂ ਨੂੰ ਮੁੜ ਗਏ ਹਨ ਪਰ ਕੁਝ ਦਸਤਿਆਂ ਨੂੰ ਗੁਰੂ ਜੀ ਦੀ ਢੂੰਡ ਦਾ ਹੁਕਮ ਵੀ ਦੇ ਗਏ ਹਨ ।

...ਦੋਵਾਂ ਭਰਾਵਾਂ ਨੇ ਗੁਰੂ ਜੀ ਨੂੰ ਅਤੇ ਸਿੰਘਾਂ ਨੂੰ ਘਰ ਚੱਲਣ ਲਈ ਆਖਿਆ । ਰਾਤ ਸਮੇਂ ਗੁਰੂ ਜੀ ਆਪਣੇ ਪੁਰਾਣੇ ਮੁੱਢ-ਕਦੀਮ ਦੇ ਅਤੇ ਸੱਚੇ ਮੁਰੀਦਾਂ ਦੇ ਮਹਿਮਾਨ ਬਣੇ । ਗੁਰੂ ਜੀ ਅਤੇ ਉਹਨਾਂ ਦੇ ਸਿੰਘਾਂ ਲਈ ਨਿੱਕੀ ਜਿਹੀ ਕੋਠੜੀ ਵਿੱਚ ਬਿਸਤਰ ਲਗਾਏ ਗਏ ।

ਸਿਆਲ ਦੀ ਲੰਮੀ ਰਾਤ ਬੀਤੀ । ਮਾਛੀਵਾੜੇ ਉੱਤੇ ਮੁੜ ਸਵੇਰ ਹੋਈ । ਹਜ਼ੂਰ ਦੇ ਏਥੋਂ ਤੁਰਨ ਦਾ ਵਕਤ ਆ ਗਿਆ ਸੀ । ਸਦਾ ਹੀ ਇਸ ਸਵੇਰ ਦੇ ਅਰਥ ਕਾਲ ਦੀਆਂ ਅਨੇਕਾਂ ਸਵੇਰਾਂ ਨਾਲ ਵਿਸ਼ੇਸ਼ ਰਹਿਣਗੇ ਕਿਉਂਕਿ ਇਸ ਸਵੇਰ ਨੂੰ ਇਨਸਾਨ ਦੇ ਦਿਲ ਦੀਆਂ ਖੂਬੀਆਂ ਨੇ ਇਤਿਹਾਸ ਨੂੰ ਇੱਕ ਬੇਮਿਸਾਲ ਨੁਹਾਰ ਬਖਸ਼ੀ ਸੀ । ਇਸ ਸਵੇਰ ਨੂੰ ਹਜ਼ੂਰ ਨੇ ਨੀਲਾ ਜਾਮਾ ਪਹਿਨਿਆ....ਇਹ ਸਵੇਰ ਗਨੀ ਖਾਂ ਅਤੇ ਨਬੀ ਖਾਂ ਦੇ ਸਿਦਕ ਨਾਲ ਰੌਸ਼ਨ ਸੀ । ਅੱਜ ਆਪ ਨੂੰ ਉਹਨਾਂ ਦੇ ਪਿਆਰੇ ਮੇਜ਼ਬਾਨਾਂ ਨੇ ਉਚ ਦੇ ਪੀਰ ਮੰਨਿਆ । ਇੱਕ ਖੂਬਸੂਰਤ ਨਵਾਰੀ ਚਾਰਪਾਈ ਉੱਤੇ ਨਵਾਬੀ ਗਲੀਚਾ ਵਿਛਾ ਕੇ ਗੁਰੂ ਜੀ ਦਾ ਆਸਣ ਲਗਾਇਆ ਗਿਆ । ਉਹਨਾਂ ਨੇ ਆਪਣੇ ਲੰਮੇ ਕੇਸ ਪਿੱਛੇ ਵੱਲ ਨੂੰ ਖੁੱਲ੍ਹੇ ਛੱਡੇ ਹੋਏ ਸਨ । ਸਿੰਘਾਂ ਦਾ ਵੇਸ ਵੀ ਇਹੋ ਸੀ । ਗਨੀ ਖਾਂ ਅਤੇ ਨਬੀ ਖਾਂ ਨੇ ਚਾਰਪਾਈ ਦਾ ਅਗਲਾ ਹਿੱਸਾ ਅਤੇ ਧਰਮ ਸਿੰਘ ਤੇ ਮਾਨ ਸਿੰਘ ਨੇ ਪਿਛਲਾ ਹਿੱਸਾ ਉਠਾ ਲਿਆ । ਭਾਈ ਦਯਾ ਸਿੰਘ ਪਿੱਛੇ-ਪਿੱਛੇ ਚੌਰ ਲੈ ਕੇ ਤੁਰਨ ਲੱਗੇ ।

ਉਸ ਦੇ ਪੀਰ ਮਾਛੀਵਾੜੇ ਤੋਂ ਕੁਝ ਫਾਸਲੇ ਉੱਤੇ ਹੀ ਗਏ ਸਨ ਕਿ ਉਹਨਾਂ ਨੂੰ ਮੁਗਲਾਂ ਦੀ ਗਸ਼ਤੀ ਫੌਜ ਦਾ ਇੱਕ ਦਸਤਾ ਮਿਲ [illegible] ਫੌਜ ਵਿੱਚ ਤਿੰਨ ਆਦਮੀ ਅਜਿਹੇ ਸਨ ਜੋ ਕਿ ਗੁਰੂ ਜੀ ਨੂੰ ਪਛਾਣਦੇ ਸਨ । ਇਹਨਾਂ ਤਿੰਨਾਂ ਸ਼ਖਸਾਂ ਦੇ ਨਾਂ ਸਨ : ਅਨਾਇਤ ਅਲੀ ਨੂਰਪੁਰ ਵਾਲੇ, ਹਸਨ ਅਲੀ ਨੂੰ ਮਾਜਰੇ ਵਾਲੇ ਅਤੇ ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ । ਰੱਬ ਦੇ ਇਹ ਨੇਕ ਬੰਦੇ ਹਜ਼ੂਰ ਨੂੰ ਪਛਾਣ ਕੇ ਕੇਵਲ ਚੁੱਪ ਹੀ ਨਹੀਂ ਰਹਿ ਸਕੇ ਆਪ ਜੀ ਨੂੰ ਉਚ ਦੇ ਪੀਰ ਮੰਨ ਕੇ ਸਜਦਾ ਕੀਤਾ ।

# ਸਾਕਾ ਸਰਹੰਦ

ਸਰਸਾ ਦੇ ਖੂਨੀ ਘਮਸਾਨ ਸਮੇਂ ਮਾਤਾ ਗੁਜਰੀ ਜੀ ਅਤੇ ਨਿੱਕੇ ਸਾਹਿਬਜ਼ਾਦੇ ਗੁਰੂ ਸਾਹਿਬ ਨਾਲੋਂ ਵਿਛੜ ਗਏ । ਘਰ ਦੇ ਨੌਕਰ ਗੰਗੂ ਬ੍ਰਾਹਮਣ ਨਾਲ ਰਾਤੋ-ਰਾਤ ਉਸ ਦੇ ਪਿੰਡ ਖੇੜੀ (ਸਹੇੜੀ) ਪਹੁੰਚੇ, ਪਰ ਬ੍ਰਾਹਮਣ ਦੇ ਦਿਲ ਵਿੱਚ ਪਾਪ ਛੁਪਿਆ ਸੀ । ਦੂਸਰੇ ਦਿਨ ਚੁੱਪ-ਚੁਪੀਤੇ ਉਹ ਮੋਰਿੰਡੇ ਕੋਤਵਾਲ ਕੋਲ ਗਿਆ ਅਤੇ ਜੂਡਸ ਨਾਲੋਂ ਵੱਡਾ ਗੁਨਾਹ ਕਰ ਦਿੱਤਾ । (ਜੂਡਸ ਜੋ ਕਿ ਹਜ਼ਰਤ ਈਸਾ ਦੇ ਬਾਰਾਂ ਮੁਖੀ ਚੇਲਿਆਂ ਵਿੱਚੋਂ ਇੱਕ ਸੀ, ਨੇ 'ਰੱਬ ਦੇ ਪੁੱਤਰ' ਨੂੰ ਸਰਕਾਰੀ ਹਾਕਮਾਂ ਕੋਲ ਫੜਾਉਣ ਦਾ ਦਗਾ ਕਮਾਇਆ ਸੀ, ਪਰ ਗੁਰੂ ਸਾਹਿਬ ਦੇ ਮਾਸੂਮ ਬੱਚਿਆਂ ਅਤੇ ਉਹਨਾਂ ਦੀ ਪੂਜਯ ਬਿਰਧ ਮਾਤਾ ਨੂੰ ਸਰਹਿੰਦ ਦੇ ਜ਼ਾਲਮ ਹਾਕਮ ਦੇ ਹਵਾਲੇ ਕਰਕੇ ਗੰਗੂ ਜੂਡਸ ਨਾਲੋਂ ਵੀ ਵੱਡਾ ਦਗ਼ੇਬਾਜ਼ ਸਾਬਤ ਹੋਇਆ, ਕਿਉਂਕਿ ਮਾਸੂਮ ਬੱਚੇ ਅਤੇ ਬਿਰਧ ਇਸਤਰੀ ਵੱਧ ਤੋਂ ਵੱਧ ਬੇ-ਗੁਨਾਹ ਹੁੰਦੇ ਹਨ । ਦੂਜੇ, ਗੰਗੂ ਨੇ ਮਾਸੂਮ ਬੱਚਿਆਂ ਨੂੰ ਖਿਡਾਇਆ ਸੀ ਅਤੇ ਬਿਰਧ ਮਾਤਾ ਤੋਂ ਬੱਚਿਆਂ ਵਾਲਾ ਪਿਆਰ ਪ੍ਰਾਪਤ ਕੀਤਾ ਸੀ, ਤੀਜੇ ਉਹ ਬੇ-ਆਸਰਾ ਹੋਏ ਉਸ ਦੇ ਘਰ ਉਸ ਦੀ ਪਨਾਹ ਵਿੱਚ ਆਏ ਹੋਏ ਸਨ । ਹਰ ਪੱਖ ਤੋਂ ਵੇਖਿਆਂ ਇਹ ਜੂਡਸ ਨਾਲੋਂ ਵੀ ਵੱਡਾ ਵਿਸ਼ਵਾਸਘਾਤ ਹੈ ।) ਬਦਕਿਸਮਤ ਬ੍ਰਾਹਮਣ ਨੇ ਐਡਾ ਘੋਰ ਪਾਪ ਕਿਉਂ ਕੀਤਾ ? ਇਸ ਦੇ ਸਪੱਸ਼ਟ ਤੌਰ 'ਤੇ ਤਿੰਨ ਕਾਰਨ, ਪਰ ਚੌਥੇ ਪਿੱਛੇ ਕੋਈ ਕਾਲਾ ਭੇਤ ਸੀ । ਜ਼ਾਤੀ ਈਰਖਾ, ਕਾਇਰਤਾ ਉਪਜਾਉਂਦਾ ਡਰ ਅਤੇ ਕਿਸੇ ਜਗੀਰ ਦੀ ਲਾਲਸਾ ਤਿੰਨ ਕਾਰਨ ਸਨ ਇਸ ਪਾਪ ਦੇ । ਪਹਿਲੇ ਦੋ ਕਾਰਨ ਜ਼ੋਰ ਵਾਲੇ ਅਤੇ ਤੀਜਾ ਕਾਰਨ ਦੱਬਵਾਂ ਅਤੇ ਪਹਿਲੇ ਦੋਵਾਂ ਦਾ ਸਹਾਇਕ ਸੀ । ਇਹਨਾਂ ਤੋਂ ਇਲਾਵਾ ਕਾਲੇ ਭੇਤ ਵਾਲਾ ਚੌਥਾ ਕਾਰਨ ਇਹ ਸੀ ਕਿ ਕਈ ਆਦਮੀਆਂ ਦੀ ਖੱਬੀ ਵੱਖੀ (ਦਿਲ) ਵਿੱਚ ਕੋਈ ਦੱਬੀ ਹੋਈ ਕਮੀਨਗੀ ਹੁੰਦੀ ਹੈ ਜਿਹੜੀ ਕਿਸੇ ਵੇਲੇ ਅਤਿ ਭਿਆਨਕ ਸਮਿਆਂ ਵਿੱਚ ਜ਼ਾਹਿਰ ਹੋ ਜਾਂਦੀ ਹੈ । ਸੋ ਦੋਵਾਂ ਸਾਹਿਬਜ਼ਾਦਿਆਂ ਨੂੰ ਸਮੇਤ ਉਹਨਾਂ ਦੀ ਦਾਦੀ ਜੀ ਦੇ ਮੋਰਿੰਡੇ ਦੇ ਕੋਤਵਾਲ ਨੇ ਗ੍ਰਿਫਤਾਰ ਕੀਤਾ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪਹੁੰਚਾ ਦਿੱਤਾ ।

ਵਜ਼ੀਰ ਖਾਂ ਹੁਣੇ ਚਮਕੌਰ ਦੀ ਜੰਗ ਤੋਂ ਵਾਪਸ ਆਇਆ ਸੀ । ਗੁਰੂ ਜੀ ਨਾਲ ਹੋਈਆਂ ਜੰਗਾਂ ਵਿੱਚ ਜਿੱਤ ਦੀ ਕੋਈ ਫ਼ਸੱਲੀ ਨਾਂਹ ਮਿਲ ਸਕਣ ਕਾਰਨ ਉਸ ਦੇ ਸੁਭਾਅ ਵਿੱਚ ਇੱਕ ਗੈਰ-ਕੁਦਰਤੀ ਸਖ਼ਤੀ ਆ ਗਈ ਸੀ । ਸੋ ਦੋਵਾਂ ਸਾਹਿਬਜ਼ਾਦਿਆਂ ਨੂੰ ਪਹਿਲਾਂ ਤਸੀਹੇ ਦਿੱਤੇ ਫੇਰ ਉਹਨਾਂ ਨੂੰ ਮੁਸਲਮਾਨ ਬਣਾਉਣ ਲਈ ਭਰੀ ਕਚਹਿਰੀ ਵਿੱਚ ਵਡਿਆਇਆ ਤਾਂ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਦੀ ਸ਼ਾਨ ਸਦਾ ਲਈ ਕਲੰਕਤ ਹੋ ਜਾਵੇ । ਜਦ ਸਭ ਦੇ ਸਾਹਮਣੇ ਸਾਹਿਬਜ਼ਾਦਿਆਂ ਨੇ ਐਸਾ ਕਰਨ ਤੋਂ ਇਨਕਾਰ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਉੱਤੇ ਇਤਬਾਰ ਨਾਂਹ ਕੀਤਾ ਤਾਂ ਵਜ਼ੀਰ ਖਾਂ ਨੇ ਵੱਡਾ ਅਪਮਾਨ ਮੰਨਿਆ । ਹਸਦ, ਬਦਲਾ ਲੈਣ ਦੀ ਭਾਵਨਾ ਕੱਚੇ ਇਖ਼ਲਾਕ ਨੇ ਸੂਬੇਦਾਰ ਨੂੰ ਗੁਨਾਹ ਦਾ ਆਖ਼ਰੀ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ ।

ਮੁਗਲ ਸੂਬੇਦਾਰ ਨੇ ਜ਼ੋਰਾਵਰ ਸਿੰਘ ਅਤੇ ਫਤਹ ਸਿੰਘ, ਨੌਂ ਅਤੇ ਸੱਤ ਸਾਲ ਦੇ ਦੋ ਮਾਸੂਮਾਂ ਨੂੰ ਦੀਵਾਰਾਂ ਵਿੱਚ ਚਿਣ ਕਰ ਦੇਣ ਦਾ ਖ਼ੂਨੀ ਹੁਕਮ ਜਾਰੀ ਕਰ ਦਿੱਤਾ । ਇਸ ਬੇਰਹਿਮ ਹੁਕਮ ਨੂੰ ਸੁਣ ਕੇ ਸ਼ੇਰ ਮੁਹੰਮਦ ਖਾਂ ਮਲੇਰਕੋਟਲੇ ਵਾਲੇ ਦੀ ਜ਼ਮੀਰ ਕੁਰਲਾ ਉੱਠੀ ਅਤੇ ਉਸਨੇ ਆਪਣੇ ਹਾਕਮ ਨੂੰ ਅਜਿਹਾ ਕਰਨ ਤੋਂ ਰੋਕਿਆ । ਵਜ਼ੀਰ ਖਾਂ ਆਪਣੇ ਨਾਇਬ ਦੇ ਵਾਸਤਾ ਪਾਉਣ ਉੱਤੇ ਕੁਝ ਸੋਚ ਵਿੱਚ ਪੈ ਗਿਆ । ਪਰ ਕੋਲੋਂ ਹੀ ਦੀਵਾਨ ਸੁੱਚਾ ਨੰਦ , ਜੋ ਜ਼ਾਤ ਦਾ ਖ਼ਤਰੀ ਸੀ ਅਤੇ ਸਿੱਖ ਪੰਥ ਨਾਲ

ਖ਼ਾਰ ਰੱਖਦਾ ਸੀ, ਬੜੀ ਜ਼ਹਿਰੀਲੀ ਆਵਾਜ਼ ਵਿੱਚ ਕਹਿਣ ਲੱਗਾ, ''ਖਾਂ ਸਾਹਿਬ। ਯਾਦ ਰੱਖਣਾ, ਸੱਪਾਂ ਦੇ ਬੱਚੇ ਸੱਪ ਹੀ ਬਣਨਗੇ।'' ਸੁੱਚਾ ਨੰਦ ਦੇ ਇਹਨਾਂ ਲਫ਼ਜ਼ਾਂ ਨੇ ਵਜ਼ੀਰ ਖਾਂ ਦੀ ਜ਼ਮੀਰ ਵਿੱਚੋਂ ਰਹਿਮ ਦਾ ਆਖ਼ਰੀ ਕਤਰਾ ਵੀ ਸੁਕਾ ਦਿੱਤਾ। ਉਸ ਦਾ ਅੰਦਰ ਤਪੇ ਲੋਹੇ ਵਾਂਗ ਲਾਲ ਹੋ ਗਿਆ, ਜਿਸ ਵਿੱਚ ਜ਼ਮੀਰ ਦੀਆਂ ਕੋਮਲ ਆਵਾਜ਼ਾਂ ਭਸਮ ਹੋ ਗਈਆਂ।

ਦਸ਼ਮੇਸ਼ ਦੇ ਬੇਟਿਆਂ ਨੂੰ ਮੌਤ ਦੇ ਕਹਿਰ ਵਿੱਚ ਖੜ੍ਹੇ ਕੀਤਾ ਗਿਆ ਪਰ ਉਹ ਅਡੋਲ ਰਹੇ। ਨਾਂਹ ਉਹਨਾ ਦੀ ਮਾਸੂਮੀ ਘਟੀ, ਨਾਂਹ ਸੁੰਦਰਤਾ, ਕੇਵਲ ਨੈਣ-ਨਕਸ਼ਾਂ ਉੱਤੇ ਸੱਚ ਦੀ ਗੰਭੀਰ ਪਵਿੱਤਰਤਾ ਹੋਰ ਡੂੰਘੀ ਹੁੰਦੀ ਗਈ, ਜਿਵੇਂ ਤ੍ਰੇਲ ਦੇ ਦੋ ਕਤਰਿਆਂ ਵਿੱਚ ਪੂਰੇ ਦਾ ਪੂਰਾ ਸੂਰਜ ਅਦ੍ਰਿਸ਼ਟ ਹੋ ਗਿਆ ਹੋਵੇ। ਜਦ ਤੱਕ ਦੀਵਾਰ ਨੇ ਸਾਹਿਬਜ਼ਾਦਿਆਂ ਦੇ ਚਿਹਰਿਆਂ ਨੂੰ ਢਕ ਨਹੀਂ ਲਿਆ ਉਦੋਂ ਤੱਕ ਉਹਨਾਂ ਅੱਗੇ ਜ਼ਾਲਿਮ ਵਜ਼ੀਰ ਖਾਂ ਦੀ ਪੇਸ਼ਕਸ਼ ਦੁਹਰਾਈ ਗਈ ਪਰ ਹਰ ਵਾਰ ਉਹਨਾਂ ਦੀ ਨਿਰਵੈਰ ਮਾਸੂਮੀ ਵਿੱਚ ਸਿਦਕ ਦਾ ਪਰਬਲ ਨੂਰ ਪਹਿਲਾਂ ਨਾਲੋਂ ਵਧੇਰੇ ਪਰਤੱਖ ਹੁੰਦਾ ਸੀ। ਉਹਨਾਂ ਦੀ ਮਾਸੂਮੀ ਰਹਿਮ ਅਤੇ ਜਬਰ ਦੋਹਾਂ ਤੋਂ ਪਾਰ ਖਲੋਤੀ ਸੀ ਪੈਗੰਬਰ ਦੇ ਬੱਚਿਆਂ ਉੱਤੇ ਅਜੇ ਸੱਚ ਦੀ ਸ਼ੋਰਨੀ ਨਿਰਵਿਘਨ ਖੇਡ ਰਹੀ ਸੀ।......

ਜਦ ਦਸ਼ਮੇਸ਼ ਦੇ ਲਾਡਲ ਬੁਰਜ ਵਿੱਚ ਵਾਪਸ ਨਾਂਹ ਆਏ ਤਾਂ ਮਾਂ ਗੁਜਰੀ ਨੇ ਜਾਣ ਲਿਆ ਕਿ ਉਹ ਸ਼ਹੀਦ ਹੋ ਗਏ ਹਨ। ਕਹਿਰ ਦੇ ਘਮਸਾਨਾਂ ਵਿੱਚ ਮਾਤਾ ਉਹਨਾਂ ਦੇ ਨਾਲ ਰਹੀ ਸੀ, ਅਤੇ ਕਹਿਰ ਦੇ ਦਿਨਾਂ ਵਿੱਚ ਉਚੇ ਬੁਰਜ ਵਿੱਚ ਬੈਠ ਕੇ ਉਹਨਾਂ ਦੀ ਸ਼ਹੀਦੀ ਦਾ ਇੰਤਜ਼ਾਰ ਕੀਤਾ ਸੀ। ਜਦ ਉਹਨਾਂ ਦੇ ਚਲੇ ਜਾਣ ਦਾ ਵੇਲਾ ਆ ਗਿਆ ਤਾਂ ਮਾਂ ਨੇ ਵੀ ਉਹਨਾਂ ਨਾਲ ਚੱਲਣ ਦੀ ਤਿਆਰੀ ਕਰ ਲਈ। ਇੰਞ ਮਾਤਾ ਗੁਜਰੀ ਵੀ ਦੋਵਾਂ ਬੱਚਿਆਂ ਦੇ ਨਾਲ ਸ਼ਹੀਦ ਹੋ ਗਈ।

(ਇਧਰ) ਗੁਰੂ ਜੀ ਨੇ (ਅਤੇ ਤਿੰਨ ਸਿੰਘ) ਆਪਣੇ ਮੁਰੀਦ ਰਾਇ ਕੱਲੇ ਦੇ ਡੇਰ ਸੀਲੋਆਣੀ ਦੀ ਜੂਹ (ਵਿੱਚ ਪਹੁੰਚ ਚੁੱਕੇ ਸਨ)। ਰਾਇ ਕੱਲਾ ਇੱਕ ਫਕੀਰ-ਸੀਰਤ ਮੁਸਲਮਾਨ ਸਰਦਾਰ ਸੀ-ਸਿਦਕਵਾਨ -ਰੱਜਿਆ-ਪੁੱਜਿਆ, ਦੁਨੀਆਂ ਦੀਆਂ ਨਿਆਮਤਾਂ ਵਿੱਚੋਂ ਰੱਬ ਦਾ ਸੁਆਦ ਚੱਖਣ ਵਾਲਾ, ਸਖੀ ਅਤੇ ਦਲੇਰ ਰਾਇ ਕੱਲੇ ਨੂੰ ਗੁਰੂ ਜੀ ਦੇ ਆਨੰਦਪੁਰ ਛੱਡਣ ਪਿੱਛੋਂ ਦੇ ਕੁਲ ਹਾਲਾਤ ਮਾਲੂਮ ਹੋਏ। ਜਦ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਜ਼ਿਕਰ ਆਇਆ ਤਾਂ ਰਾਇ ਨੇ ਆਪਣੇ ਮਾਹੀ ਨਾ ਦੇ ਯਾਰ ਨੂੰ ਬੁਲਾਇਆ ਅਤੇ ਉਸ ਨੂੰ ਸਰਹਿੰਦ ਤੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਖ਼ਬਰ ਲਿਆਉਣ ਦੀ ਖਿਦਮਤ ਸੌਂਪੀ। ਮਾਹੀ ਸਿੱਧਾ ਸਰਹਿੰਦ ਪਹੁੰਚਿਆ ਅਤੇ ਚਾਰ-ਪੰਜ ਦਿਨਾ ਪਿੱਛੋਂ ਭਾਰੀ ਗਮ ਵਿੱਚ ਡੁੱਬ ਕੇ ਵਾਪਸ ਆ ਗਿਆ। ਉਸ ਵੇਲੇ ਗੁਰੂ ਜੀ ਮਿੱਟੀ ਦੀ ਇੱਕ ਨਿੱਕੀ ਜਿਹੀ ਢਿੱਗ ਉੱਤੇ ਬੈਠੇ ਸਨ। ਰਾਇ ਸੁੱਕੇ ਹੋਏ ਘਾਹ ਉੱਤੇ ਗੁਰੂ ਜੀ ਦੇ ਚਰਨਾਂ ਕੋਲ ਬੈਠਾ ਸੀ। ਮਾਹੀ ਨੇ ਆਉਂਦਿਆਂ ਹੀ ਰੋ-ਰੋ ਕੇ, ਰੁਕ-ਰੁਕ ਕੇ ਜੋ ਭਾਣਾ ਸਰਹਿੰਦ ਵਿੱਚ ਵਰਤਿਆ ਸੀ, ਮੁੱਢੋਂ ਅਖ਼ੀਰ ਤੱਕ ਸੁਣਾ ਦਿੱਤਾ। ਜਦ ਮਾਹੀ ਦੁੱਖਾ ਦੀ ਕਹਾਣੀ ਸੁਣਾ ਰਿਹਾ ਸੀ, ਤਾਂ ਗੁਰੂ ਜੀ ਕਿਸੇ ਬੇ-ਧਿਆਨ ਡੂੰਘੀ ਉਦਾਸੀ ਵਿੱਚ ਕਾਹੀ ਦੇ ਇੱਕ ਨਿੱਕੇ ਜਿਹੇ ਬੂਟੇ ਦੀਆਂ ਜੜ੍ਹਾਂ ਨੂੰ ਖੋਦਦੇ ਰਹੇ। ਜਦ ਮਾਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਾਲ ਸੁਣਾ ਚੁੱਕਿਆ ਤਾਂ ਸਿੰਘਾਂ ਨੇ ਉਹਨਾਂ ਦੀ ਸੱਜੀ ਅੱਖ ਵਿੱਚੋਂ ਇੱਕ ਹੰਝੂ ਤਿਲ੍ਹਕਦਾ ਵੇਖਿਆ। ਗੁਰੂ ਜੀ ਨੇ ਕਿਸੇ ਫੈਸਲਾਕੁੰਨ ਲਮਹੇ ਉੱਤੇ ਕਾਹੀ ਦੀ ਜੜ੍ਹ ਨੂੰ ਤੀਰ ਉੱਤੇ ਟੰਗ ਕੇ ਅਸਮਾਨ ਵੱਲ ਕੀਤਾ ਅਤੇ ਹੌਲੇ ਜਿਹੇ ਕਿਹਾ : ''ਜ਼ਾਲਿਮਾਂ ਦੀ ਜੜ੍ਹ ਇਸ ਤਰ੍ਹਾਂ ਪੱਟੀ ਜਾਵੇਗੀ। ਮਾਲੇਰਕੋਟਲਾ ਆਬਾਦ ਰਹੇਗਾ।'' ਹਜ਼ੂਰ ਨੇ ਇਹ ਬਚਨ ਕੀਤਾ ਤਾਂ ਹੌਲੇ ਜੇਹੇ, ਪਰ ਕਾਲ ਵਿੱਚ ਇੱਕ ਗਜ਼ਬਨਾਕ ਫੈਸਲੇ ਦੀ ਨੋਕ ਉੱਤੇ ਟੰਗਿਆ ਗਿਆ ਅਤੇ ਇਤਿਹਾਸ ਨੂੰ ਚਲਾਉਣ ਵਾਲੇ ਸਾਰੇ ਅਦ੍ਰਿਸ਼ਟ ਨਿਯਮ ਲਰਜ਼ ਗਏ। ਜ਼ਿੰਦਗੀ ਦੇ ਸਦੀਵੀ ਵਿਧਾਨ ਪੈਗੰਬਰੀ ਫੈਸਲੇ ਦੇ ਕਿਸੇ ਇਲਾਹੀ ਕਾਂਬੇ ਦੇ ਮੂੰਹ ਵਿੱਚ ਆ ਗਏ। ਅਸੀਂ ਕਹਿ ਸਕਦੇ ਹਾਂ ਕਿ ਇਤਿਹਾਸ ਦੀਆਂ ਅਨੇਕਾਂ ਘਟਨਾਵਾਂ ਇਸ ਨੁਕਤੇ ਤੋਂ ਸ਼ੁਰੂ ਹੋਈਆਂ।

*(''ਸਹਿਜੇ ਰਚਿਓ ਖਾਲਸਾ'' 'ਚੋਂ)*

# ਜਦੋਂ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ

*ਡਾ: ਗੰਡਾ ਸਿੰਘ*

ਮਝੈਲਾਂ ਅਤੇ ਦੁਆਬੀਆਂ ਦੇ ਆ ਰਲਣ ਉੱਪਰ ਬੰਦਾ ਸਿੰਘ ਦੇ ਦਲ ਵਿੱਚ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ, ਵਾਹਿਗੁਰੂ ਦੇ ਹਜ਼ੂਰ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸਾਦਿ ਦੇ ਖੁੱਲ੍ਹੇ ਗੱਫੇ ਵਰਤਾਏ ਗਏ। ਸਿੰਘਾਂ ਨੂੰ ਹੁਣ ਗੁਰੂ ਮਾਰੀ ਸਰਹੰਦ ਅਤੇ ਉਸ ਦੇ ਫੌਜਦਾਰ ਵਜ਼ੀਰ ਖਾਨ ਦੇ ਵਿਰੁੱਧ ਧਰਮ ਯੁੱਧ ਦੇ ਚਾਓ ਨਾਲ ਲਾਲੀਆਂ ਚੜ੍ਹ ਰਹੀਆਂ ਸਨ ਅਤੇ ਉਹ ਉਤਾਵਲੇ ਹੋ ਰਹੇ ਸਨ। ਇਸ ਦੇ ਨਾਲ ਹੀ ਲੁਟੇਰਿਆਂ ਅਤੇ ਧਾੜਵੀਆਂ ਦੀ ਗਿਣਤੀ ਭੀ ਵੱਧਦੀ ਜਾ ਰਹੀ ਸੀ ਜੋ ਸਦੀਆਂ ਤੋਂ ਇਕੱਠੀ ਹੋ ਰਹੀ ਇੱਥੋਂ ਦੀ ਦੌਲਤ ਵੱਲ ਅੱਖਾਂ ਲਾਈ ਬੈਠੇ ਸਨ ਅਤੇ ਬੰਦਾ ਸਿੰਘ ਦੇ ਦਲ ਦੇ ਪਿੱਛੇ-ਪਿੱਛੇ ਤੁਰੇ ਆ ਰਹੇ ਸਨ। ਇਹ ਦੇਖ ਕੇ ਬੰਦਾ ਸਿੰਘ ਨੇ ਸਰਹੰਦ ਉੱਤੇ ਚੜ੍ਹਾਈ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਇਸ ਨਾਲ ਸਿੰਘਾਂ ਦੇ ਡੌਲੇ ਹੋਰ ਫਰਕਣ ਲੱਗੇ ਅਤੇ ਅਸਮਾਨ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

## ਸੁੱਚਾ ਨੰਦ ਦੀ ਸਾਜ਼ਿਸ਼

ਇਸ ਵੇਲੇ ਸਰਹੰਦ ਦਾ ਇੱਕ ਹਿੰਦੂ ਅਫਸਰ ਜੋ ਨਵਾਬ ਵਜ਼ੀਰ ਖਾਨ ਦੇ ਪੇਸ਼ਕਾਰ ਸੁੱਚਾ ਨੰਦ ਦਾ ਭਤੀਜਾ ਸੀ ਇੱਕ ਹਜ਼ਾਰ ਆਦਮੀ ਲੈ ਕੇ ਬੰਦਾ ਸਿੰਘ ਨੂੰ ਮਿਲਿਆ ਅਤੇ ਕਹਿਣ ਲੱਗਾ ਕਿ ਮੈਂ ਆਪਣੇ ਅਤੇ ਆਪਣੇ ਟੱਬਰ ਕਬੀਲੇ ਉੱਤੇ ਹੋਏ ਵਜ਼ੀਰ ਖਾਨ ਦੇ ਜ਼ੁਲਮ ਤੋਂ ਤੰਗ ਆ ਕੇ ਖਾਲਸੇ ਦੀ ਸਰਨ ਆਇਆ ਹਾਂ ਅਤੇ ਆਪਣੇ ਵਫਾਦਾਰ ਆਦਮੀਆਂ ਨੂੰ ਨਾਲ ਲੈ ਆਇਆ ਹਾਂ। ਅਸਲ ਵਿੱਚ ਇਹ ਸਭ ਕੁੱਝ ਬੰਦਾ ਸਿੰਘ ਨੂੰ ਧੋਖਾ ਦੇਣ ਲਈ ਇੱਕ ਬਣੌਟ ਸੀ ਅਤੇ ਉਸ ਨੂੰ ਵਜ਼ੀਰ ਖਾਨ ਅਤੇ ਸੁੱਚਾ ਨੰਦ ਨੇ ਇਸ ਲਈ ਭੇਜਿਆ ਸੀ ਕਿ ਉਹ ਸਿੰਘਾਂ ਦੇ ਦਲ ਵਿੱਚ ਜਾ ਕੇ ਆਪਣਾ ਇਤਬਾਰ ਜਮਾਵੇ ਅਤੇ ਜਦ ਦਾਉ ਲੱਗੇ ਤਾਂ ਬੰਦਾ ਸਿੰਘ ਨੂੰ ਮਾਰ ਮੁਕਾਏ ਪਰ ਜੇ ਉਸ ਨੂੰ ਮੌਕਾ ਨਾ ਮਿਲੇ ਤਾਂ ਸਰਹੰਦ ਉੱਤੇ ਸਿੰਘਾਂ ਦੇ ਹੱਲੇ ਵੇਲੇ ਕੋਈ ਅਜਿਹੀ ਚਾਲ ਚੱਲੇ ਕਿ ਸਿੰਘਾਂ ਨੂੰ ਭਾਜ ਪੈ ਜਾਏ। ਅਜਿਹੀਆਂ ਧੋਖਬਾਜ਼ੀਆਂ ਉਦੋਂ ਕੋਈ ਅਣਹੋਣੀਆਂ ਨਹੀਂ ਸਨ ਪਰ ਬੰਦਾ ਸਿੰਘ ਨੇ ਸਾਧੂਆਂ ਦੀ ਸੰਗਤ ਵਿੱਚ ਜੀਵਨ ਬਤੀਤ ਕੀਤਾ ਸੀ। ਉਸ ਨੇ ਸਰਹੰਦ ਦੇ ਹਿੰਦੂ ਅਫਸਰ ਦੀ ਕਹਾਣੀ ਉੱਤੇ ਇਤਬਾਰ ਕਰ ਲਿਆ ਅਤੇ ਉਸ ਨੂੰ ਆਪਣੇ ਦਲ ਵਿੱਚ ਰਲ ਜਾਣ ਦੀ ਆਗਿਆ ਦੇ ਦਿੱਤੀ।

ਸਰਹੰਦ ਪੰਜ ਸਾਢੇ ਪੰਜ ਸਾਲ ਤੋਂ ਖਾਲਸਿਆਂ ਦੀਆਂ ਅੱਖਾਂ ਵਿੱਚ ਰੜਕ ਰਿਹਾ ਸੀ। ਇਸ ਨਿਰਦਈ ਧਰਤੀ 'ਤੇ ਦਸੰਬਰ 1704 ਵਿੱਚ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਸਾਹਿਬਜ਼ਾਦੇ ਜੀਉਂਦੇ ਕੰਧਾਂ ਵਿੱਚ ਚਿਣੇ ਅਤੇ ਫੇਰ ਕੋਹ-ਕੋਹ ਕੇ ਕਤਲ ਕੀਤੇ ਗਏ ਸਨ। ਸਰਹੰਦ ਦਾ ਇਹ ਜ਼ੁਲਮੀ ਸਾਕਾ ਬੰਦਾ ਸਿੰਘ ਅਤੇ ਸਿੰਘਾਂ ਨੂੰ ਸਰਹੰਦ ਉੱਤੇ ਚੜ੍ਹਾਈ ਕਰਨ ਲਈ ਉਕਸਾ ਰਿਹਾ ਸੀ। ਸਰਹੰਦ ਦੇ ਸਾਕੇ ਦਾ ਜ਼ਿਕਰ ਕਰਦਿਆਂ ਅੰਗਰੇਜ਼ ਲਿਖਾਰੀ ਜੇਮਜ਼ ਬਰਾਊਨ ਲਿਖਦਾ ਹੈ, ''ਨਵੇਂ ਧਾਰਮਿਕ

ਅਸੂਲਾ ਦਾ ਪ੍ਰਚਾਰ ਕਰਨ ਵਾਲਿਆਂ ਉੱਤੇ ਢਾਏ ਗਏ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿੱਚੋਂ ਇਹ ਸਭ ਤੋਂ ਜਿਆਦਾ ਕਠੋਰ ਉਪਦਰ ਅਤੇ ਨਿਰਦਈ ਅਤਿਆਚਾਰ ਹੈ । ਨਿਰਬਲ ਅਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ ਤੌਰ 'ਤੇ ਧਾਰਮਿਕ ਕਰੋਧ ਤੋਂ ਬਚੇ ਰਹਿੰਦੇ ਰਹੇ ਹਨ । ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਜੇ ਸਿੱਖਾਂ ਦਾ ਗੁੱਸਾ ਇਤਨਾ ਸਖ਼ਤ ਸੀ ।''

### ਵਜ਼ੀਰ ਖਾਨ ਭੈ–ਭੀਤ

ਇਨ੍ਹਾਂ ਬੇਗੁਨਾਹਾਂ ਦੇ ਕਤਲਾਂ ਦੇ ਬਦਲੇ ਦਾ ਡਰ ਵਜ਼ੀਰ ਖਾਨ ਨੂੰ ਸਭ ਤੋਂ ਜ਼ਿਆਦਾ ਭੈ-ਭੀਤ ਕਰ ਰਿਹਾ ਸੀ । ਇਸ ਲਈ ਉਸ ਨੇ ਆਪਣੇ ਅਤੇ ਸਰਹੰਦ ਦੇ ਬਚਾਓ ਲਈ ਪੂਰਾ-ਪੂਰਾ ਟਿਲ ਲਾਇਆ ਅਤੇ ਸਾਰੇ ਸਾਧਨ ਵਰਤੇ । ਚਾਰ-ਪੰਜ ਆਪਣੇ ਮਿੱਤਰ ਫੌਜਦਾਰਾਂ ਅਤੇ ਵੱਡੇ-ਵੱਡੇ ਜ਼ਿਮੀਦਾਰਾਂ ਨੂੰ ਮਦਦ ਲਈ ਸੱਦ ਬੁਲਾਇਆ ਅਤੇ ਆਪਣੇ ਹਿਮਾਇਤੀਆਂ ਦੀ ਵੱਧ ਤੋਂ ਵੱਧ ਜਮਾਤ ਜਮ੍ਹਾਂ ਕਰਨ ਲਈ ਸਿੱਖਾਂ ਦੇ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ । ਉਸ ਨੇ ਸਿੱਕੇ ਅਤੇ ਬਰੂਦ ਦੇ ਕੋਠੇ ਭਰ ਲਏ ਅਤੇ ਸਿੰਘਾਂ ਦਾ ਟਾਕਰਾ ਕਰਨ ਲਈ ਤੋਪਾਂ ਦੀ ਲਾਮ ਡੋਰੀ ਅਤੇ ਹਾਥੀ ਲੈ ਆਂਦੇ । **ਇਤਿਹਾਸਕਾਰ ਖਾਫ਼ੀ ਖਾਨ 'ਮੁੰਤਖੱਬੁਲ–ਲੁਬਾਬ'** ਵਿੱਚ ਵਜ਼ੀਰ ਖਾਨ ਦੀ ਸਾਰੀ ਫੌਜ ਦੀ ਗਿਣਤੀ ਪੰਦਰਾਂ ਹਜ਼ਾਰ ਦੱਸਦਾ ਹੈ ਜਿਸ ਵਿੱਚ ਸਤ-ਅੱਠ ਹਜ਼ਾਰ ਬੰਦੂਕਚੀ ਬਰਕੰਦਾਜ, ਪੰਜ-ਛੇ ਹਜਾਰ ਘੋੜ ਚੜ੍ਹੇ ਅਤੇ ਇਨ੍ਹਾਂ ਨਾਲ ਤੋਪਚੀ, ਤੋਪਾਂ ਅਤੇ ਹਾਥੀ ਸਨ । ਇੱਕ ਹੋਰ ਲਿਖਾਰੀ ਮੁਹੰਮਦ ਹਾਰਿਸੀ 'ਇਬਾਰਤਨਾਮੇ' ਵਿੱਚ ਇਹ ਗਿਣਤੀ ਬਾਰਾਂ ਹਜਾਰ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਇਨ੍ਹਾਂ ਨੂੰ ਉੱਚੇਚਾ ਇਸ ਮੁਹਿੰਮ ਲਈ ਇਕੱਠਾ ਕੀਤਾ ਗਿਆ ਸੀ ।

### ਬੰਦਾ ਸਿੰਘ ਦੀਆਂ ਫ਼ੌਜਾਂ

ਦੂਸਰੇ ਪਾਸੇ ਬੰਦਾ ਸਿੰਘ ਪਾਸ ਤਿੰਨ ਕਿਸਮ ਦੇ ਆਦਮੀ ਸਨ । ਪਹਿਲੇ ਉਹ ਸੱਚੇ-ਸੁੱਚੇ ਅਤੇ ਆਗਿਆਕਾਰ ਦ੍ਰਿੜ ਸਿੰਘ ਸਨ ਜਿਨ੍ਹਾਂ ਨੂੰ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਹੋ ਚੁੱਕੀ ਸੀ ਅਤੇ ਜਿਨ੍ਹਾਂ ਦੇ ਅੰਦਰ ਗੁਰੂ ਮਹਾਰਾਜ ਦੀ ਜਗਾਈ ਹੋਈ ਧਰਮ ਅਤੇ ਦੇਸ ਲਈ ਕੁਰਬਾਨੀ ਦੀ ਜੋਤ ਜਗ ਰਹੀ ਸੀ । ਇਨ੍ਹਾਂ ਵਿੱਚੋਂ ਕੁੱਝ ਤਾਂ ਬੰਦਾ ਸਿੰਘ ਨਾਲ ਦੱਖਣ ਤੋਂ ਆਏ ਸਨ ਅਤੇ ਬਾਕੀ ਸਤਿਗੁਰੂ ਦੇ ਹੁਕਮ ਪੁੱਜਣ ਪਰ ਧਰਮ ਯੁੱਧ ਲਈ ਸਿਰ ਤਲੀ 'ਤੇ ਰੱਖ ਕੇ ਆਏ ਸਨ । ਇਨ੍ਹਾਂ ਸਿਰਲੱਥ ਸੂਰਮਿਆਂ ਦੇ ਸਾਹਮਣੇ ਇੱਕੋ ਨਿਸ਼ਾਨਾ ਸੀ, ਗੁਰੂ ਦੇ ਹੁਕਮ ਅਨੁਸਾਰ ਦੇਸ਼ ਅਤੇ ਧਰਮ ਦੀ ਸੇਵਾ । ਇਨ੍ਹਾਂ ਦਾ ਨਾਂ ਕੋਈ ਨਿੱਜੀ ਸੁਆਰਥ ਸੀ ਅਤੇ ਨਾ ਧਨ ਜਾਂ ਲੁੱਟ ਦਾ ਲਾਲਚ ਬਲਕਿ ਇਨ੍ਹਾਂ ਵਿੱਚੋਂ ਸੈਂਕੜੇ ਹਥਿਆਰ ਖਰੀਦਣ ਲਈ ਘਰ ਦਾ ਮਾਲ ਮਤਾਹ ਵੇਚ ਕੇ ਬੰਦਾ ਸਿੰਘ ਨਾਲ ਆ ਰਲੇ ਸਨ ।

ਦੂਸਰੀ ਕਿਸਮ ਦੇ ਉਹ ਲੋਕ ਸਨ ਜਿਨ੍ਹਾਂ ਨੂੰ ਫੂਲਕੀਆਂ ਆਦਿ ਉਨ੍ਹਾਂ ਸਰਦਾਰਾਂ ਨੇ ਤਨਖਾਹਾਂ ਉੱਤੇ ਭਰਤੀ ਕਰਕੇ ਭੇਜਿਆ ਸੀ ਜੋ ਆਪ ਤਾਂ ਕੁੱਝ ਕਾਰਨਾਂ ਕਰਕੇ ਬੰਦਾ ਸਿੰਘ ਦੀ ਫੌਜ ਵਿੱਚ ਸ਼ਾਮਲ ਨਹੀਂ ਸਨ ਹੋ ਸਕੇ ਪਰ ਉਨ੍ਹਾਂ ਦੀ ਹਮਦਰਦੀ ਸਿੰਘਾਂ ਦੇ ਨਾਲ ਸੀ ਅਤੇ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦੇ ਚਾਹਵਾਨ ਸਨ ।

ਤੀਸਰੇ ਉਹ ਆਜ਼ਾਦ ਮਨਚਲੇ ਸਨ ਜੋ ਕੇਵਲ ਲੁੱਟ ਅਤੇ ਮਾਲ ਦੇ ਲਾਲਚ ਨਾਲ ਬੰਦਾ ਸਿੰਘ ਦੇ ਦਲ ਵਿੱਚ ਰਲੇ ਹੋਏ ਸਨ । ਇਨ੍ਹਾਂ ਵਿੱਚੋਂ ਬਹੁਤ ਸਾਰੇ ਪੇਸ਼ਾਵਰ ਧਾੜਵੀ ਸਨ ਜੋ ਇਕੱਲੇ ਰਾਹੀਆਂ ਜਾਂ ਵਪਾਰੀਆਂ ਦੇ ਕਾਫਲਿਆਂ ਨੂੰ ਲੁੱਟਣ ਦੀ ਥਾਂ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟ ਸਕਣ ਦਾ ਮੌਕਾ ਦੇਖਕੇ ਆ ਇਕੱਠੇ ਹੋਏ ਸਨ । ਇਨ੍ਹਾਂ ਦੇ ਨਾਲ ਹੀ ਕੁੱਝ ਕੁ ਉਹ ਦੁੱਖੀ ਕਿਸਾਨ ਜਾਂ ਦੂਸਰੇ ਲੋਕ ਸਨ ਜੋ ਆਪਣੀਆਂ ਨਿੱਜੀ ਕਿੜਾਂ ਅਤੇ ਰੰਜਸ਼ਾਂ ਕੱਢਣ ਲਈ ਕਿਸੇ ਵੇਲੇ ਦੀ ਤਾੜ ਵਿੱਚ ਸਨ । ਵਿਸ਼ੇਸ਼ ਕਰਕੇ ਇਹ ਲੋਕ ਸਨ ਜੋ ਸਿੰਘਾਂ ਦੀਆਂ ਇਸ ਵੇਲੇ ਦੀਆਂ ਮੁਹਿੰਮਾਂ ਵਿੱਚ ਲੁੱਟਮਾਰ ਅਤੇ ਕਈ ਥਾਈਂ ਅੰਨ੍ਹੇਵਾਹ ਕਤਲਾਂ ਦੇ ਜ਼ਿੰਮੇਵਾਰ ਸਨ । ਇਹ ਕੋਈ ਨਵੀਂ ਗੱਲ ਨਹੀਂ ਸੀ । ਹੋਰ ਤਾਂ ਹੋਰ ਖੁਦ ਬਾਦਸ਼ਾਹ ਬਾਬਰ ਆਪਣੀ ਜੀਵਨ ਕਥਾ 'ਤੁਜ਼ਕ' ਵਿੱਚ ਇਸ ਕਿਸਮ ਦੇ ਲੁਟੇਰਿਆਂ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ ''ਜਦੋਂ ਭੀ ਮੈਂ ਹਿੰਦੁਸਤਾਨ ਵਿੱਚ ਦਾਖਲ ਹੋਇਆ, ਅਣਗਿਣਤ ਜੱਟ ਅਤੇ ਗੁੱਜਰ ਬਲਦ ਅਤੇ ਮੱਝਾਂ ਲੁੱਟਣ ਲਈ ਆਪਣੇ ਜੰਗਲਾਂ ਅਤੇ ਪਹਾੜਾਂ ਵਿੱਚੋ ਨਿਕਲ ਆਉਂਦੇ । ਇਹ ਬਦਮਾਸ਼ ਸਨ ਜਿਹੜੇ ਕਿ ਅਸਲ ਵਿੱਚ ਲੋਕਾਂ ਉੱਤੇ ਸਖਤੀਆਂ ਕਰਦੇ ਸਨ ਅਤੇ ਦੇਸ਼ ਵਿੱਚ ਅੱਤਿਆਚਾਰ ਦੇ ਗੁਨਾਹਗਾਰ ਸਨ ।'' ਇਸ ਤਰ੍ਹਾਂ ਦੇ ਬੰਦੇ ਬੜੇ ਖਤਰਨਾਕ ਅਤੇ ਵਿਸਾਹਘਾਤੀ ਹੁੰਦੇ ਹਨ ਅਤੇ ਬੰਦਾ ਸਿੰਘ ਦੀਆਂ ਲੜਾਈਆਂ ਵਿੱਚ ਭੀ ਕਈ ਵਾਰ ਦੇਖਿਆ ਗਿਆ ਕਿ ਜਦ ਕਦੇ ਭੀ ਹਾਰ ਹੋਣ ਦਾ ਡਰ ਲੱਗਾ, ਇਹ ਲੋਕ ਰਹਿ-ਰਾਹ ਲੜਾਈ ਵਿੱਚੋਂ ਭੱਜ ਨਿਕਲੇ ।

ਬੰਦਾ ਸਿੰਘ ਪਾਸ ਨਾ ਤਾਂ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ, ਬਲਕਿ ਉਸ ਦੇ ਸਾਰੇ ਆਦਮੀਆਂ ਲਈ ਘੋੜੇ ਭੀ ਪੂਰੇ ਨਹੀਂ ਸਨ । ਲੰਮੇ ਨੇਜ਼ੇ, ਤੀਰ ਕਮਾਨ ਅਤੇ ਤਲਵਾਰਾਂ ਹੀ ਸਿੰਘਾਂ ਪਾਸ ਲੜਾਈ ਦਾ ਸਮਾਨ ਸੀ ਪਰ ਬੰਦਾ ਸਿੰਘ ਅਤੇ ਉਸ ਦੇ ਸ਼ਰਧਾਲੂ ਸਿੰਘਾਂ ਦੀ ਅਥਾਹ ਦਲੇਰੀ ਅਤੇ ਫੁਰਤੀ ਬਹੁਤ ਹੱਦ ਤੱਕ ਸਮਾਨ ਦੇ ਘਾਟੇ ਨੂੰ ਪੂਰਾ ਕਰ ਰਹੀ ਸੀ । ਉਸ ਨੂੰ ਜੇ ਸਭ ਤੋਂ ਵੱਧ ਭਰੋਸਾ ਸੀ ਤਾਂ ਉਹ ਸੀ ਧਰਮ-ਯੁੱਧ ਲਈ ਉਸ ਉਤਸ਼ਾਹ ਅਤੇ ਸਾਹਸ ਦਾ, ਜੋ ਸਰਹੰਦ ਨੂੰ ਦੇਖਦੇ ਸਾਰ ਸਾਹਿਬਜ਼ਾਦਿਆਂ ਉੱਤੇ ਹੋਏ ਜ਼ੁਲਮ ਦਾ ਧਿਆਨ ਕਰਕੇ ਸਿੰਘਾਂ ਦੇ ਮਨਾਂ ਵਿੱਚ ਪੈਦਾ ਹੋ ਜਾਣਾ ਸੀ । ਸਰਹੰਦ ਉੱਤੇ ਹੋਏ ਹੱਲੇ ਵੇਲੇ ਸਿੰਘਾਂ ਦੀ ਤਾਕਤ ਕਿੰਨੀ ਕੁ ਹੋ ਗਈ ਸੀ ਇਸ ਦਾ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ । ਖਾਫੀ ਖਾਨ ਕਹਿੰਦਾ ਹੈ ਕਿ ਸਿੱਖਾਂ ਦੀ ਗਿਣਤੀ ਤੀਹ ਚਾਲੀ ਹਜ਼ਾਰ ਹੋ ਗਈ ਸੀ ਪਰ ਇਹ ਗਿਣਤੀ ਵਜ਼ੀਰ ਖਾਨ ਦੀ ਫ਼ੌਜ ਦੀ ਗਿਣਤੀ ਨਾਲੋਂ ਬਹੁਤ ਵੱਧ ਦੱਸਣ ਲਈ ਬਹੁਤ ਵਧਾ ਕੇ ਦਿੱਤੀ ਹੋਈ ਜਾਪਦੀ ਹੈ ।

ਬੰਦਾ ਸਿੰਘ ਦੀਆਂ ਸਰਹੰਦ ਉੱਤੇ ਹੱਲਾ ਕਰਨ ਦੀ ਤਿਆਰੀ ਦੀਆਂ ਖ਼ਬਰਾਂ ਪੁੱਜਦੇ ਸਾਰ ਫੌਜਦਾਰ ਵਜ਼ੀਰ ਖਾਨ ਘੋੜ-ਚੜ੍ਹਿਆ, ਬਰਕੰਦਾਜ਼ਾਂ, ਤੀਰ ਕਮਾਨੀਆਂ ਅਤੇ ਤੋਪਚੀਆਂ ਆਦਿ ਦੀ ਵੀਹ ਕੁ ਹਜ਼ਾਰ ਦੀ ਫ਼ੌਜ ਅਤੇ ਹਾਥੀਆਂ ਦੀ ਲਾਮ ਡੋਰੀ ਲੈ ਕੇ ਸਿੰਘਾਂ ਦਾ ਅੱਗਾ ਰੋਕਣ ਲਈ ਆਪ ਸਰਹੰਦੋਂ ਚੜ੍ਹ ਪਿਆ । ਉਧਰ ਬੰਦਾ ਸਿੰਘ ਨੂੰ ਭੀ ਵਜ਼ੀਰ ਖਾਨ ਦੀ ਚੜ੍ਹਾਈ ਦੀ ਸੂਹ ਲੱਗ ਗਈ ਅਤੇ ਉਹ ਭੀ ਟਾਕਰੇ ਲਈ ਤੁਰ ਪਿਆ । ਉਸ ਨੇ ਭਾਈ ਬਾਜ਼ ਸਿੰਘ, ਭਾਈ ਫਤਹਿ ਸਿੰਘ ਆਦਿ ਸਿਰਕੱਢ ਆਗੂਆਂ ਨੂੰ ਹੁਕਮ ਦਿੱਤਾ ਕਿ ਜਿਵੇਂ ਹੋ ਸਕੇ ਵਜ਼ੀਰ ਖਾਨ ਨੂੰ ਫੜ ਲਿਆ ਜਾਵੇ ਅਤੇ ਜਿਉਂਦਾ ਬਚ ਕੇ ਨਾ ਜਾਣ ਦਿੱਤਾ ਜਾਵੇ, ਉਨ੍ਹਾਂ ਸਾਰੇ ਮੁਸਲਮਾਨਾਂ ਨੂੰ ਜੋ ਚੁੱਪਚਾਪ ਈਨ ਮੰਨ ਲੈਣ ਅਤੇ ਹਿੰਦੂਆਂ ਨੂੰ ਜੋ ਬੋਦੀ ਵਿਖਾ ਦੇਣ, ਕੁੱਝ ਨਾ ਕਿਹਾ ਜਾਵੇ । ਬਾਕੀ ਜੋ ਅੜੇ ਸੋ ਝੜੇ । ਚੱਪੜ ਚਿੜੀ ਦੀ ਜੂਹ ਵਿੱਚ 12 ਮਈ ਸੰਨ 1710 ਨੂੰ ਜੁੰਮੇਜੁੰਮੇ ਦੇ ਦਿਨ ਦੋਹਾਂ ਦਲਾਂ ਦਾ ਭੇੜ ਹੋ ਗਿਆ ।

### ਬੰਦਾ ਸਿੰਘ ਆਪ ਮੈਦਾਨੇ ਜੰਗ ਵਿੱਚ

ਬੰਦਾ ਸਿੰਘ ਨੇ ਦਲ ਦੀ ਕਮਾਨ ਭਾਈ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਸ਼ਾਮ ਸਿੰਘ ਦੇ ਹਵਾਲੇ ਕਰ ਦਿੱਤੀ ਅਤੇ ਆਪ ਵਿਚਕਾਰ ਲਾਗੇ ਇੱਕ ਟਿੱਬੇ ਉੱਤੇ ਹੋ ਕੇ ਫ਼ੌਜ ਦੀ ਚਾਲ ਵੇਖਣ ਅਤੇ ਲੋੜ ਅਨੁਸਾਰ ਹੁਕਮ ਦੇਣ ਲਈ ਚੜ੍ਹ ਖਲੋਤਾ । ਲੜਾਈ ਲੱਗਦੇ ਸਾਰ ਹੀ ਜਦ ਨਵਾਬ ਦੀਆਂ ਤੋਪਾਂ ਨੇ ਅੱਗ ਵਰ੍ਹਾਉਣੀ ਸ਼ੁਰੂ ਕੀਤੀ ਤਾਂ ਧਾੜਵੀ ਅਤੇ ਲੁਟੇਰੇ ਜਿਨ੍ਹਾਂ ਦੀ ਕੋਈ ਸਾਂਝੀ ਕਮਾਨ ਨਹੀਂ ਸੀ ਅਤੇ ਜੋ ਆਏ ਹੀ ਲੁੱਟ ਦੇ ਲਾਲਚ ਨਾਲ ਸਨ, ਪੱਤਰਾ ਵਾਚ ਗਏ । ਇਨ੍ਹਾਂ ਤੋਂ ਛੇਤੀ ਬਾਅਦ ਸੁੱਚਾ ਨੰਦ ਪੇਸ਼ਕਾਰ ਦਾ ਭਤੀਜਾ ਆਪਣੇ

ਸਾਥੀਆਂ ਸਣੇ ਭੱਜ ਨਿਕਲਿਆ । ਉਹ ਤਾਂ ਗਲਿਆ ਹੀ ਇਸੇ ਬਦਨੀਅਤ ਨਾਲ ਸੀ ਕਿ ਉਸ ਨੂੰ ਭੱਜਦੇ ਦੇਖ ਕੇ ਸਿੱਖਾਂ ਵਿੱਚ ਵੀ ਭਗਦੜ ਮਚ ਜਾਏਗੀ ਅਤੇ ਉਹ ਮੈਦਾਨ ਖਾਲੀ ਕਰ ਜਾਣਗੇ । ਇਸ ਦੀ ਇਹ ਚਾਲ ਕੁੱਝ ਸਫਲ ਵੀ ਹੋ ਗਈ ਅਤੇ ਸਿੰਘਾਂ ਵਿੱਚ ਹਿਲਜੁੱਲ ਪੈ ਗਈ । ਇਹ ਦੇਖ ਕੇ ਬਾਜ ਸਿੰਘ ਘੋੜਾ ਭਜਾ ਕੇ ਬੰਦਾ ਸਿੰਘ ਪਾਸ ਪੁੱਜਾ । ਉਹ ਇੱਕ ਸੂਰਬੀਰ ਜਰਨੈਲ ਦੀ ਤਰ੍ਹਾਂ ਇਕਦਮ ਆਪਣੀ ਫੌਜ ਦੇ ਅੱਗੇ ਆ ਪੁੱਜਾ ਅਤੇ ਬੜੀ ਦਲੇਰੀ ਅਤੇ ਨਿਰਭੈਤਾ ਨਾਲ ਸਿੰਘਾਂ ਨੂੰ ਜੋੜ ਕੇ ਵੈਰੀ ਉੱਤੇ ਟੁੱਟ ਪਿਆ , ਹੁਣ ਸਿੰਘਾਂ ਦੇ ਹੌਸਲੇ ਵੱਧ ਗਏ ਅਤੇ ਉਨ੍ਹਾਂ ਦੇ ਪੈਰ ਮੁੜ ਜੰਮ ਗਏ । 'ਵਾਹਿਗੁਰੂ ਜੀ ਕੀ ਫਤਹਿ' ਅਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਹੋਏ ਉਹ ਵੈਰੀ ਉੱਤੇ ਜਾ ਪਏ ਅਤੇ ਅਗਲੀ ਕਤਾਰ ਦੇ ਕੁੱਝ ਸਿੰਘ ਭਗਾਉਤੀਆਂ ਸੂਤ ਕੇ ਹਾਥੀਆਂ ਨੂੰ ਜਾ ਟੱਕਰੇ । ਦੋਹ ਨੂੰ ਭੁੰਏਂ ਡੇਗ ਲਿਆ ਅਤੇ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ । ਚੰਗਿਆੜਾ ਮਾਰਦੇ ਜ਼ਖ਼ਮੀ ਹਾਥੀ ਪਿੱਛੇ ਨੂੰ ਮੁੜ ਪਏ ਅਤੇ ਲੱਗ ਪਏ ਆਪਣੀ ਹੀ ਫੌਜ ਨੂੰ ਦਰੜਨ ।

### ਫਤਹਿ ਸਿੰਘ ਨੇ ਵਜ਼ੀਰ ਖਾਂ ਦੇ ਟੋਟੇ ਕਰ ਦਿੱਤੇ

ਵਜ਼ੀਰ ਖ਼ਾਨ ਦੇ ਫੌਜੀ ਸਿੰਘਾਂ ਦੇ ਲਗਾਤਾਰ ਖੂੰਖਾਰ ਹੱਲਿਆਂ ਦੇ ਸਾਹਮਣੇ ਖੜੌ ਨਾ ਸਕੇ ਅਤੇ ਬਹੁਤ ਸਾਰੇ ਮਾਰੇ ਗਏ । ਸ਼ੇਰ ਮੁਹੰਮਦ ਖਾਨ ਅਤੇ ਖੁਆਜ਼ਾ ਅਲੀ ਮਲੇਰਕੋਟਲੀਏ ਭੀ ਮਾਰੇ ਗਏ । 'ਅਹਿਵਾਲਿ ਸਲਾਤੀਨ-ਹਿੰਦ' ਦਾ ਲਿਖਾਰੀ ਲਿਖਦਾ ਹੈ । ''ਸਿੱਖਾਂ ਨੇ ਮੁਸਲਮਾਨੀ ਫ਼ੌਜ ਦੇ ਰੂਬਰੂ ਆ ਕੇ ਬੜੀ ਤੇਜ਼ੀ ਨਾਲ ਬੰਦੂਕਾਂ ਦੀ ਵਾੜ ਝਾੜੀ ਅਤੇ ਲੜਾਈ ਨੂੰ ਹੱਥੋ-ਹੱਥੀ ਉੱਤੇ ਲੈ ਆਂਦਾ । (ਵਜ਼ੀਰ ਖਾਨ) ਅਤੇ ਉਸ ਦੇ ਕੁੱਝ ਆਦਮੀ ਇਸ ਬਹਾਦਰੀ ਨਾਲ ਲੜੇ ਕਿ ਕਾਫਰਾਂ ਦੇ ਮੁਰਦਿਆਂ ਦੇ ਢੇਰਾਂ ਦੇ ਢੇਰ ਲੱਗ ਗਏ ਅਤੇ ਜੰਗ ਦੇ ਮੈਦਾਨ ਵਿੱਚ ਚੌਹੀਂ ਪਾਸੀਂ ਕਿਆਮਤ ਦੇ ਦਿਨ ਵਾਲਾ ਸ਼ੋਰ ਮਚ ਗਿਆ.....ਆਖਰ ਮੁਸਲਮਾਨਾਂ ਦੀ (ਬਹੁਤ) ਸਾਰੀ ਫ਼ੌਜ ਮਾਰੀ ਗਈ । ਵਜ਼ੀਰ ਖਾਨ ਇਕੱਲਾ ਹੀ ਰਹਿ ਗਿਆ । ਉਸ ਨੇ ਬਾਜ਼ ਸਿੰਘ ਦੇ ਰੂ-ਬਰੂ ਹੋ ਕੇ ਉਸ ਨੂੰ ਲਲਕਾਰਿਆ ਅਤੇ ਨੇਜ਼ਾ ਹੱਥ ਲੈ ਕੇ ਉਸ ਨੂੰ ਮਾਰਿਆ । ਬਾਜ਼ ਸਿੰਘ ਨੇ ਨੇਜ਼ਾ ਵਜ਼ੀਰ ਖਾਨ ਦੇ ਹੱਥੋਂ ਖੋਹ ਲਿਆ ਅਤੇ ਉਸ ਦੇ ਘੋੜੇ ਦੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ । ਕੁਝ ਚਿਰ ਪਿੱਛੋਂ ਵਜ਼ੀਰ ਖਾਨ ਨੇ ਇੱਕ ਤੀਰ ਆਪਣੇ ਭੱਥੇ ਵਿੱਚੋਂ ਕੱਢ ਕੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ ਅਤੇ ਤਲਵਾਰ ਸੂਤ ਕੇ ਉਸ ਵੱਲ ਨੂੰ ਵਧਿਆ ਕਿ ਉਸ ਨੂੰ ਮਾਰ ਮੁਕਾਏ । ਇਸ ਵੇਲੇ ਫਤਹਿ ਸਿੰਘ ਨੇ ਜੋ ਪਿਛਲੇ ਪਾਸੇ ਖੜੋਤਾ ਸੀ, ਆਪਣੀ ਕਿਰਪਾਨ ਮਿਆਨ 'ਚ ਧੂ ਕੇ ਇੰਨੀ ਬਹਾਦਰੀ ਅਤੇ ਜ਼ੋਰ ਨਾਲ ਵਜ਼ੀਰ ਖਾਨ ਦੀ ਪੇਟੀ ਉੱਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤੱਕ ਚੀਰਦੀ ਸਾਫ ਨਿਕਲ ਗਈ ਅਤੇ ਨਵਾਬ ਦਾ ਸਿਰ ਭੁੰਏਂ 'ਤੇ ਜਾ ਡਿੱਗਿਆ ।'' ਹੁਣ ਬਾਕੀ ਬਚੇ ਲਸ਼ਕਰ ਵਿੱਚ ਭਗਦੜ ਮਚ ਗਈ ਅਤੇ ਰੌਲਾ ਪੈ ਗਿਆ । ਇਸ ਵੇਲੇ ਸਿੰਘ ਭੂੰਜਲਾ ਕੇ ਉਨ੍ਹਾਂ ਉੱਤੇ ਟੁੱਟ ਪਏ ਅਤੇ ਖਾਫੀ ਖਾਨ ਦੇ ਕਥਨ ਅਨੁਸਾਰ ''ਬਾਕੀ ਦਾ ਇਸਲਾਮੀ ਲਸ਼ਕਰ ਆਪਣੀ ਜਾਨ ਅਤੇ ਤਨ ਦੇ ਕੱਪੜਿਆਂ ਤੋਂ ਬਗੈਰ ਹੋਰ ਕੁੱਝ ਵੀ ਨਾ ਬਚਾ ਸਕਿਆ ।'' ਅਣਗਿਣਤ ਘੋੜ ਚੜ੍ਹੇ ਅਤੇ ਪਿਆਦੇ ਸਿੱਖਾਂ ਦੀਆਂ ਤਲਵਾਰਾਂ ਦੀ ਭੇਟ ਚੜ੍ਹ ਗਏ । ਵਜ਼ੀਰ ਖਾਨ ਦੀ ਫ਼ੌਜ ਨੂੰ ਪੂਰੀ ਤਰ੍ਹਾਂ ਹਾਰ ਹੋ ਗਈ ਅਤੇ ਉਹ ਮੈਦਾਨ ਛੱਡ ਕੇ ਹਰਨ ਹੋ ਗਈ । ਵਿਜਈ ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘ ਹੁਣ ਮੈਦਾਨ ਦੇ ਮਾਲਕ ਸਨ ਅਤੇ ਇਸ ਫਤਹਿ ਨੂੰ ਉਹ ਵਾਹਿਗੁਰੂ ਦੀ ਬਖ਼ਸ਼ਸ਼ ਸਮਝਦੇ ਸਨ ਅਤੇ ਉਨ੍ਹਾਂ ਦੇ 'ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਰਿਹਾ ਸੀ ।

### ਸਰਹਿੰਦ 'ਤੇ ਚੜ੍ਹਾਈ

ਸਰਹਿੰਦ ਇੱਥੋਂ ਦਸ ਕੁ ਮੀਲ ਦੀ ਵਿੱਥ ਉੱਤੇ ਸੀ । ਸਿੰਘਾਂ ਨੇ ਉੱਥੇ ਨੂੰ ਕੂਚ ਕੀਤਾ । ਸ਼ਹਿਰ ਨੇ ਸਿੰਘਾਂ ਦਾ ਬਹੁਤ ਟਾਕਰਾ ਨਹੀਂ ਕੀਤਾ, ਪਰ ਕਿਲੇ ਦੀ ਇੱਕ ਤੋਪ ਚੋਖਾ ਚਿਰ ਅੱਗ ਵਰ੍ਹਾਉਂਦੀ ਰਹੀ ਜਿਸ ਨਾਲ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ । ਬੰਦਾ ਸਿੰਘ ਨੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਤੋਪ ਨੂੰ ਚੁਪ ਕਰਾਉਣ । ਕੁੱਝ ਸਿੰਘਾਂ ਨੇ ਰੋਅ ਦੇ ਲਾਗੇ ਇੱਕ ਭੱਠੇ ਦੀ ਥੇਹ ਉੱਤੇ ਚੜ੍ਹ ਕੇ ਬੰਦੂਕਾਂ ਦੀ ਇੱਕ ਅਜਿਹੀ ਵਾੜ ਝਾੜੀ ਕਿ ਉਸਦੇ ਤੋਪਚੀ ਉਡਾ ਦਿੱਤੇ ਅਤੇ ਤੋਪ ਨਿਕੰਮੀ ਕਰ ਦਿੱਤੀ । ਫਿਰ ਕਿਲੇ ਉੱਤੇ ਹੱਲਾ ਕੀਤਾ ਗਿਆ । ਇਸ ਵਿੱਚ ਕੋਈ ਪੰਜ ਕੁ ਸੌ ਸਿੰਘ ਸ਼ਹੀਦ ਹੋਏ । ਜਿੱਥੇ ਇਨ੍ਹਾਂ ਦਾ ਸੰਸਕਾਰ ਕੀਤਾ ਗਿਆ ਉੱਥੇ ਸ਼ਹੀਦ ਗੰਜ ਬਣਿਆ ਹੋਇਆ ਹੈ ।

14 ਮਈ 1710 ਨੂੰ ਸਿੰਘ ਸਰਹੰਦ ਵਿੱਚ ਦਾਖਲ ਹੋ ਗਏ । ਸਾਹਿਬਜ਼ਾਦਿਆਂ ਦੇ ਕਤਲ ਦੀ ਯਾਦ ਤਾਜ਼ਾ ਹੋ ਜਾਣ ਨਾਲ ਸਿੰਘਾਂ ਦਾ ਰੋਹ ਹੋਰ ਭੜਕ ਉੱਠਿਆ । ਇਸ ਹਾਲਤ ਵਿੱਚ ਉਨ੍ਹਾਂ ਨੂੰ ਰੋਕ ਸਕਣਾ ਕੋਈ ਸੌਖੀ ਗੱਲ ਨਹੀਂ ਸੀ । ਮਾਰੋ-ਮਾਰ ਸ਼ੁਰੂ ਹੋ ਗਈ । ਇਸ ਵੇਲੇ ਲੁਟੇਰਿਆਂ ਦੀਆਂ ਧਾੜਾਂ ਦੀ ਵੀ ਚੜ੍ਹ ਮਚ ਗਈ ਅਤੇ ਸ਼ਹਿਰ ਵਿੱਚ ਆਮ ਲੁੱਟ ਪੈ ਗਈ । ਕਈਆਂ ਨੂੰ ਆਪਣੇ ਨਿੱਜੀ ਵੈਰ ਕੱਢਣ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਨੇ ਊਧਮ ਮਚਾ ਦਿੱਤਾ ।

### ਸੁੱਚਾ ਨੰਦ ਦਾ ਘਰਘਾਟ ਤਬਾਹ

ਆਪਣੇ ਪਿਓ ਦੇ ਮਾਰੇ ਜਾਣ ਅਤੇ ਫ਼ੌਜ ਦੀ ਹਾਰ ਦੀ ਖ਼ਬਰ ਸੁਣਦੇ ਸਾਰ ਵਜ਼ੀਰ ਖਾਨ ਦਾ ਸਭ ਤੋਂ ਵੱਡਾ ਪੁੱਤਰ ਦੌਲਤ ਮਲ ਸਭ ਕੁੱਝ ਛੱਡ ਛਡਾ ਕੇ ਆਪਣੇ ਖਾਨਦਾਨ ਦੇ ਬੰਦੇ ਲੈ ਕੇ ਦਿੱਲੀ ਨੂੰ ਭੱਜ ਗਿਆ ਸੀ । ਇਸੇ ਤਰ੍ਹਾਂ ਕਈ ਧਨਾਢ ਲੋਕ ਭੀ ਜੋ ਕੁੱਝ ਨਾਲ ਚੁਕ ਸਕੇ, ਲੈ ਕੇ ਨਿਕਲ ਗਏ ਸਨ । 'ਇਬਾਰਤ ਨਾਮੇ' ਦੇ ਲੇਖਕ 'ਮੁਹੰਮਦ ਕਾਸਿਮ' ਅਨੁਸਾਰ ਕੇਵਲ ਉਹ ਮੁਸਲਮਾਨ ਹੀ ਮਾਰ ਜਾਂ ਲੁੱਟ ਤੋਂ ਬਚ ਸਕੇ ਜਿਨ੍ਹਾਂ ਨੇ ਜਾਂ ਤਾਂ ਭੇਸ ਵਟਾ ਲਿਆ ਜਾਂ ਹਿੰਦੂਆਂ ਦੇ ਘਰਾਂ ਵਿੱਚ ਲੁਕ ਛਿਪ ਗਏ । ਇਹ ਮਾਰ ਉਨ੍ਹਾਂ ਨੂੰ ਇਸ ਕਰਕੇ ਨਹੀਂ ਸੀ ਪਈ ਕਿ ਉਹ ਮੁਹੰਮਦ ਸਾਹਿਬ ਦੇ ਪੈਰੋਕਾਰ ਸਨ ਬਲਕਿ ਇਸ ਕਰਕੇ ਪਈ ਸੀ ਕਿ ਉਨ੍ਹਾਂ ਨੇ ਰਾਜ ਦੇ ਘੁਮੰਡ ਵਿੱਚ ਗਰੀਬ ਜਨਤਾ ਉੱਤੇ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ । ਇਹ ਕੋਈ ਵੱਡੀ ਗੱਲ ਨਹੀਂ ਕਿ ਕਿਧਰੇ-ਕਿਧਰੇ ਕੋਈ ਬੇਗੁਨਾਹ ਮੁਸਲਮਾਨ ਭੀ ਦਰੜੇ ਗਏ । ਅਜਿਹੇ ਵੇਲੇ ਬਹੁਤੀ ਬਰੀਕ ਤਮੀਜ਼ ਹੋ ਸਕਣੀ ਮੁਸ਼ਕਲ ਹੁੰਦੀ ਹੈ । ਹਾਕਮਾਂ ਦੀ ਸ਼ਹਿ ਨਾਲ ਜ਼ੁਲਮ ਕਮਾਉਣ ਵਾਲੇ ਹਿੰਦੂਆਂ ਨੂੰ ਭੀ ਨਾਲ ਹੀ ਲਪੇਟ ਲਿਆ ਗਿਆ । ਖਾਸ ਕਰ ਸੁੱਚਾ ਨੰਦ ਪੇਸ਼ਕਾਰ ਦੇ ਵਿਰੁੱਧ ਲੋਕਾਂ ਨੂੰ ਬਹੁਤ ਗੁੱਸਾ ਸੀ । ਇਸ ਨੇ ਹੀ ਸ਼ੇਖ ਸਾਦੀ ਦਾ ਕਥਨ (''ਅਫਈ ਕੁਸ਼ਤਨ ਵਾ ਬੱਚਾ-ਸ਼ ਨਿਗਾਹ ਦਾਸ਼ਤਨ ਕਾਰਿ ਖ਼ਿਰਦ ਮੰਦਾਂ ਨੀਸਤ, ਆਕਬਿਤ ਗੁਰਗਜ਼ਾਦਾ ਗਰੁੱਗ ਸਵਦ'' (ਅਰਥਾਤ ਸੱਪ ਨੂੰ ਮਾਰਨਾ ਅਤੇ ਸਪੋਲੀਏ ਨੂੰ ਪਾਲਣਾ ਅਕਲਮੰਦਾਂ ਦਾ ਕੰਮ ਨਹੀਂ, ਬਘਿਆੜ ਦਾ ਬੱਚਾ ਆਖਰ ਬਘਿਆੜ ਹੀ ਹੁੰਦਾ ਹੈ ।) ਸੁਣਾ ਕੇ ਵਜ਼ੀਰ ਖਾਨ ਨੂੰ ਬਹੁਤ ਜ਼ਿਆਦਾ ਭੜਕਾ ਦਿੱਤਾ ਸੀ ਪਰ ਇਹ ਚਲਾਕ ਬੰਦਾ ਸੀ । ਬਚ ਕੇ ਨਿਕਲ ਗਿਆ ਪਰ ਇਸ ਦਾ ਘਰ ਘਾਟ ਲੁੱਟ-ਪੁੱਟ ਕੇ ਬਰਬਾਦ ਕਰ ਦਿੱਤਾ ਗਿਆ ।

'ਇਬਾਰਤ ਨਾਮੇ' ਦਾ ਕਰਤਾ ਮੁਹੰਮਦ ਕਾਸਿਮ ਲਿਖਦਾ ਹੈ ਕਿ 'ਖਾਸ ਕਰਕੇ ਵਜ਼ੀਰ ਖਾਨ ਦੇ ਪੇਸ਼ਕਾਰ ਸੁੱਚਾ ਨੰਦ ਦੀ ਹਵੇਲੀ ਅਤੇ ਮਾਲ ਦੌਲਤ ਜਿਵੇਂ ਇਸੇ ਦਿਨ ਲਈ ਬਣੇ ਅਤੇ ਜਮ੍ਹਾਂ ਕੀਤੇ ਹੋਏ ਸਨ ਕਿ ਸੁਰਗਾਂ ਵਰਗੇ ਮਹੱਲ ਕਾਵਾਂ ਦੇ ਅੱਡੇ ਬਣਨ....... ਮੈਂ ਆਲੇ-ਦੁਆਲੇ ਦੇ ਭਰੋਸੇ ਯੋਗ ਲੋਕਾਂ ਤੋਂ ਸੁਣਿਆ ਹੈ ਕਿ (ਨਵਾਬ ਵਜ਼ੀਰ) ਖਾਨ ਦੀ ਹਕੂਮਤ ਦੇ ਦਿਨੀਂ ਕਿਹੜਾ ਜ਼ੁਲਮ ਸੀ ਜੋ ਇਸ ਅਨਿਆਈ (ਸੁੱਚਾ ਨੰਦ) ਨੇ ਗਰੀਬਾਂ ਉੱਤੇ ਨਾ ਕੀਤਾ ਹੋਵੇ ਅਤੇ ਫਸਾਦ ਦਾ ਕਿਹੜਾ ਬੀਜ ਸੀ ਜੋ ਇਸ ਨੇ ਆਪਣੇ ਲਈ ਨਾ ਬੀਜਿਆ ਹੋਵੇ ਕਿ ਜਿਸ ਦਾ ਫਲ ਇਸ ਨੂੰ ਪ੍ਰਾਪਤ ਹੋਇਆ ਹੈ ।'' ਵਜ਼ੀਰ ਖਾਨ ਦੀ ਲੁੱਟ ਵਿੱਚ ਜੋ ਧਨ ਮਾਲ ਜੇਤੂਆਂ ਦੇ ਹੱਥ ਆਇਆ ਉਸ ਦਾ ਅੰਦਾਜ਼ਾ ਦੋ ਕਰੋੜ ਲਾਇਆ ਜਾਂਦਾ ਹੈ ਅਤੇ ਜੋ ਸੁੱਚਾ ਨੰਦ ਤੇ ਹੋਰਨਾਂ ਕੋਲੋਂ ਉਸ ਦਾ ਕੁੱਝ ਲੱਖ ।

# ਹੌਲਨਾਕ ਜ਼ੁਲਮ;ਪੁਲਸ ਨੇ ਦੋ ਪਰਿਵਾਰਾਂ ਦੇ ਜੀਅ ਜੀਉਂਦੇ ਸਾੜ ਦਿੱਤੇ

ਪੜਤਾਲ ਕਮੇਟੀ ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ

7 ਅਕਤੂਬਰ ਨੂੰ ਪੰਜਾਬ ਪੁਲਸ ਨੇ ਮਖੂ ਲਾਗੇ ਕਿੱਲੀ ਬੋਦਲਾ ਪਿੰਡ ਦੇ ਦੋ ਪਰਿਵਾਰਾਂ ਦੇ ਜੀਆਂ ਨੂੰ ਅੱਗ ਲਾ ਕੇ ਜਿਊਂਦੇ ਸਾੜ ਦਿਤਾ।

ਇਹ ਪਰਿਵਾਰ ਸ: ਅਜੀਤ ਸਿੰਘ ਖੇਤੀਬਾੜੀ ਇੰਸਪੈਕਟਰ ਅਤੇ ਉਸ ਦੇ ਭਰਾ ਦਲਬੀਰ ਸਿੰਘ ਦੇ ਸਨ। ਇਨ੍ਹਾਂ ਦਾ ਕਸੂਰ ਇਹ ਸੀ ਕਿ ਸ: ਅਜੀਤ ਸਿੰਘ ਦੇ ਘਰ ਕੁੱਝ ਖਾੜਕੂ ਆ ਕੇ ਰੁਕੇ ਤੇ ਦੁਪਹਿਰ ਦੇ ਪ੍ਰਸਾਦੇ ਛਕੇ। ਪੁਲਸ ਨੂੰ ਸੂਹ ਮਿਲੀ ਤਾਂ ਉਸ ਨੇ ਘਰ ਨੂੰ ਘੇਰਾ ਪਾ ਲਿਆ। ਉੱਥੇ ਚਾਰ ਖਾੜਕੂ ਮੌਜੂਦ ਸਨ। ਉਨ੍ਹਾਂ ਆਪਣੀਆਂ ਬੰਦੂਕਾਂ ਸਿੱਧੀਆਂ ਕਰ ਲਈਆਂ ਤੇ ਮੁਕਾਬਲਾ ਸ਼ੁਰੂ ਹੋ ਗਿਆ। ਪੁਲਸ ਦੇ ਤਿੰਨ ਬੰਦੇ ਮਾਰੇ ਗਏ ਤੇ ਚਾਰੇ ਖਾੜਕੂ ਕੰਧ ਟੱਪ ਕੇ ਖੇਤ ਵੱਲ ਭੱਜਣ ਵਿਚ ਸਫ਼ਲ ਹੋ ਗਏ। ਜਿਨ੍ਹਾਂ ਵਿੱਚੋਂ ਇੱਕ ਨੂੰ ਪੁਲਸ ਦੀ ਗੋਲੀ ਪਿੱਛੋਂ ਲੱਗੀ ਤੇ ਉਹ ਖੇਤ ਵਿੱਚ ਹੀ ਦਮ ਤੋੜ ਗਿਆ। ਇਹ ਮੁਕਾਬਲਾ ਕਰੀਬ ਪੰਜ ਸਾਢੇ ਪੰਜ ਵਜੇ ਖ਼ਤਮ ਹੋ ਗਿਆ। ਉਪਰੰਤ ਪੁਲਸ ਚਲੀ ਗਈ।

ਉਸੇ ਦਿਨ ਸ਼ਾਮ ਕਰੀਬ ਪੌਣੇ ਸੱਤ ਕੁ ਵਜੇ ਡੀ.ਐਸ.ਪੀ ਜ਼ੀਰਾ ਦੇਵ ਰਾਜ ਸ਼ਰਮਾ ਪੁਲਿਸ ਲੈ ਕ ਆ ਧਮਕਿਆ। ਜ਼ੀਰਾ, ਧਰਮਕੋਟ ਤੇ ਮਖੂ ਚੌਕੀ ਦੀ ਪੁਲਸ ਨੇ ਦੋਹਾਂ ਭਰਾਵਾਂ ਦੇ ਘਰਾਂ ਨੂੰ ਘੇਰਾ ਪਾ ਲਿਆ। ਉਸ ਸਮੇਂ ਘਰ ਵਿੱਚ ਕੋਈ ਖਾੜਕੂ ਨਹੀਂ ਸੀ। ਇਸ ਪੁਲਸ ਪਾਰਟੀ ਨੇ ਸਾਰੇ ਘਰ ਦੇ ਜੀਆਂ ਨੂੰ ਬੰਦੂਕਾਂ ਦੀ ਨੋਕ 'ਤੇ ਇਕੱਠਾ ਕਰ ਲਿਆ।

ਇਨ੍ਹਾਂ ਵਿੱਚ ਸ: ਮਲੂਕ ਸਿੰਘ ਦੀ ਬਿਰਧ ਪਤਨੀ (70), ਸ: ਅਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ, ਵੱਡੇ ਲੜਕੇ ਦੀ ਪਤਨੀ ਏਵੇਂ ਛੋਟੇ ਲੜਕੇ ਤ ਵੱਡ ਲੜਕ ਦਾ ਮੁੰਡਾ ਸ਼ਾਮਲ ਸਨ। ਦੂਜੇ ਪਰਿਵਾਰ ਵਿੱਚੋਂ ਸ: ਦਲਬੀਰ ਸਿੰਘ ਉਨ੍ਹਾਂ ਦੀ ਪਤਨੀ ਤੇ ਮੁੰਡਾ ਸਨ। ਪੁਲਸ ਨੇ ਘਰ ਪਏ ਰਾਣੀ ਪਾਵਰ ਡੀਜ਼ਲ ਦੇ ਡਰੰਮ ਵਿੱਚ ਗੋਲੀਆਂ ਮਾਰ ਕੇ ਡੀਜ਼ਲ ਕੱਢਿਆ। ਪਤੀਲੇ ਵਿੱਚ ਪਾ ਕੇ ਚੁਏ 'ਤੇ ਉਬਾਲਿਆ। ਸਾਰੇ ਘਰ ਦੇ ਜੀਆਂ ਨੂੰ ਡੇਹਕ ਨਾਲ ਤੇ ਚੁੱਲ੍ਹੇ ਦੀ ਕੰਧ ਨਾਲ ਬੰਨ੍ਹ ਦਿੱਤਾ ਫਿਰ ਕੱਦੂ ਕੱਸ ਲੈ ਕੇ ਚਮੜੀ ਉੱਤੋਂ ਉਧੇੜੀ ਤੇ ਉਸ ਜ਼ਖ਼ਮੀ ਚਮੜੀ 'ਤੇ ਝਰਨੀ ਨਾਲ ਉਬਲਦਾ ਡੀਜ਼ਲ ਪਾਇਆ। ਟੱਬਰ ਦੀਆਂ ਚੀਕਾਂ ਉਭਰਦੀਆਂ ਰਹੀਆਂ ਤੇ ਪੁਲਸੀਆਂ ਦਾ ਵਹਿਸ਼ੀ ਹਾਸਾ ਠੱਠਾ।

ਘਰ ਵਿੱਚ ਬਣੇ ਤਿੰਨਾਂ ਕਮਰਿਆਂ ਦੀਆਂ ਛੱਤਾਂ ਉੱਤੇ ਗਰਨੇਡ ਸੁੱਟ ਕੇ ਮੋਘਾ ਕੀਤਾ ਗਿਆ। ਜਦ ਕਿ ਕਮਰੇ ਖੁਲ੍ਹੇ ਸਨ। ਇਹ ਵਰਨਣ ਯੋਗ ਹੈ ਕਿ ਇੱਕ ਕਮਰੇ ਦਾ ਦਰਵਾਜ਼ਾ ਨਹੀਂ ਹੈ ਤੇ ਬਰਾਂਡੇ ਵਰਗਾ ਹੈ ਉਸ ਦੀ ਛੱਤ ਵਿੱਚ ਵੀ ਮੋਘਾ ਕੀਤਾ ਗਿਆ।

ਖੇਤਾਂ ਵਿੱਚ ਬਾਹਰਵਾਰ ਬਣੇ ਇਨ੍ਹਾਂ ਮਕਾਨਾਂ ਦੇ ਲਾਗੇ ਕੁੱਝ ਘਰ ਹੀ ਹੋਰ ਹਨ। ਇਸ ਸਾਰੀ ਘਟਨਾ ਦੇ ਚਸ਼ਮਦੀਦ ਗੁਆਹ ਹਨ ਸ: ਮਲੂਕ ਸਿੰਘ ਤੇ ਜਸਬੀਰ ਕੌਰ ਪੁੱਤਰੀ ਸ: ਦਲਬੀਰ ਸਿੰਘ ਜੋ ਸ਼ਹਿਰੋਂ ਮੁੜੇ ਸਨ ਤੇ ਪਰਲੇ ਘਰ ਵਾਲਿਆਂ ਨੇ ਰੋਕ ਲਏ ਕਿ ਤੁਹਾਡੇ ਘਰ ਪੁਲਸ ਦਾ ਘੇਰਾ ਹੈ। ਪਰਲੇ ਘਰ ਦੇ ਮਾਲਕ ਸ: ਕੁੰਦਨ ਸਿੰਘ ਤੇ ਉਨ੍ਹਾਂ ਦੀ ਨੂੰਹ ਜਿਨ੍ਹਾਂ ਸਾਰੀ ਰਾਤ ਘਰੋਂ ਲਾਟਾਂ ਉਠਦੀਆਂ ਤੇ ਚੀਕਾਂ ਕੁਰਲਾਹਟਾਂ ਸੁਣੀਆਂ। ਘਟਨਾ ਦੀ ਚਸ਼ਮਦੀਦ ਗਵਾਹ 5 ਸਾਲਾ ਬੱਚੀ ਵੀ ਹੈ ਜੋ ਪੁਲਸ ਆਉਣ ਸਮੇਂ ਘਰੋਂ ਬਾਹਰ ਸੀ ਤੇ ਘਰ ਦੇ ਬੂਹੇ ਸਾਹਮਣੇ ਬੂਟਿਆਂ ਵਿੱਚ ਲੁਕ ਗਈ। ਆਪਣੀ ਮਾਂ, ਦਾਦੀ, ਪੜਦਾਦੀ ਤੇ ਚਾਚਿਆਂ ਨੂੰ ਜਿਊਂਦੇ ਸੜਦੇ ਉਹਨੇ ਆਪਣੀ ਅੱਖੀਂ ਦੇਖਿਆ ਤੇ ਬੁਰੀ ਤਰ੍ਹਾਂ ਦਹਿਸ਼ਤਜ਼ਦਾ ਹੈ। ਬਾਅਦ ਵਿੱਚ ਇਸ ਬੱਚੀ 'ਤੇ ਪੁਲਸ ਦੀ ਨਜ਼ਰ ਪਈ ਤਾਂ ਉਸ ਨੂੰ ਮਾਰਨ ਦੌੜੇ। ਸਿਰ 'ਤੇ ਬੰਨ੍ਹੇ ਵਾਲ ਤੇ ਉੱਤੇ ਕੇਸਰੀ ਪਟਕੇ ਕਾਰਨ ਇਹ ਲੜਕਾ ਜਾਪਦੀ ਸੀ। ਕਹਿੰਦੇ ਕੋਈ ਜੀ ਨਹੀਂ ਛੱਡਣਾ। ਪਰ ਇੱਕ ਹੋਮਗਾਰਡੀਏ ਦੇ ਮਨ ਰਹਿਮ ਆ ਗਿਆ ਤੇ ਉਸ ਨੇ ਬੱਚੇ ਨੂੰ ਚੁੱਕ ਲਿਆ ਤੇ ਪਰੇ ਲੈ ਗਿਆ। ਉਸ ਨੇ ਬੱਚਾ ਆਪਣੀ ਪਤਨੀ ਨੂੰ ਘਰੇ ਸੌਂਪ ਦਿੱਤਾ। ਜਿੱਥੇ ਉਸ ਦੇ ਲੜਕੀ ਹੋਣ ਬਾਰੇ ਪਤਾ ਲੱਗਾ ਤੇ ਬਾਅਦ ਵਿੱਚ ਉਨ੍ਹਾਂ ਦੀ ਭੂਆ ਜਸਬੀਰ ਕੌਰ ਦੇ ਹਵਾਲੇ ਕੀਤਾ ਗਿਆ।

ਇਸੇ ਤਰ੍ਹਾਂ ਢਾਈ ਸਾਲ ਦਾ ਬੱਚਾ ਬਚਿਆ ਜਦ ਇੱਕ ਪੁਲਸੀਏ ਦੇ ਮਨ ਮੇਹਰ ਪਈ ਤੇ ਉਸ ਦੀ ਮਾਂ ਨੂੰ ਅੱਗ ਲਾਉਣ ਤੋਂ ਪਹਿਲਾਂ ਛਾਤੀ ਨਾਲ ਚਿਪਕਾਏ ਬੱਚੇ ਨੂੰ ਉਸ ਨੇ ਫੜ ਕੇ ਪਰੇ ਕਰ ਲਿਆ। ਇਸ ਬੱਚੇ ਦੇ ਮੱਥੇ ਵਿੱਚ ਗੋਲੀ ਲੱਗੀ ਹੈ ਜੋ ਹੱਡੀ ਉੱਪਰੋਂ ਜ਼ਖ਼ਮ ਕਰਦੀ ਬਾਹਰ ਨਿਕਲ ਗਈ। ਉਹ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚ ਜੇਰੇ ਇਲਾਜ ਰਿਹਾ ਹੈ।

ਅਜੀਤ ਸਿੰਘ ਦਾ ਵੱਡਾ ਲੜਕਾ ਦੁਕਾਨ ਤੋਂ ਵਾਪਸ ਨਾ ਆਉਣ ਕਾਰਨ ਬਚ ਗਿਆ। ਸ: ਦਲਬੀਰ ਸਿੰਘ ਦੀ ਨੂੰਹ ਜਿਸਦੀ ਸ਼ਾਦੀ ਨੂੰ ਸਿਰਫ਼ 6 ਮਹੀਨੇ ਹੋਏ ਸਨ ਪੇਕੇ ਗਈ ਹੋਣ ਕਾਰਨ ਬਚ ਗਈ। ਮੁੱਕਦੀ ਗੱਲ ਦੋਹਾਂ ਪਰਿਵਾਰਾਂ ਵਿੱਚੋਂ ਜੋ ਜੀਅ ਘਰੇ ਸਨ ਦੋ ਬੱਚਿਆਂ ਤੋਂ ਬਿਨਾਂ ਉਨ੍ਹਾਂ 'ਚੋਂ ਕੋਈ ਜਿਊਂਦਾ ਨਹੀਂ ਬਚਿਆ। ਜੋ ਟੀਮ ਪੜਤਾਲ ਲਈ ਗਈ ਉਸ ਨੇ ਗੋਲੀਆਂ ਵੱਜਿਆ ਡੀਜ਼ਲ ਦਾ ਡਰੰਮ, ਡੀਜ਼ਲ ਵਾਲੀ ਦੇਗ, ਮਾਸ ਪੇਸ਼ੀਆ, ਕਦੂਕੱਸ ਮੰਗਣ ਜਾਣਾ, ਡਰੇਕ ਤੇ ਚੁਲ੍ਹੇ ਦੀ ਕੰਧ, ਖੂਨ ਦੇ ਨਿਸ਼ਾਨ ਤੇ ਗਰਨੇਡ ਨਾਲ ਤੋੜੀਆਂ ਛੱਤਾਂ ਦੇਖੀਆਂ। ਅਜੀਤ ਸਿੰਘ ਦੀ ਪਤਨੀ ਦੇ ਸੂਟ ਦੇ ਅੱਧ-ਸੜੇ ਟੁਕੜੇ ਵੀ ਮਿਲੇ। ਉਨ੍ਹਾਂ ਦੇ ਜਾਣ ਬਾਅਦ ਵੀਰਾਨ ਘਰ ਮਿਲਿਆ ਸਭ ਜੀਆਂ ਦਾ ਖੇਲ ਖਤਮ ਹੋ ਚੁੱਕਾ ਸੀ। ਪੁਲਸ ਘਰ ਦਾ ਕੀਮਤੀ ਸਮਾਨ ਗਹਿਣੇ ਤੇ ਰਾਸ਼ਨ ਦੀਆਂ ਬੋਰੀਆਂ ਵੀ ਚੁੱਕ ਕੇ ਲੈ ਗਈ ਸੀ।

ਸਵਾਲ ਉੱਠਦਾ ਹੈ ਕਿ ਪਰਿਵਾਰ ਦੀ ਬੁੱਢੀ ਦਾਦੀ ਤੋਂ ਲੈ ਕੇ ਢਾਈ ਸਾਲ ਦੇ ਮਾਸੂਮ ਬੱਚੀ ਤੱਕ ਦਾ ਕੀ ਕਸੂਰ ਸੀ ? ਕੇਸ 302 ਦਾ ਤੇ ਇਸ ਤੋਂ ਵੀ ਵੱਧ ਹੈਵਾਨੀਅਤ ਦਾ ਹੈ। ਕੀ ਫਿਰ ਲੋਕ ਇਨਸਾਫ਼ ਦਾ ਤਕਾਜ਼ਾ ਇਨ੍ਹਾਂ ਕਾਤਲਾਂ ਨੂੰ ਸਜ਼ਾਏ ਮੌਤ ਦੇਣ ਦੀ ਮੰਗ ਨਹੀਂ ਕਰਦਾ ?

## ਪਤਨ ਦਾ ਮਾਰਗ

ਪਤਨ ਦਾ ਮਾਰਗ ਅਜਿਹੀ ਢਲਾਨ ਹੈ ਜਿਸ ਉੱਤੇ ਸਾਡੀ ਗੱਡੀ ਇੱਕ ਵਾਰ ਤੁਰ ਪਵੇ ਤਾਂ ਫਿਰ ਆਪੇ ਰਫ਼ਤਾਰ ਫੜਦੀ ਜਾਂਦੀ ਹੈ। ਚੜ੍ਹਾਈ ਚੜ੍ਹਨ ਲਈ ਤਾਕਤ ਤੇ ਜਤਨ ਦੀ ਲੋੜ ਹੁੰਦੀ ਹੈ ਪਰ ਉਤਰਾਈ ਤੋਂ ਤਾਂ ਗੱਡੀ ਆਪੇ ਰਿੜ੍ਹਦੀ ਜਾਂਦੀ ਹੈ ਤੇ ਗੱਡੀ ਦੀ ਰਫ਼ਤਾਰ ਏਨੀ ਵੱਧ ਜਾਂਦੀ ਹੈ ਕਿ ਬਰੇਕ ਲਾਉਣੀ ਪੈਂਦੀ ਹੈ। ਇਸੇ ਤਰ੍ਹਾਂ ਜਦੋਂ ਮਨੁੱਖ ਇੱਕ ਵਾਰ ਪਤਨ ਦੇ ਰਾਹ 'ਤੇ ਤੁਰ ਪੈਂਦਾ ਹੈ ਤਾਂ ਰਿੜ੍ਹਦਾ ਹੀ ਜਾਂਦਾ ਹੈ। ਇਸ ਲਈ ਬੁਧੀਮਾਨ ਮਨੁੱਖ ਨੂੰ ਪਤਨ ਦੇ ਰਾਹ 'ਤੇ ਭੁੱਲ ਕੇ ਵੀ ਨਹੀਂ ਤੁਰਨਾ ਚਾਹੀਦਾ। ਕਿਉਂਕਿ ਇਸ ਰਾਹ 'ਤੇ ਤੁਰ ਪੈਣ ਵਾਲੇ ਲਈ ਫਿਰ ਸੰਭਲਣਾ ਤੇ ਪਰਤਣਾ ਔਖਾ ਹੋ ਜਾਂਦਾ ਹੈ। ਕੋਈ ਪਰਤਣਾ ਵੀ ਚਾਹੇ ਤਾਂ ਵਿਗੜੀਆਂ ਹੋਈਆਂ ਆਦਤਾਂ ਅਤੇ ਹਾਲਤ ਉਹ ਨੂੰ ਪਰਤਣ ਨਹੀਂ ਦੇਂਦੇ। ਕਟੀ ਹੋਈ ਪਤੰਗ ਵਾਂਗ ਉਹ ਭਟਕਦਾ ਚਲਾ ਜਾਂਦਾ ਹੈ। (ਅਗਿਆਤ)

## ਮਨੁੱਖੀ ਅਧਿਕਾਰ

# ਐਮਨੈਸਟੀ ਇੰਟਰਨੈਸ਼ਨਲ ਦਾ ਇੱਕ ਅਹਿਮ ਦਸਤਾਵੇਜ਼

ਦੁਨੀਆਂ ਭਰ 'ਚ ਜਮਹੂਰੀ ਹੱਕਾਂ ਦੀ ਲਹਿਰ ਚੱਲ ਰਹੀ ਹੈ। ਸਾਰੇ ਦੇਸਾਂ ਦੇ ਲੋਕ ਮਨੁੱਖੀ ਹੱਕਾਂ ਪ੍ਰਤੀ ਸੁਚੇਤ ਹੋ ਰਹੇ ਹਨ। ਪਰ ਸਾਡੇ ਦੇਸ਼ 'ਚ ਤੇ ਖਾਸ ਕਰਕੇ ਪੰਜਾਬ ਵਿੱਚ ਮਨੁੱਖੀ ਹੱਕਾਂ ਦਾ ਘਾਣ ਦਿਨੋ ਦਿਨ ਵਧਦਾ ਜਾ ਰਿਹਾ ਹੈ। ਅੱਜ ਪੰਜਾਬ ਅੰਦਰ ਸੈਂਕੜੇ 'ਬੁਚੱੜਖਾਨੇ'' ਕਾਇਮ ਕੀਤੇ ਗਏ ਹਨ ਜਿਥੇ ਪੁੱਛਗਿੱਛ ਕਰਨ ਦੇ ਨਾਂ 'ਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਤਸੀਹੇ ਦੇ ਦੇ ਕੇ ਕੋਹਿਆ ਜਾਂਦਾ ਹੈ। ਅੱਜ ਤਸੀਹੇ ਦੇਣ ਦਾ ਕਿਹੜਾ ਜਾਬਰ ਢੰਗ ਹੈ, ਜਿਹੜਾ ਇਨਾਂ ''ਬੁੱਚੜ ਘਰਾਂ 'ਚ ਨਹੀਂ ਅਜਮਾਇਆ ਜਾਂਦਾ। ਹੇਠਾਂ ਅਸੀਂ ਜਮਹੂਰੀ ਹੱਕਾਂ ਲਈ ਲੱੜ ਰਹੀ ਕੌਮਾਂਤਰੀ ਜਥੇਬੰਦੀ ਅਮਨੈਸਟੀ ਇੰਟਰਨੈਸ਼ਨਲ ਦਾ ਇੱਕ ਦਸਤਾਵੇਜ਼ ਛਾਪ ਰਹੇ ਹਾਂ। ਇਸ ਦਸਤਾਵੇਜ ਵਿੱਚ ਇਸ ਜਥੇਬੰਦੀ ਨੇ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਆਪਣੇ ਦੇਸਾਂ ਵਿੱਚ ਪੁੱਛਗਿੱਛ ਕਰਨ ਦੇ ਨਾਂ 'ਤੇ ਤਸੀਹੇ ਦੇਣ ਦੇ ਕੁਕਰਮਾਂ ਨੂੰ ਫੌਰੀ ਤੌਰ 'ਤੇ ਬੰਦ ਕਰਨ। 10 ਦਸੰਬਰ ਨੂੰ ਕੌਮਾਂਤਰੀ ਪੱਧਰ 'ਤੇ ਮਨਾਏ ਜਾ ਰਹੇ ਮਨੁੱਖੀ ਹੱਕਾਂ ਲਈ ਦਿਹਾੜੇ 'ਤੇ ਇਸ ਦਸਤਾਵੇਜ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ। (ਸੰਪਾਦਕ)

ਕੌਮਾਂਤਰੀ ਸਮਝੌਤਿਆਂ ਦੀ ਮਨਾਹੀ ਦੇ ਬਾਵਜੂਦ ਦੁਨੀਆ ਦੇ ਬਹੁਤ ਸਾਰੇ ਦੇਸਾਂ ਵਿੱਚ ਲੋਕਾਂ ਨੂੰ ਤਸੀਹੇ ਦੇਣਾ ਇਕ ਪ੍ਰਚਲਤ ਢੰਗ ਬਣ ਗਿਆ ਹੈ। ਬਹੁਤ ਸਾਰੀਆਂ ਸਰਕਾਰਾਂ ਇਨਾਂ ਢੰਗ ਤਰੀਕਿਆਂ ਦੀ ਵਰਤੋਂ ਕਰਦੀਆਂ ਹਨ। ਇਹ ਢੰਗ-ਤਰੀਕੇ ਅਕਸਰ ਲੋਕਾਂ ਕੋਲੋਂ ਜਾਣਕਾਰੀ ਕਢਵਾਉਣ ਲਈ ਉਨ੍ਹਾਂ ਕੋਲੋਂ ਜਬਰੀ ਹਲਫ਼ਨਾਮੇ ਲੈਣ ਲਈ, ਉਨ੍ਹਾਂ ਨੂੰ ਧਮਕਾਉਣ ਲਈ, ਉਨ੍ਹਾਂ 'ਤੇ ਦਹਿਸ਼ਤ ਪਾਉਣ ਲਈ ਤੇ ਉਨ੍ਹਾਂ ਨੂੰ ਸਜਾ ਦੇਣ ਲਈ ਵਰਤੇ ਜਾਂਦੇ ਹਨ।

ਅਮਨੈਸਟੀ ਇੰਟਰਨੈਸ਼ਨਲ ਕਿਸੇ ਵੀ ਕੈਦੀ ਨੂੰ ਤਸੀਹੇ ਦੇਣ ਉਨ੍ਹਾਂ 'ਤੇ ਜ਼ੁਲਮ ਕਰਨ, ਉਸ ਨੂੰ ਗੈਰ ਮਨੁੱਖੀ ਢੰਗਾਂ ਨਾਲ ਜਲੀਲ ਕਰਨ ਤੇ ਸਜਾ ਦੇਣ ਦੇ ਢੰਗਾਂ ਦਾ ਵਿਰੋਧ ਕਰਦੀ ਹੈ। ਇਹ ਸਾਰੀਆਂ ਸਰਕਾਰਾਂ ਨੂੰ ਸੱਦਾ ਦੇਂਦੀ ਹੈ ਕਿ ਉਹ ਯੂ ਐਨ.ਓ. ਵਲੋਂ ਸਾਰੇ ਲੋਕਾਂ ਨੂੰ ਗੈਰਮਨੁੱਖੀ ਸਜਾ ਦੇਣ ਜਲੀਲ ਕਰਨ, ਤਸੀਹੇ ਦੇਣ ਅਤੇ ਜਲਮਾਂ ਤੋਂ ਸੁਰੱਖਿਅਤਾ, ਦੇ ਐਲਾਨਨਾਮੇ ਦੀਆਂ ਧਰਾਵਾਂ ਨੂੰ ਲਾਗੂ ਕਰਨ। ਇਸ ਐਲਾਨਨਾਮੇ ਵਿੱਚ ਤਸੀਹੇ ਦੇਣ, 'ਤੇ ਪਾਬੰਦੀ ਲਾਉਣ ਦੀ ਗੱਲ ਸ਼ਾਮਲ ਹੈ। ਇਸ ਐਲਾਨਨਾਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਤਸੀਹੇ ਦੇਣ ਵਾਲੀਆਂ ਸਰਕਾਰਾਂ ਦੀ ਨਿਖੇਧੀ ਕੀਤੀ ਜਾਵੇ। ਤਸੀਹੇ ਦੇਣ ਨੂੰ ਮੁਜਰਮਾਨਾ ਕਾਰਵਾਈ ਕਰਾਰ ਦੇ ਕੇ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਵਿਅਕਤੀ ਨੂੰ ਰਾਹਤ ਦਿੱਤੀ ਜਾਵੇ। ਸਰਕਾਰੀ ਤਸ਼ੱਦਦ ਨੂੰ ਰੋਕਣ ਲਈ ਕੌਮਾਂਤਰੀ ਪੱਧਰ 'ਤੇ ਢੰਗ ਤਰੀਕੇ ਲੱਭਣ ਲਈ ਕੋਸ਼ਿਸ਼ਾਂ ਜਾਰੀ ਹਨ। ਜਿਵੇਂ ਕਿ ਤਸੀਹਾ ਕੇਂਦਰਾਂ ਦੀ ਨਿਰਪੱਖ ਕੌਮਾਂਤਰੀ ਜਾਂਚ ਪੜਤਾਲ ਕਰਵਾਉਣਾ। ਅਮਨੈਸਟੀ ਇੰਟਰਨੈਸ਼ਨਲ ਨੇ ਸਰਕਾਰੀ ਤਸ਼ੱਦਦ ਨੂੰ ਰੋਕਣ ਲਈ 12 ਨੁਕਾਤੀ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਵਿੱਚ ਸਾਰੀਆਂ ਸਰਕਾਰਾਂ ਵਲੋਂ ਕੈਦੀਆਂ 'ਤੇ ਕੀਤੇ ਜਾ ਰਹੇ ਤਸ਼ੱਦਦ ਨੂੰ ਰੋਕਣ ਲਈ ਅਪਨਾਏ ਜਾਣ ਵਾਲੇ ਢੰਗ ਤਰੀਕਿਆਂ ਬਾਰੇ ਦੱਸਿਆ ਗਿਆ ਹੈ। ਹੇਠਾਂ ਇਸ ਪ੍ਰੋਗਰਾਮ ਦਾ ਪੂਰਾ ਪਾਠ ਦਿੱਤਾ ਜਾਂਦਾ ਹੈ।

## ਸਰੀਰਕ ਤੇ ਮਾਨਸਿਕ ਤਸੀਹੇ ਰੋਕਣ ਲਈ ਅਮਨੈਸਟੀ ਇੰਟਰਨੈਸ਼ਨਲ ਦਾ 12 ਨੁਕਾਤੀ ਪ੍ਰੋਗਰਾਮ

ਕਿਸੇ ਵਿਅਕਤੀ ਨੂੰ ਤਸੀਹੇ ਦੇਣਾ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਯੂ.ਐਨ.ਓ. ਦੀ ਜਨਰਲ ਅਸੰਬਲੀ ਨੇ ਇਸਨੂੰ ਮਨੁੱਖੀ ਸ਼ਾਨ ਵਿਰੁੱਧ ਇਕ ਜੁਰਮ ਕਰਾਰ ਦਿੱਤਾ ਹੈ। ਅਤੇ ਕੌਮੀ ਤੇ ਕੌਮਾਂਤਰੀ ਕਾਨੂੰਨਾਂ ਤਹਿਤ ਇਸਦੀ ਮਨਾਹੀ ਕੀਤੀ ਹੈ।

ਫਿਰ ਵੀ ਦੁਨੀਆਂ ਭਰ ਦੇ ਸਾਰੇ ਦੇਸਾਂ ਵਿੱਚ ਤਸੀਹੇ ਦੇਣਾ ਰੋਜ਼ਾਨਾ ਜ਼ਿੰਦਗੀ ਦਾ ਇੱਕ ਹਿੱਸਾ ਬਣਿਆ ਹੋਇਆ ਹੈ। ਅਮਨੈਸਟੀ ਇੰਟਰਨੈਸ਼ਨਲ ਦਾ ਤਜਰਬਾ ਹੈ ਕਿ ਸਿਰਫ ਕਾਨੂੰਨੀ ਤੌਰ 'ਤੇ ਮਨ੍ਹਾ ਕਰ ਦੇਣਾ ਹੀ ਕਾਫੀ ਨਹੀਂ ਹੈ। ਤਸੀਹੇ ਦੇਣ ਅਤੇ ਇਹੋ ਜਿਹੇ ਹੋਰ ਅਣਮਨੁੱਖੀ ਅਪਮਾਨਤ ਕਰਨ ਵਾਲੀਆਂ ਕਾਰਵਾਈਆਂ ਨੂੰ ਵਾਪਰਨ ਤੇ ਰੋਕਣ ਲਈ ਫੌਰੀ ਕਦਮ ਪੁੱਟੇ ਜਾਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਦਾ ਖਾਤਮਾ ਕੀਤਾ ਜਾ ਸਕੇ।

ਅਮਨੈਸਟੀ ਇੰਟਰਨੈਸ਼ਨਲ ਸਾਰੀਆਂ ਸਰਕਾਰਾਂ ਤੋਂ ਮੰਗ ਕਰਦੀ ਹੈ ਕਿ ਉਹ ਤਸੀਹੇ ਰੋਕਣ ਲਈ ਹੇਠ ਲਿਖਿਆ 12 ਨੁਕਾਤੀ ਪ੍ਰੋਗਰਾਮ ਲਾਗੂ ਕਰਨ। ਅਮੈਨਸਟੀ ਇੰਟਰਨੈਸ਼ਨਲ ਇਸ ਪ੍ਰੋਗਰਾਮ ਨੂੰ ਲਾਗੂ ਕਰਵਾਉਣ ਵਾਸਤੇ ਸਾਰੇ ਸਬੰਧਤ ਵਿਅਕਤੀਆਂ ਅਤੇ ਜਥੇਬੰਦੀਆਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਂਦੀ ਹੈ। ਅਮਨੈਸਟੀ ਇੰਟਰਨੈਸ਼ਨਲ ਸਮਝਦੀ ਹੈ ਕਿ ਇਉਂ ਕਰਕੇ ਹੀ ਤਸੀਹਿਆਂ ਨੂੰ ਖਤਮ ਕਰਨ ਤੇ ਦੁਨੀਆ ਭਰ 'ਚ ਇਸਨੂੰ ਖ਼ਤਮ ਕਰਵਾਉਣ ਲਈ ਆਪਣੀ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ।

**1. ਤਸੀਹੇ ਦੇਣ ਦੀ ਸਰਕਾਰੀ ਤੌਰ 'ਤੇ ਨਿਖੇਧੀ ਕੀਤੀ ਜਾਵੇ**

ਹਰ ਦੇਸ਼ ਦੀ ਸਰਕਾਰ ਦੇ ਮੁੱਖੀ ਨੂੰ ਤਸੀਹੇ ਦੇਣ ਦੀ ਮੁਕੰਮਲ ਵਿਰੋਧਤਾ ਕਰਨੀ ਚਾਹੀਦੀ ਹੈ। ਉਸਨੂੰ ਕਾਨੂੰਨਾਂ ਨੂੰ ਲਾਗੂ ਕਰਨ ਵਾਲੇ ਸਾਰੇ ਅਦਾਰਿਆਂ ਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਤਸੀਹੇ ਦੇਣ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**2. ਗੁਪਤ ਤੌਰ 'ਤੇ ਹਿਰਾਸਤ 'ਚ ਰਖਣ ਬਾਰੇ**

ਅਕਸਰ ਤਸੀਹੇ ਉਦੋਂ ਦਿੱਤੇ ਜਾਂਦੇ ਹਨ ਜਦੋਂ ਕਿਸੇ ਵਿਅਕਤੀ ਨੂੰ ਗੁਪਤ ਤੌਰ 'ਤੇ ਹਿਰਾਸਤ 'ਚ ਰਖਿਆ ਜਾਂਦਾ ਹੈ। ਉਸਨੂੰ ਕਿਸੇ ਅਜਿਹੇ ਬਾਹਰਲੇ ਵਿਅਕਤੀ ਨਾਲ ਮਿਲਣ ਨਹੀਂ ਦਿੱਤਾ ਜਾਂਦਾ ਜੋ ਉਸ ਦੀ ਮੱਦਦ ਕਰ ਸਕਦਾ ਹੋਵੇ। ਸਾਰੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਹ ਗੱਲ ਯਕੀਨੀ ਬਨਾਉਣ ਕਿ ਗੁਪਤ ਤੌਰ 'ਤੇ ਹਿਰਾਸਤ 'ਚ ਰੱਖੇ ਕਿਸੇ ਵੀ ਵਿਅਕਤੀ ਨੂੰ ਤਸੀਹੇ ਬਿਲਕੁੱਲ ਨਾ ਦਿੱਤੇ ਜਾਣ। ਇਹ ਗੱਲ ਬਹੁਤ ਜਰੂਰੀ ਹੈ ਕਿ ਸਾਰੇ ਕੈਦੀ ਫੌਰੀ ਤੌਰ 'ਤੇ ਅਦਾਲਤਾਂ 'ਚ ਪੇਸ਼ ਕੀਤੇ ਜਾਣ ਤੇ ਉਨ੍ਹਾਂ ਨੂੰ ਹਿਰਾਸਤ ਦੇ ਸਮੇਂ ਆਪਣੇ ਰਿਸ਼ਤੇਦਾਰਾਂ, ਵਕੀਲਾਂ ਅਤੇ ਡਾਕਟਰਾਂ ਨੂੰ ਮਿਲਣ ਦੀ ਖੁੱਲ੍ਹੀ ਛੁੱਟੀ ਹੋਵੇ।

**3. ਕਿਸੇ ਵੀ ਵਿਅਕਤੀ ਨੂੰ ਗੁਪਤ ਤੌਰ 'ਤੇ ਹਿਰਾਸਤ 'ਚ ਨਾ ਰੱਖਿਆ ਜਾਵੇ**

ਕਈ ਦੇਸ਼ਾਂ ਵਿੱਚ ਲੋਕਾਂ ਨੂੰ ਅਕਸਰ ਗੁਪਤ ਕੇਂਦਰਾਂ ਵਿੱਚ ਤਸੀਹੇ ਦਿੱਤੇ ਜਾਂਦੇ ਹਨ ਤੇ ਤਸੀਹੇ ਦੇਣ ਤੋਂ ਬਾਅਦ ਉਹਨਾਂ ਨੂੰ ''ਭਗੌੜਾ'' ਕਰਾਰ ਦੇ ਦਿੱਤਾ ਜਾਂਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਹਿਰਾਸਤ ਵਿੱਚ ਲਏ ਵਿਅਕਤੀਆਂ ਨੂੰ ਮਾਨਤਾ ਪ੍ਰਾਪਤ ਜਨਤਕ ਥਾਵਾਂ 'ਤੇ ਰਖਣ। ਉਨ੍ਹਾਂ ਬਾਰੇ ਸਾਰੀ ਜਾਣਕਾਰੀ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਵਕੀਲਾਂ

ਨੂੰ ਦਿੱਤੀ ਜਾਵੇ ।

**4. ਪੁੱਛਗਿੱਛ ਅਤੇ ਹਿਰਾਸਤ 'ਚ ਲੈਣ ਸਮੇਂ ਸਾਵਧਾਨੀਆਂ**

ਸਾਰੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਪੁੱਛਗਿੱਛ ਅਤੇ ਹਿਰਾਸਤ 'ਚ ਲੈਣ ਦੇ ਢੰਗ ਤਰੀਕਿਆਂ ਨੂੰ ਲਗਾਤਾਰ ਵਾਚਦੇ ਰਹਿਣ । ਹਿਰਾਸਤ ਵਿੱਚ ਲਏ ਵਿਅਕਤੀਆਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਫੌਰੀ ਤੌਰ 'ਤੇ ਸੂਚਿਤ ਕੀਤਾ ਜਾਵੇ । ਉਨ੍ਹਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਉਨ੍ਹਾਂ ਨੂੰ ਆਪਣੇ ਨਾਲ ਹੋਏ ਵਿਹਾਰ ਬਾਰੇ ਸ਼ਿਕਾਇਤ ਕਰਨ ਦਾ ਪੂਰਾ ਹੱਕ ਹੈ । ਹਿਰਾਸਤ 'ਚ ਰੱਖਣ ਵਾਲੀਆਂ ਥਾਵਾਂ ਦੀ ਨਿਰਪੱਖ ਵਿਅਕਤੀਆਂ ਵਲੋਂ ਲਗਾਤਾਰ ਪੜਤਾਲ ਹੋਣੀ ਚਾਹੀਦੀ ਹੈ । ਤਸੀਹੇ ਦੇਣ 'ਤੇ ਰੋਕ ਲਾਉਣ ਲਈ ਇਕ ਮਹੱਤਵਪੂਰਨ ਸਾਵਧਾਨੀ ਇਹ ਹੈ ਕਿ ਹਿਰਾਸਤ 'ਚ ਲੈਣ ਵਾਲੇ ਅਤੇ ਪੁੱਛਗਿੱਛ ਕਰਨ ਵਾਲੇ ਅਧਿਕਾਰੀ ਅੱਡ ਅੱਡ ਹੋਣ ।

**5 ਤਸੀਹੇ ਦੇਣ ਦੀਆਂ ਰਿਪੋਰਟਾਂ ਦੀ ਨਿਰਪੱਖ ਪੜਤਾਲ**

ਸਾਰੀਆਂ ਸਰਕਾਰਾਂ, ਤਸੀਹੇ ਦੇਣ ਦੀਆਂ ਸਾਰੀਆਂ ਸ਼ਿਕਾਇਤ ਅਤੇ ਰਿਪੋਰਟਾਂ ਦੀ ਨਿਰਪੱਖ ਅਤੇ ਕਾਰਗਰ ਪੜਤਾਲ ਯਕੀਨੀ ਬਣਾਉਣ । ਇਨ੍ਹਾਂ ਖੋਜ ਪੜਤਾਲਾਂ ਦੇ ਢੰਗ ਤਰੀਕਿਆਂ ਅਤੇ ਰਿਪੋਰਟਾਂ ਨੂੰ ਸ਼ਰੇਆਮ ਜਨਤਾ ਵਿੱਚ ਰੱਖਣਾ ਚਾਹੀਦਾ ਹੈ । ਇਹ ਗੱਲ ਯਕੀਨੀ ਬਣਾਈ ਜਾਵੇ ਕਿ ਕੋਈ ਵਿਅਕਤੀ ਸ਼ਿਕਾਇਤਾਂ ਕਰਨ ਵਾਲਿਆਂ ਅਤੇ ਗੁਆਹਾਂ ਨੂੰ ਧਮਕਾ ਨਾ ਸਕੇ ।

**6. ਕੋਈ ਵੀ ਬਿਆਨ ਤਸੀਹੇ ਦੇ ਕੇ ਨਾ ਲਿਆ ਜਾਵੇ**

ਸਾਰੀਆਂ ਸਰਕਾਰਾਂ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਤਸੀਹੇ ਦੇ ਕੇ ਲਏ ਗਏ ਬਿਆਨਾਂ ਨੂੰ ਅਦਾਲਤਾਂ ਵਿੱਚ ਗੁਆਹਾਂ ਵਜੋ ਨਾ ਭੁਗਤਾਇਆ ਜਾਵੇ ।

**7. ਕਾਨੂੰਨੀ ਤੌਰ 'ਤੇ ਤਸੀਹੇ ਦੇਣ ਦੀ ਮਨਾਹੀ ਕੀਤੀ ਜਾਵੇ**

ਸਾਰੀਆਂ ਸਰਕਾਰਾਂ ਇਹ ਗੱਲ ਯਕੀਨੀ ਬਣਾਉਣ ਕਿ ਤਸੀਹੇ ਦੇਣ ਲਈ ਜ਼ੁੰਮੇਵਾਰ ਅਧਿਕਾਰੀਆਂ ਉੱਤੇ ਫੌਜਦਾਰੀ ਕਾਨੂੰਨ ਦੇ ਤਹਿਤ ਸਜਾ ਦਿੱਤੀ ਜਾਵੇ । ਕੌਮਾਂਤਰੀ ਕਾਨੂੰਨਾਂ ਅਨੁਸਾਰ ਕਿਸੇ ਵੀ ਹਾਲਤ ਵਿੱਚ ਇਥੋਂ ਤੱਕ ਕਿ ਜੰਗ ਅਤੇ ਐਮਰਜੰਸੀ ਦੀ ਹਾਲਤ ਵਿੱਚ ਵੀ ਤਸੀਹੇ ਦੇਣ ਦੀ ਮਨਾਹੀ 'ਤੇ ਰੋਕ ਨਹੀਂ ਹਟਣੀ ਚਾਹੀਦੀ ।

**8.ਤਸੀਹੇ ਦੇਣ ਵਾਲਿਆਂ 'ਤੇ ਮੁਕੱਦਮੇ ਚਲਾਉਣਾ**

ਤਸੀਹੇ ਦੇਣ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਅਦਾਲਤਾਂ 'ਚ ਖੜੇ ਕਰਨਾ ਚਾਹੀਦਾ ਹੈ । ਜਿਥੇ ਵੀ ਕਿਤੇ ਤਸੀਹੇ ਦਿੱਤੇ ਜਾਂਦੇ ਹਨ ਉਥੇ ਇਹ ਕਿ ਅਸੂਲ ਲਾਗੂ ਹੋਣੇ ਚਾਹੀਦੇ ਹਨ । ਤਸੀਹੇ ਦੇਣ ਵਾਲਿਆਂ ਲਈ ਕੋਈ ਵੀ ਥਾਂ ਸੁਰੱਖਿਅਤ ਨਹੀਂ ਹੋਣੀ ਚਾਹੀਦੀ ।

**9. ਟਰੇਨਿੰਗ ਦੇ ਢੰਗ ਤਰੀਕੇ**

ਕੈਦੀਆਂ ਨੂੰ ਹਿਰਾਸਤ 'ਚ ਰੱਖਣ ਵਾਲੇ ਅਤੇ ਉਨ੍ਹਾਂ ਦੀ ਪੁੱਛਗਿਛ ਕਰਨ ਵਾਲੇ ਸਾਰੇ ਅਧਿਕਾਰੀਆਂ ਨੂੰ ਟਰੇਨਿੰਗ ਸਮੇਂ ਹੀ ਇਹ ਗੱਲ ਸਪੱਸਟ ਕਰ ਦੇਣੀ ਚਾਹੀਦੀ ਹੈ ਕਿ ਤਸੀਹੇ ਦੇਣਾ ਇਕ ਮੁਜਰਮਾਨਾ ਕਾਰਵਾਈ ਹੈ । ਉਨ੍ਹਾਂ ਨੂੰ ਇਹ ਦੱਸ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਤਸੀਹੇ ਦੇਣ ਦੇ ਕਿਸੇ ਵੀ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦੇਣ ।

**10. ਰਾਹਤ ਅਤੇ ਮੁੜ ਵਸੇਬਾ**

ਤਸੀਹਿਆਂ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ ਤੇ ਉਸ ਦੇ ਵਾਰਿਸਾਂ ਨੂੰ ਮਾਲੀ ਰਾਹਤ ਲੈਣ ਦਾ ਹੱਕ ਹੋਣਾ ਚਾਹੀਦਾ ਹੈ । ਤਸੀਹਿਆਂ ਦੇ ਸ਼ਿਕਾਰ ਵਿਅਕਤੀ ਨੂੰ ਮੁੜ ਵਸੇਬੇ ਲਈ ਮੱਦਦ ਅਤੇ ਡਾਕਟਰੀ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ।

**11. ਕੌਮਾਂਤਰੀ ਭਰੋਸਾ**

ਸਾਰੀਆਂ ਸਰਕਾਰਾਂ ਨੂੰ ਸਾਰੇ ਵਸੀਲਿਆਂ ਰਾਹੀਂ ਲੋਕਾਂ ਨੂੰ ਤਸੀਹੇ ਦੇਣ ਵਾਲੀਆਂ ਸਰਕਾਰਾਂ 'ਤੇ ਦਬਾਅ ਪਾਉਣਾ ਚਾਹੀਦਾ ਹੈ । ਇਕ ਅਜਿਹਾ ਕੌਮਾਂਤਰੀ ਤਾਣਾ ਬਾਣਾ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਤਸ਼ੱਦਦ ਦੀਆਂ ਰਿਪੋਰਟਾਂ ਦੀ ਫੌਰੀ ਤੌਰ 'ਤੇ ਪੜਤਾਲ ਹੋ ਸਕੇ ਤੇ ਇਹਨਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਪੁੱਟੇ ਜਾ ਸਕਣ । ਸਰਕਾਰਾਂ ਨੂੰ ਚਾਹੀਦਾ ਹੈ ਕਿ ਇਹ ਗੱਲ ਯਕੀਨੀ ਬਨਾਉਣ ਕਿ ਫੌਜੀ, ਸੁਰੱਖਿਆ ਬਲਾਂ ਤੇ ਪੁਲਿਸ ਅਧਿਕਾਰੀਆਂ ਦੀਆਂ ਬਦਲੀਆਂ ਜਾਂ ਉਨ੍ਹਾਂ ਦੀ ਟਰੇਨਿੰਗ ਤਸ਼ੱਦਦ ਦੀਆਂ ਕਾਰਵਾਈਆਂ ਲਈ ਸਹਾਈ ਨਾ ਹੋਵੇ ।

**12. ਕੌਮਾਂਤਰੀ ਸਮਝੌਤਿਆਂ ਦੀ ਪੁਸ਼ਟੀ**

ਸਾਰੀਆਂ ਸਰਕਾਰਾਂ ਨੂੰ ਉਹਨਾਂ ਸਾਰਿਆਂ ਸਮਝੌਤਿਆਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਜਿਹਨਾਂ ਸਮਝੌਤਿਆਂ ਅਧੀਨ ਤਸੀਹੇ ਦੇਣਾ ਬੰਦ ਕਰਨ ਲਈ ਕਿਹਾ ਗਿਆ ਹੈ । ਇਹਨਾਂ ਕੌਮਾਂਤਰੀ ਸਮਝੌਤਿਆਂ ਵਿੱਚ ਸ਼ਹਿਰੀ ਅਤੇ ਸਿਆਸੀ ਹੱਕਾਂ ਦਾ ਕੌਮਾਂਤਰੀ ਕਾਨੂੰਨ ਅਤੇ ਉਸ ਦੀਆਂ ਉਹ ਧਾਰਾਵਾਂ ਸ਼ਾਮਲ ਹਨ ਜਿਹਨਾਂ ਵਿੱਚ ਨਿੱਜੀ ਸ਼ਿਕਾਇਤਾਂ ਦੀਆਂ ਸਹੂਲਤਾਂ ਦੇਣ ਬਾਰੇ ਕਿਹਾ ਗਿਆ ਹੈ ।

---

2 ਸਤੰਬਰ ਦੀ ਰਾਤ ਨੂੰ ਤਕਰੀਬਨ ਸਾਢੇ ਬਾਰਾਂ ਵਜੇ ਬਠਿੰਡਾ ਪੁਲਿਸ ਭਾਈ ਸਿਕੰਦਰ ਸਿੰਘ ਲਹਿਰਾ ਬੇਗਾ ਦੀ ਮਾਤਾ ਤੇਜ ਕੌਰ ਨੂੰ ਗ੍ਰਿਫਤਾਰ ਕਰਕੇ ਲੈ ਗਈ । ਦੋ ਮਹੀਨੇ ਬੀਤ ਜਾਣ 'ਤੇ ਵੀ ਪੁਲਿਸ ਮਾਤਾ ਜੀ ਬਾਰੇ ਕੁਝ ਨਹੀਂ ਦਸ ਰਹੀ । 30 ਅਕਤੂਬਰ ਨੂੰ ਪੁਲਿਸ ਨੇ ਫਿਰ ਛਾਪਾ ਮਾਰਿਆ ਅਤੇ ਭਾਈ ਸਕੰਦਰ ਸਿੰਘ ਅਤੇ ਭਾਈ ਸ਼ਿੰਗਾਰਾ ਸਿੰਘ ਦੇ ਘਰਾਂ ਵਿੱਚ ਜੋ ਸਮਾਨ ਸੀ ਉਹ ਸਾਰਾ ਚੁੱਕ ਕੇ ਲੈ ਗਈ । ਘਰ ਬਿਲਕੁਲ ਸਾਫ ਕਰ ਦਿੱਤਾ । ਇਹ ਦੋਵੇ ਸਿੰਘ ਘਰਾਂ ਤੋਂ ਭਗੋੜੇ ਹਨ । ਭਾਈ ਸਿਕੰਦਰ ਸਿੰਘ ਦੇ ਮਾਮੇ ਦੇ ਪੁੱਤ ਵੀ ਪੁਲਿਸ ਨੇ ਕੋਈ ਡੇਢ ਕੁ ਮਹੀਨੇ ਤੋਂ ਚੁੱਕੇ ਹੋਏ ਹਨ । ਇਹਨਾਂ ਬਾਰੇ ਵੀ ਕੋਈ ਪਤਾ ਨਹੀਂ ਲੱਗ ਰਿਹਾ ਕਿ ਇਹਨਾਂ ਨੂੰ ਪੁਲਿਸ ਨ ਕਿਥੇ ਰੱਖਿਆ ਹੋਇਆ ਹੈ । ਅਸੀਂ ਸਮੂਹ ਇਨਸਾਫ ਪਸੰਦ ਲੋਕਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਇਹਨਾਂ ਸਿੰਘਾਂ ਦੇ ਪਰਿਵਾਰਾਂ ਲਈ ਕੁਝ ਉਪਰਾਲਾ ਕੀਤਾ ਜਾਵੇ । ਪੁਲਿਸ ਉਹਨਾਂ ਦੇ ਹੋਰਨਾਂ ਰਿਸ਼ਤੇਦਾਰਾਂ ਨੂੰ ਵੀ ਤੰਗ ਕਰ ਰਹੀ ਹੈ । ਰਿਸ਼ਤੇਦਾਰਾਂ, ਮਾਤਾ-ਪਿਤਾ ਜਾ ਭੈਣ-ਭਰਾਵਾਂ ਦਾ ਭਾਈ ਸਿੰਕਦਰ ਸਿੰਘ ਅਤੇ ਭਾਈ ਸ਼ਿੰਗਾਰਾ ਸਿੰਘ ਦੀਆਂ ਸਰਗਰਮੀਆਂ ਨਾਲ ਕੋਈ ਵੀ ਸਬੰਧ ਨਹੀਂ ਹੈ ।

*ਸੁਰਮੁੱਖਪਾਲ ਸਿੰਘ, ਲਹਿਰਾ ਬੇਗਾ*

---

ਇਸ ਦੁੱਖ ਦੀ,
ਇਸ ਦਰਦ ਦੀ
ਕੀਮਤ
ਅਸੀਂ ਮੰਗਦੇ ਨਹੀਂ ।
ਬਦਲੇ ਵਿੱਚ ਸਾਨੂੰ
ਕਿਸੇ ਇਵਜਾਨੇ ਦੀ
ਕਿਸੇ ਸ਼ੋਹਰਤ ਦੀ
ਭੀ ਲੋਤ ਨਾ ।
ਨਾ ਹੀ
ਅਸੀਂ ਕਲੰਡਰ ਦੀ
ਤਸਵੀਰ ਬਣਨਾ ਲੋਚਦੇ ।

ਬੱਸ
ਜੋ ਸਾਥੋਂ ਪਿਛੋਂ ਆਉਣ
ਉਨ੍ਹਾਂ ਨੂੰ
ਐਨਾ ਹੀ ਕਹਿ ਦੇਣਾ
ਕਿ ਇਕ ਜਿੰਦਗੀ
ਇਕ ਕਲਪਨਾ
ਇਕ ਬੁੱਤ
ਅਸੀਂ ਘੜਦੇ ਰਹੇ
ਅਤੇ
ਰੋਸ਼ਨੀ ਲਈ
ਨੇਰਿਆਂ ਸੰਗ
ਲੜਦੇ ਰਹੇ ।

*ਨਿਕੋਲਾ ਵਾਪਸਾਰੋਵ*

ਕਾਂਗਿਆਰੀ....ਕਾਂਗਿਆਰੀ.....ਕਾਂਗਿਆਰੀ

# ਪੰਜਾਬੀ ਅਖ਼ਬਾਰਾਂ ਵਿੱਚ ਹਿੰਦੀ ਸ਼ਬਦਾਂ ਦੀ ਮਿਲਾਵਟ ਦਾ ਮਸਲਾ

ਇਹ ਕਾਲਮ ਪੰਜਾਬੀ ਦੀਆਂ ਮੋਹਰੀ ਅਖ਼ਬਾਰਾਂ-ਅਜੀਤ ਤੇ ਪੰਜਾਬੀ ਟ੍ਰਿਬਿਊਨ ਵਲੋਂ ਪੰਜਾਬੀ ਜ਼ਬਾਨ ਦੀ ਹਰੀ ਕਚੂਰ ਫਸਲ ਅੰਦਰ ਖਿਲਾਰੇ ਜਾ ਰਹੇ ਕਾਂਗਿਆਰੀ ਦੇ ਬੀਜਾਂ (ਸੰਸਕ੍ਰਿਤ ਤੇ ਹਿੰਦੀ ਦੇ ਅਣਚਾਹੇ ਸ਼ਬਦਾਂ) ਦੀ ਨਿਸ਼ਾਨਦੇਹੀ ਕਰਨ ਲਈ ਅਕਤੂਬਰ ਤੋਂ ਸ਼ੁਰੂ ਕੀਤਾ ਗਿਆ ਸੀ। ਇਹ ਸਿਲਸਿਲਾ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਇਨ੍ਹਾਂ ਅਖ਼ਬਾਰਾਂ ਦੇ ਵਤੀਰੇ 'ਚ ਲਿਖਣ ਯੋਗ ਤਬਦੀਲੀ ਨਹੀਂ ਆਉਂਦੀ। ਅਸੀਂ ਆਪਣੇ ਸਮੂਹ ਪਾਠਕਾਂ ਨੂੰ ਫਿਰ ਸੱਦਾ ਦਿੰਦੇ ਹਾਂ ਕਿ ਇਸ ਜਨਤਕ ਪੜਚੋਲ ਮੁਹਿੰਮ ਵਿੱਚ ਗੱਜ-ਵੱਜ ਕੇ ਸ਼ਰੀਕ ਹੋਣ, ਇਨ੍ਹਾਂ ਅਖ਼ਬਾਰਾਂ ਦੇ ਹਰ ਸਫੇ ਤੇ ਸਤਰ ਨੂੰ ਘੋਖਵੀਆਂ ਨਜ਼ਰਾਂ ਨਾਲ ਛਾਨਣ ਅਤੇ ਸੰਸਕ੍ਰਿਤ ਤੇ ਹਿੰਦੀ ਦੇ ਹਰ ਅਣਚਾਹੇ ਸ਼ਬਦ ਨੂੰ ਪੂਛਾਂ ਤੋਂ ਫੜਕੇ ਧਰੂਹ ਲੈਣ ਜਿਵੇਂ ਕਣਕ ਵਿਚੋਂ ਕਾਂਗਿਆਰੀ ਨੂੰ ਕੱਢੀਦਾ ਹੈ। ਪਾਠਕ ਹਰ ਮਹੀਨੇ ਅਖ਼ਬਾਰਾਂ ਵਿੱਚ ਨਜਰ ਆਉਣ ਵਾਲੇ ਅਜਿਹੇ ਸ਼ਬਦਾਂ ਦੀ ਸੂਚੀ "ਜਨਤਕ ਪੈਗਾਮ" ਨੂੰ ਭੇਜਣ ਤਾਂ ਕਿ "ਕਾਂਗਿਆਰੀ" ਕਾਲਮ ਦੀ ਸ਼ੋਭਾ ਵਧਾਈ ਜਾ ਸਕੇ।

ਸਭ ਤੋਂ ਪਹਿਲਾਂ ਅਸੀਂ ਪਾਠਕਾਂ ਨਾਲ ਇਹ ਖੁਸ਼ੀ ਭਰੀ ਖ਼ਬਰ ਸਾਂਝੀ ਕਰਨੀ ਚਾਹੁੰਦੇ ਹਾਂ ਕਿ ਮਾਂ ਬੋਲੀ ਦੇ ਹੱਕ ਵਿੱਚ ਆਪਣੀ ਮੁਹਿੰਮ ਨੂੰ ਪੱਛਮੀ ਪੰਜਾਬ ਦੇ ਪੰਜਾਬੀ ਬੁੱਧੀਜੀਵੀ ਹਲਕਿਆਂ ਵਿੱਚੋਂ ਵੀ ਤਕੜਾ ਹੁੰਗਾਰਾ ਮਿਲਿਆ ਹੈ। ਲਾਹੌਰ ਤੋਂ ਛਪਦੇ ਪ੍ਰਸਿੱਧ ਮਹੀਨੇਵਾਰ ਰਸਾਲੇ "ਲਹਿਰਾਂ" ਨੇ ਪੈਗਾਮ ਦੇ "ਵਿਸ਼ੇਸ਼ ਮਾਂ ਬੋਲੀ ਅੰਕ ਦਸੰਬਰ '90" ਦੇ ਸਾਰੇ ਦੇ ਸਾਰੇ ਮਹੱਤਵਪੂਰਨ ਲੇਖਾਂ ਨੂੰ ਸਤੰਬਰ-1991 ਅੰਕ ਵਿੱਚ ਛਾਪ ਕੇ ਇਸ ਮੁਹਿੰਮ ਨੂੰ ਸਾਰੇ ਪੱਛਮੀ ਪੰਜਾਬ ਵਿੱਚ ਵੀ ਪਹੁੰਚਾ ਦਿੱਤਾ ਹੈ। ਲਾਹੌਰੋਂ ਸਾਨੂੰ ਪ੍ਰਸਿਧ ਪੰਜਾਬੀ ਵਿਦਵਾਨ ਸਿਬਤੁਲ ਹਸਨ ਜ਼ੈਗਮ ਹੋਰਾਂ ਦੀ ਇੱਕ ਲੰਮੀ ਅਤੇ ਖ਼ੂਬਸੂਰਤ ਚਿੱਠੀ ਮਿਲੀ ਹੈ। ਉਹ ਲਿਖਦੇ ਹਨ, "ਮੇਰੇ ਵਾਸਤੇ ਇਹ ਬੜੀ ਹੌਸਲਾ ਦਿਵਾਉਣ ਵਾਲੀ ਗੱਲ ਹੈ ਕਿ ਕੁੱਝ ਦੋਸਤਾਂ ਨੇ ਪੰਜਾਬੀ ਦੀ ਸਰਲਤਾ ਅਤੇ ਸੁਭਾਅ ਨੂੰ ਕਾਇਮ ਕਰਨ ਲਈ ਪੈਰ ਪੁੱਟੇ ਹਨ। ਚੜ੍ਹਦੇ ਪੰਜਾਬ ਦੇ ਦੋਸਤਾਂ ਨਾਲ ਗੱਲ ਹੁੰਦੀ ਸੀ ਤਾਂ ਉਹ ਬੜੇ ਜ਼ੋਰ ਨਾਲ ਆਖਦੇ ਸਨ ਕਿ ਦੋਹਾਂ ਪੰਜਾਬਾਂ ਦੀ ਜ਼ਬਾਨ ਵੱਖਰੀ ਹੈ। ਉਨ੍ਹਾਂ ਨੂੰ ਗੁਜ਼ਾਰਿਸ਼ ਹੀ ਕੀਤੀ ਜਾ ਸਕਦੀ ਸੀ ਕਿ ਨੌਂਹਾਂ ਨਾਲੋਂ ਮਾਸ ਨਖੇੜਨ ਦੇ ਯਤਨ ਨਾ ਕਰੋ।......ਦੋਹਾਂ ਪੰਜਾਬਾਂ ਦੇ ਪਾੜ ਨੂੰ ਪੀਡਾ ਕਰਨ ਲਈ ਚੜ੍ਹਦੇ ਪੰਜਾਬ ਵਿੱਚ ਜ਼ਬਾਨ ਨੂੰ ਨਨਕਾਣਾ ਸਾਹਿਬ ਅਤੇ ਜੰਡਿਆਲਾ ਸ਼ੇਰ ਖਾਂ ਤੋਂ ਦੂਰ ਕਰਕੇ ਬਨਾਰਸ ਨਾਲ ਜੋੜਨ ਦੇ ਯਤਨ ਕੀਤੇ ਗਏ। ਪਰ ਫਿਤਰਤ ਦੇ ਖਿਲਾਫ ਜੰਗ ਹਮੇਸ਼ਾ ਹੀ ਨਾਕਾਮ ਹੁੰਦੀ ਹੈ। ਅੱਜ ਸਾਫ ਦਿਖਾਈ ਦੇ ਰਿਹਾ ਹੈ ਕਿ ਪੰਜਾਬ ਦੀ ਵੰਡ ਨੂੰ ਪੀਡਿਆ ਕਰਨ ਦੀ ਸਾਜਿਸ਼ ਨਾਕਾਮ ਹੋ ਰਹੀ ਹੈ। ਮਸਨੂਈ ਜ਼ਬਾਨ ਨਹੀਂ ਘੜੀ ਜਾ ਸਕੀ। ਸਾਡੇ ਇਹ ਦੋਸਤ ਭੁੱਲ ਗਏ ਸਨ ਕਿ ਪੰਜਾਬ ਇੱਕ ਵੱਖਰੀ ਧਰਤੀ ਹੈ। ਇਸ ਦੀ ਜ਼ਬਾਨ ਤੇ ਕਲਚਰ ਬਦਲੀ ਨਹੀਂ ਜਾ ਸਕਦੀ।"

ਪਰ ਦੂਜੇ ਪਾਸੇ ਅਫਸੋਸ ਵਾਲੀ ਗੱਲ ਇਹ ਹੈ ਕਿ 'ਅਜੀਤ' ਅਤੇ ਪੰਜਾਬੀ ਟ੍ਰਿਬਿਊਨ ਦਾ ਸਟਾਫ ਟੱਸ ਤੋਂ ਮੱਸ ਨਹੀਂ ਹੋ ਰਿਹਾ। ਉਹ ਪਹਿਲਾਂ ਵਾਲੀ ਧੁਨ ਵਿੱਚ ਹੀ ਸੰਸਕ੍ਰਿਤ ਤੇ ਹਿੰਦੀ ਦੇ ਲਫ਼ਜ਼ ਧੜਾ-ਧੜ ਵਰਤ ਕੇ ਪੰਜਾਬੀ ਦਾ ਹੁਲੀਆ ਵਿਗਾੜੀ ਜਾ ਰਿਹਾ ਹੈ। ਸ: ਬਰਜਿੰਦਰ ਸਿੰਘ ਹਮਦਰਦ ਅਤੇ ਹਲਵਾਰਵੀ ਸਾਹਿਬ ਨੇ ਆਪੋ-ਆਪਣੇ ਤੌਰ 'ਤੇ ਕੁੱਝ ਕੋਸ਼ਿਸ਼ਾਂ ਜ਼ਰੂਰ ਕੀਤੀਆਂ ਹਨ ਪਰ ਇਹ ਕੋਸ਼ਿਸ਼ਾਂ ਸਿਰਫ ਸੰਪਾਦਕੀ ਲੇਖਾਂ ਤੱਕ ਹੀ ਸੀਮਤ ਰਹਿ ਰਹੀਆਂ ਹਨ। ਅਗਾਂਹ ਨਹੀਂ ਵਧ ਰਹੀਆਂ। ਅਸਲ ਮਸਲਾ ਤਾਂ ਇਨ੍ਹਾਂ ਅਖ਼ਬਾਰਾਂ ਦੇ ਸਮੁੱਚੇ ਰੋਲ ਨੂੰ ਸੁਧਾਰਨ ਦਾ ਹੈ। ਦੋਹਾਂ ਅਖ਼ਬਾਰਾਂ ਦੇ ਸਟਾਫ ਦੇ ਅੜੀਅਲ ਵਤੀਰੇ ਦੇ ਕੀ ਕਾਰਨ ਹਨ? ਸਾਡੀ ਜਾਂਚੇ ਇਸ ਦੇ ਤਿੰਨ ਕਾਰਨ ਹੋ ਸਕਦੇ ਹਨ; ਪਹਿਲਾ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋ ਰਿਹਾ ਕਿ ਮਾਂ-ਬੋਲੀ ਦਾ ਮੂੰਹ-ਮੱਥਾ ਵਿਗਾੜ ਕੇ ਉਹ ਕਿੱਡਾ ਵੱਡਾ ਗੁਨਾਹ ਕਰ ਰਹੇ ਹਨ। ਉਨ੍ਹਾਂ ਨੂੰ ਉਸ ਗੱਲ ਦੀ ਸਮਝ ਹੀ ਨਹੀਂ ਪੈ ਰਹੀ ਜਿਹੜੀ ਜ਼ੈਗਮ ਸਾਹਿਬ ਨੇ ਆਪਣੀ ਚਿੱਠੀ ਵਿੱਚ ਕਹੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ "ਪੰਜਾਬੀ ਦਾ ਸੰਸਕ੍ਰਿਤੀਕਰਨ" ਕਰਨਾ ਉਹੋ ਕੰਮ ਕਰਨਾ ਹੈ ਜਿਹੜਾ ਪੰਜਾਬੀ ਦੇ ਫਿਰਕੂ ਮਜ਼੍ਹਬੀ ਦੁਸ਼ਮਣ ਕੱਲ੍ਹ ਤੱਕ ਕਰਦੇ ਰਹੇ ਹਨ।"

ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਉਹ ਸਮਝ ਰਹੇ ਹੋਣ ਜਨਤਕ ਪੈਗਾਮ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਵਕਤੀ ਹੈ। ਦੋ-ਤਿੰਨ ਮਹੀਨਿਆਂ ਬਾਅਦ ਆਪੇ ਹੀ ਖਤਮ ਹੋ ਜਾਵੇਗੀ ਪਹਿਲਾਂ ਵੀ ਅਜਿਹੀਆਂ ਮੁਹਿੰਮਾਂ ਸ਼ੁਰੂ ਹੁੰਦੀਆਂ ਰਹੀਆਂ ਹਨ। ਪਰ ਕੁੱਝ ਸਮੇਂ ਬਾਅਦ ਹੀ ਠੱਪ ਹੋ ਜਾਂਦੀਆਂ ਰਹੀਆਂ ਹਨ। ਮੌਜੂਦਾ ਮੁਹਿੰਮ ਦਾ ਵੀ ਇਹੀ ਹਸ਼ਰ ਹੋਵੇਗਾ। ਜੇ ਉਹ ਇਸ ਤਰ੍ਹਾਂ ਸੋਚ ਰਹੇ ਹਨ ਤਾਂ ਬਿਲਕੁੱਲ ਗਲਤ ਸੋਚ ਰਹੇ ਹਨ। ਮੌਜੂਦਾ ਮੁਹਿੰਮ ਦਾ ਪਹਿਲੀਆਂ ਮੁਹਿੰਮਾਂ ਨਾਲੋਂ ਇੱਕ ਬੁਨਿਆਦੀ ਫਰਕ ਹੈ। ਪਹਿਲੀਆਂ ਮੁਹਿੰਮਾਂ ਮੁੱਖ ਤੌਰ 'ਤੇ ਜਜ਼ਬਾਤੀ ਸਨ। ਮੌਜੂਦਾ ਮੁਹਿੰਮ ਪੰਜਾਬ ਨੂੰ ਕੇਂਦਰੀ ਹਾਕਮਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਦੀ ਵੱਡੀ ਮੁਹਿੰਮ ਦਾ ਇੱਕ ਹਿੱਸਾ ਹੈ। ਪਹਿਲੀਆਂ ਮੁਹਿੰਮਾਂ ਦੇ ਠੁੱਸ ਹੋ ਜਾਣ ਦਾ ਕਾਰਨ ਉਨ੍ਹਾਂ ਮੁਹਿੰਮਾਂ ਦੇ ਪੈਂਤੜੇ ਵਿੱਚ ਹੀ ਮੌਜੂਦ ਹੁੰਦਾ ਸੀ। ਉਹ ਮੁਹਿੰਮ ਭਾਰਤ ਦੀ "ਏਕਤਾ ਅਤੇ ਅਖੰਡਤਾ" ਦੇ ਘੇਰੇ ਦੇ ਵਿੱਚ-ਵਿੱਚ ਰਹਿ ਕੇ ਚੱਲਦੀਆਂ ਸਨ। "ਏਕਤਾ ਅਤੇ ਅਖੰਡਤਾ" ਨੂੰ ਕਾਇਮ ਰੱਖਣ ਲਈ ਤਾਲਮੇਲ ਭਾਸ਼ਾ ਦੀ ਲੋੜ ਪੈਂਦੀ ਹੈ। ਇਹ ਭਾਸ਼ਾ ਸੰਸਕ੍ਰਿਤ ਪ੍ਰਧਾਨ ਹੁੰਦੀ ਹੈ। ਜੇ ਭਾਰਤ ਦੀ "ਏਕਤਾ ਤੇ ਅਖੰਡਤਾ" ਨੂੰ ਕਾਇਮ ਰੱਖਣਾ ਸੀ ਤਾਂ ਇਸ ਤਾਲਮੇਲ ਭਾਸ਼ਾ ਦਾ ਪੰਜਾਬੀ 'ਤੇ ਅਸਰ ਲਾਜ਼ਮੀ ਤੌਰ 'ਤੇ ਕਬੂਲ ਕਰਨਾ ਪੈਣਾ ਸੀ। ਇਸੇ ਕਰਕੇ ਜਦੋਂ ਪੰਜਾਬੀ ਪ੍ਰੇਮੀ ਆਪਣੀ ਮੁਹਿੰਮ ਤੇਜ਼ ਕਰਦੇ ਤਾਂ ਉਨ੍ਹਾਂ ਨੂੰ ਭਾਰਤ ਦੀ "ਏਕਤਾ ਅਤੇ ਅਖੰਡਤਾ" ਦੇ ਟੁੱਟ ਜਾਣ ਦਾ ਡਰਾਵਾ ਦੇ ਕੇ ਚੁੱਪ ਕਰਵਾ ਦਿੱਤਾ ਜਾਂਦਾ। ਮੌਜੂਦਾ ਮੁਹਿੰਮ ਪੰਜਾਬ ਦੀ ਆਜ਼ਾਦੀ ਦੇ ਪੈਂਤੜੇ ਤੋਂ ਸ਼ੁਰੂ ਕੀਤੀ ਗਈ ਹੈ, ਆਜ਼ਾਦੀ ਦੇ ਲਹਿਰ ਦੇ ਅੱਗੇ ਵੱਧਣ ਦੇ ਨਾਲ-ਨਾਲ ਇਸ ਨੇ ਹੋਰ ਅੱਗੇ ਵਧੀ ਜਾਣਾ ਹੈ। ਇਸ ਵਿੱਚ ਨਵੇਂ-ਨਵੇਂ ਲੋਕ ਅਤੇ ਨਵੀਆਂ-ਨਵੀਆਂ ਤਾਕਤਾਂ ਨੇ ਸ਼ਾਮਲ ਹੁੰਦੇ ਜਾਣਾ ਹੈ।

ਪੰਜਾਬੀ ਅਖ਼ਬਾਰਾਂ ਦੇ ਅੜੀਅਲ ਵਤੀਰੇ ਦਾ ਤੀਜਾ ਕਾਰਨ ਇਹ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਭਾਰਤ ਦੀ 'ਏਕਤਾ ਅਤੇ ਅਖੰਡਤਾ' ਦਾ ਵਿਸ਼ੇਸ਼ ਹੀ ਮੋਹ ਹੋਵੇ। ਉਹ ਪੰਜਾਬੀ ਦੇ ਕੁੱਝ 'ਉੱਘੇ ਵਿਦਵਾਨਾਂ' ਵਲੋਂ ਪਿੱਛੇ ਜਿਹੇ ਤੱਕ ਪਰਚਾਰੀ ਜਾਂਦੀ ਰਹੀ ਇਸ ਧਾਰਨਾ ਨਾਲ ਸਹਿਮਤ ਹੋਣ ਕਿ 'ਏਕਤਾ ਅਤੇ ਅਖੰਡਤਾ' ਨੂੰ ਮਜ਼ਬੂਤ ਕਰਨ ਲਈ ਪੰਜਾਬੀ ਵਿੱਚ ਸੰਸਕ੍ਰਿਤ ਤੇ ਹਿੰਦੀ ਦੇ ਸ਼ਬਦ ਲਿਆਉਣੇ ਜ਼ਰੂਰੀ ਹਨ। ਜੇ ਗੱਲ ਇਹ ਹੈ ਤਾਂ ਮਸਲਾ ਕਾਫ਼ੀ ਗੰਭੀਰ ਹੈ।

ਅਸੀਂ ਕਿਸੇ ਪੱਕੇ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਇੱਕ ਮਹੀਨਾ ਹੋਰ ਉਡੀਕਣ ਦਾ ਫੈਸਲਾ ਕੀਤਾ ਹੈ। ਇਸ ਤੋਂ ਬਾਅਦ ਦੋਹਾਂ ਅਖ਼ਬਾਰਾਂ ਦੇ ਸੰਪਾਦਕੀ ਮੰਡਲਾਂ ਨੂੰ ਮਿਲਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮਕਸਦ ਲਈ ਜਨਵਰੀ-92 ਵਿੱਚ ਉਨ੍ਹਾਂ ਕੋਲ ਇੱਕ ਵਫ਼ਦ ਭੇਜਿਆ ਜਾਵੇਗਾ। ਇਸ ਗੱਲਬਾਤ ਦਾ ਜੋ ਸਿੱਟਾ ਨਿਕਲੇਗਾ ਉਹ ਫਰਵਰੀ ਅੰਕ ਵਿੱਚ ਪਾਠਕਾਂ ਨਾਲ ਸਾਂਝਾ ਕੀਤਾ ਜਾਵੇਗਾ ਅਤੇ ਉਸ ਤੋਂ ਬਾਅਦ ਸਰਬ-ਸਾਂਝੀ ਰਾਇ ਨਾਲ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।

## ਜਨਤਕ ਪੜਚੋਲ ਮੁਹਿੰਮ-3

ਹੇਠਾਂ ਅਸੀਂ ਪੰਜਾਬੀ ਬੋਲੀ ਵਿੱਚੋਂ 'ਕਾਂਗਿਆਰੀ' ਚੁਗ ਸੁੱਟਣ ਲਈ ਸ਼ੁਰੂ ਕੀਤੀ ਗਈ ਜਨਤਕ ਮੁਹਿੰਮ ਵਿੱਚ ਸ਼ਾਮਲ ਹੋਏ ਪਾਠਕਾਂ ਦੀਆਂ ਲਿਖਤਾਂ ਅਤੇ ਚਿੱਠੀਆਂ ਛਾਪ ਰਹੇ ਹਾਂ।

## ਖਾੜਕੂਆਂ ਦੀ ਅਦਾਲਤ 'ਚ ਪੇਸ਼ ਕਰੋ

ਪੰਜਾਬੀ ਦੇ ਹਿੰਦੀਕਰਣ ਵਿਰੁੱਧ ਤੁਹਾਡੇ ਵੱਲੋਂ ਆਰੰਭੀ ਗਈ ਮੁਹਿੰਮ ਸ਼ਲਾਘਾਯੋਗ ਹੈ। ਇਸ ਰੋਗ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਮਾਲੂਮ ਹੁੰਦੀਆਂ ਹਨ। ਭਾਵੇਂ ਸ਼ੁਰੂਆਤੀ ਕਦਮ ਵਜੋਂ ਦੋ ਪੰਜਾਬੀ ਅਖ਼ਬਾਰਾਂ ਨੂੰ ਪੜਚੋਲ ਦਾ ਨਿਸ਼ਾਨਾ ਬਣਾਉਣਾ ਬਿਲਕੁਲ ਦਰੁਸਤ ਹੈ। ਪਰ ਹੌਲੀ ਹੌਲੀ ਇਸ ਲਹਿਰ ਦਾ ਘੇਰਾ ਹੋਰ ਵਿਸ਼ਾਲ ਬਣਾਉਣਾ ਪਵੇਗਾ। ਗੱਲ ਨਿਰੇ ਅਖ਼ਬਾਰਾਂ ਦੀ ਹੀ ਨਹੀਂ, ਬਹੁਤ ਸਾਰੇ ਪੰਜਾਬੀ ਲੇਖਕ ਤੇ ਵਿਦਵਾਨ ਇਸ ਰੋਗ ਦੇ ਬੁਰੀ ਤਰ੍ਹਾਂ ਸ਼ਿਕਾਰ ਹਨ। ਲਹਿਰ ਨੂੰ ਕਦਮ ਬ ਕਦਮ ਅੱਗੇ ਵਧਾਉਂਦਿਆਂ ਹੋਇਆਂ ਸਾਨੂੰ ਉਨ੍ਹਾਂ ਰੋਗ ਗ੍ਰਸਤ ਵਿਦਵਾਨਾਂ ਦੇ ਬੂਹਿਆਂ 'ਤੇ ਵੀ ਦਸਤਕ ਦੇਣੀ ਪੈਣੀ ਹੈ।

'ਕਾਂਗਿਆਰੀ' ਕਾਲਮ ਪੜ੍ਹਨ ਤੋਂ ਬਾਅਦ ਮੈਂ ਅਤੇ ਮੇਰੇ ਹੋਰ ਦੋਸਤਾਂ ਨੇ ਪੰਜਾਬੀ ਅਖ਼ਬਾਰਾਂ ਵਿੱਚ ਵਰਤੀ ਜਾਂਦੀ ਪੰਜਾਬੀ ਨੂੰ ਵਧੇਰੇ ਗਹੁ ਨਾਲ ਘੋਖਣਾ ਸ਼ੁਰੂ ਕੀਤਾ ਹੈ। ਅਸੀਂ 13 ਨਵੰਬਰ ਦਾ ਅਜੀਤ ਅਖ਼ਬਾਰ ਦੇਖਿਆ ਤਾਂ ਮੁੱਖ ਪੰਨੇ ਉੱਤੇ ਹੀ ਸੁਰਖੀ ਠਾਹ ਕਰਦੀ ਮੱਥੇ ਵਿੱਚ ਵੱਜੀ। ਅਖੇ "ਰਾੜ੍ਹ ਅਗਵਾ ਕੇਸ 'ਚ ਭਾਰੀ ਪ੍ਰਗਤੀ!" ਭਲਾ ਇਹ 'ਪ੍ਰਗਤੀ' ਸ਼ਬਦ ਕਿੱਧਰ ਦੀ ਪੰਜਾਬੀ ਦਾ ਹੈ? ਕੀ ਇਸ ਦੀ ਜਗ੍ਹਾ ਕੋਈ ਸੁਹਣਾ ਜਿਹਾ ਪੰਜਾਬੀ ਸ਼ਬਦ ਨਹੀਂ ਸੀ ਵਰਤਿਆ ਜਾ ਸਕਦਾ? ਉੱਥੇ ਹੀ ਅਖ਼ਬਾਰ ਦੇ ਦੋ ਨੰਬਰ ਸਫ਼ੇ 'ਤੇ ਇਕ ਸੁਰਖੀ ਇਹ ਸੀ "ਹਰਪ੍ਰੀਤ ਕੌਰ ਪ੍ਰਥਮ।" ਕੀ ਇਸ ਨੂੰ 'ਹਰਪ੍ਰੀਤ ਕੌਰ ਅੱਵਲ' ਨਹੀਂ ਸੀ ਲਿਖਿਆ ਜਾ ਸਕਦਾ? 'ਪ੍ਰਥਮ' ਨਾਲੋਂ ਤਾਂ ਅੰਗਰੇਜ਼ੀ ਦਾ ਸ਼ਬਦ 'ਫਸਟ' ਕਿਤੇ ਵੱਧ ਫਬਵਾਂ ਤੇ ਆਮ ਵਿਅਕਤੀ ਦੀ ਸਮਝ 'ਚ ਆਉਣ ਵਾਲਾ ਹੈ। ਅਜਿਹੀਆਂ ਖ਼ਬਰਾਂ ਦੇਖ ਕੇ ਤਾਂ ਇਸ ਤਰ੍ਹਾਂ ਮਾਲੂਮ ਹੁੰਦਾ ਹੈ ਜਿਵੇਂ ਇਨ੍ਹਾਂ ਅਖ਼ਬਾਰਾਂ ਦੇ ਸੰਪਾਦਕੀ ਅਮਲੇ ਨੇ ਜਾਂ ਤਾਂ 'ਜਨਤਕ ਪੈਗਾਮ' ਦੀ ਗੱਲ ਨੂੰ ਗੌਲਿਆ ਤੱਕ ਨਹੀਂ ਅਤੇ ਜਾਂ ਇਹ ਗੱਲ ਉਨ੍ਹਾਂ ਦੀ ਸਮਝ ਵਿੱਚ ਜਾਂ ਪਕੜ ਵਿੱਚ ਨਹੀਂ ਆਈ। ਪਰ ਪਹਿਲੀ ਗੱਲ ਜ਼ਿਆਦਾ ਸੱਚ ਮਾਲੂਮ ਹੁੰਦੀ ਹੈ। ਕਿਉਂਕਿ 'ਜਨਤਕ ਪੈਗਾਮ' ਵੱਲੋਂ ਮਾਂ ਬੋਲੀ ਪੰਜਾਬੀ ਬਾਰੇ ਛਾਪੇ ਗਏ ਵਿਸ਼ੇਸ਼ ਅੰਕ ਵਿੱਚ ਜੋ ਲੇਖ ਸੋਹਣ ਸਿੰਘ ਜੋਸ਼ ਤੇ ਗੁਰਦੇਵ ਸਿੰਘ ਪੰਨੂੰ ਹੁਰਾਂ ਨੇ ਲਿਖੇ ਹਨ, ਉਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਮਸਲੇ ਨੂੰ ਸਮਝਣ ਵਿੱਚ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ। 'ਅਜੀਤ' ਅਤੇ ਪੰਜਾਬੀ ਟ੍ਰਿਬਿਊਨ' ਦੇ ਇਸ 'ਮੈਂ ਨਾ ਮਾਨੂੰ' ਵਾਲੇ ਰਵਈਏ ਤੋਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਸਾਡੇ ਪੰਜਾਬੀ ਲੋਕਾਂ ਉੱਤੇ ਹੁਣ ਦਲੀਲ ਅਤੇ ਅਪੀਲ ਦਾ ਅਸਰ ਹੀ ਹੋਣੋਂ ਹਟ ਗਿਆ ਹੈ। ਜਦ ਪੰਥਕ ਕਮੇਟੀ ਨੇ ਪੰਜਾਬੀ ਲਾਗੂ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਸਾਨੂੰ ਇਹ ਪਹੁੰਚ ਧੱਕੇ ਤੇ ਗੈਰ ਜਮਹੂਰੀ ਲੱਗੀ ਸੀ। ਪਰ ਹੁਣ ਇਉਂ ਮਾਲੂਮ ਹੁੰਦਾ ਹੈ ਜਿਵੇਂ ਤਾਕਤ ਦੀ ਵਰਤੋਂ ਬਗੈਰ ਅਜਿਹੇ ਸੁਧਾਰ ਨਾ ਮੁਮਕਿਨ ਜਿਹੇ ਬਣ ਕੇ ਰਹਿ ਗਏ ਹਨ। ਸਾਡੇ ਵਿਚਾਰ ਅਨੁਸਾਰ ਤੁਸਾਂ ਪੰਜਾਬੀ ਅਖ਼ਬਾਰਾਂ ਵਿੱਚ ਹਿੰਦੀ ਨੁਮਾ ਪੰਜਾਬੀ ਦੀ ਵਰਤੋਂ ਦਾ ਮਸਲਾ ਬਾਖ਼ੂਬ ਉਭਾਰ ਦਿੱਤਾ ਹੈ। ਇਹ ਤੁਹਾਡੀ ਬਹੁਤ ਵੱਡੀ ਸੇਵਾ ਹੈ। ਜੇ ਇਸ ਮਸਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨਾ ਹੈ ਤਾਂ ਅੱਗੋਂ ਇਹ ਮੁਕੱਦਮਾ ਖਾੜਕੂਆਂ ਦੀ ਅਦਾਲਤ ਵਿੱਚ ਪੇਸ਼ ਕਰਨਾ ਬਿਹਤਰ ਰਹੇਗਾ। ਸਾਡਾ ਇਹ ਸੁਝਾਅ ਹੈ। ਅੱਗੇ ਤੁਸੀਂ ਆਪ ਸਿਆਣੇ ਹੋ।

ਗੁਰਦੀਪ ਸਿੰਘ ਤੇ ਸਾਥੀ (ਡੇਰਾ ਬਾਬਾ ਨਾਨਕ)

## ਇਸ ਮਸਲੇ ਨੂੰ ਅੱਧ-ਵਾਟੇ ਨਾ ਛੱਡ ਦੇਣਾ

'ਕਾਂਗਿਆਰੀ' ਕਾਲਮ ਸ਼ੁਰੂ ਕਰਨ ਲਈ ਵਧਾਈਆਂ! ਪੰਜਾਬੀ ਅਖ਼ਬਾਰਾਂ ਵਿੱਚ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਸਚਮੁੱਚ ਹੀ ਬਹੁਤ ਰੜਕਦੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਹਿੰਦੀ ਦੇ ਵਧੇਰੇ ਸ਼ਬਦ ਸਾਹਿਤਕ ਸਰਗਰਮੀਆਂ ਨਾਲ ਸਬੰਧਤ ਖ਼ਬਰਾਂ ਵਿੱਚ ਦੇਖਣ ਨੂੰ ਮਿਲਦੇ ਹਨ "ਮੰਚਨ", 'ਆਯੋਜਨ' 'ਵਿਮੋਚਨ' 'ਸਮਾਰੋਹ' ਪੁਰਸਕਾਰ ਤੇ 'ਪ੍ਰਸਤੁਤ' ਤਾਂ ਸਾਹਿਤ ਸਭਾਵਾਂ ਦੀ ਆਮ ਬੋਲੀ ਬਣ ਕੇ ਰਹਿ ਗਏ ਹਨ। ਅਕਸਰ ਹੀ ਇਨ੍ਹਾਂ ਪੰਜਾਬੀ ਅਖ਼ਬਾਰਾਂ ਵਿੱਚ ਇਹ ਵਾਕ ਪੜ੍ਹਨ ਨੂੰ ਮਿਲਦੇ ਹਨ ਕਿ ਫਲਾਣੀ ਜਗ੍ਹਾ ਨਾਟਕਾਂ ਦਾ 'ਮੰਚਨ' ਕੀਤਾ ਗਿਆ ਅਤੇ ਸਟੇਜ ਦਾ 'ਸੰਚਾਲਨ' ਫਲਾਣੇ ਵਿਅਕਤੀ ਨੇ ਕੀਤਾ ਜਾਂ ਫਲਾਣੇ ਕਵੀ ਨੇ ਕਵਿਤਾ 'ਪ੍ਰਸਤੁਤ ਕੀਤੀ।

ਭਲਾ ਨਾਟਕਾਂ ਦੇ 'ਮੰਚਨ' ਦੀ ਜਗ੍ਹਾ ਇਹ ਕਿਉਂ ਨਹੀਂ ਕਿਹਾ ਜਾ ਸਕਦਾ ਕਿ ਨਾਟਕ ਖੇਡੇ ਗਏ ਜਾਂ ਪੇਸ਼ ਕੀਤੇ ਗਏ? ਅਤੇ ਸਟੇਜ ਦੇ ਸੰਚਾਲਕ ਦੀ ਜਗ੍ਹਾ ਇਹ ਕਿਉਂ ਨਹੀਂ ਕਿਹਾ ਜਾਂਦਾ ਕਿ ਫਲਾਣੇ ਬੰਦੇ ਨੇ ਸਟੇਜ ਦੀ ਸੇਵਾ ਨਿਭਾਈ? ਕਿੰਨੇ ਪਿਆਰੇ ਪੰਜਾਬੀ ਸ਼ਬਦਾਂ ਨੂੰ ਛੱਡ ਕੇ ਖਾਹਮਖਾਹ ਸੰਸਕ੍ਰਿਤ ਤੇ ਹਿੰਦੀ ਦੇ ਸ਼ਬਦਾਂ ਦਾ ਫਾਹਾ ਗਲ 'ਚ ਪਾਇਆ ਜਾ ਰਿਹਾ ਹੈ। ਜੇਕਰ ਪੰਜਾਬੀ ਅਖ਼ਬਾਰਾਂ ਪੰਜਾਬੀ ਦੀ ਜੱਖਣਾ ਪੁੱਟਣੋਂ ਬਾਜ਼ ਨਾ ਆਈਆਂ ਤਾਂ ਤੁਹਾਨੂੰ ਕੋਈ ਵਧੇਰੇ ਕਾਰਗਰ ਉਪਾਅ ਸੋਚਣਾ ਚਾਹੀਦਾ ਹੈ। ਪੰਥਕ ਕਮੇਟੀ ਵਾਂਗੂ ਇਸ ਮਸਲੇ ਨੂੰ ਅੱਧਵਾਟੇ ਨਾ ਛੱਡ ਦੇਣਾ। ਅੱਧਾ ਇਲਾਜ ਰੋਗ ਨੂੰ ਹੋਰ ਵਧਾ ਦਿੰਦਾ ਹੈ।

*ਨਿਰੰਜਣ ਸਿੰਘ (ਰਾਜਪੁਰਾ)*

## ਇੱਕ ਸੌ ਇੱਕ ਕਾਂਗਿਆਰੀ ਸ਼ਬਦ

ਪੰਜਾਬੀ ਟ੍ਰਿਬਿਊਨ ਵਿਚ ਵਰਤੇ ਜਾ ਰਹੇ ਸੰਸਕ੍ਰਿਤ ਤੇ ਹਿੰਦੀ ਦੇ ਲਫ਼ਜ਼ਾਂ ਦਾ ਇੱਕ ਨਮੂਨਾ ਭੇਜ ਰਿਹਾ ਹਾਂ। ਇਹ ਇੱਕ ਸੌ ਇੱਕ ਕਾਂਗਿਆਰੀ ਸ਼ਬਦ ਹਨ। ਮੈਂ 5 ਦਿਨ ਦੀਆਂ ਅਖ਼ਬਾਰਾਂ 'ਚੋਂ ਕੱਢੇ ਹਨ। ਪਰਿਆਵਰਨ, ਆਕਰਸ਼ਨ, ਆਵਰਣ, ਸਥਲ, ਪ੍ਰਸਤੁਤ, ਵਿਪਰੀਤ ਅਧਿਆਪਕ, ਕਾਰਜ ਪ੍ਰਗਤੀਸ਼ੀਲ, ਪ੍ਰਤੀਗਾਮੀ, ਸੁਵਿਧਾ, ਅਵਧੀ, ਵਧੀਕ, ਉਪਲਬਧ ਸੰਪਤੀ, ਨਿਰਦੇਸ਼ਕ ਆਸ਼ੀਰਵਾਦ, ਸੰਸਥਾਮਕ, ਪ੍ਰਸਥਿਤੀਆਂ ਸ਼੍ਰੇਣੀ, ਵਿਸਤ੍ਰਿਤ, ਸ਼ਿਸ਼, ਪ੍ਰਤੀਸ਼ਤਤਾ, ਅਧਿਕਤਮ, ਪ੍ਰਗਤੀ, ਅਧਿਸੂਚਨਾਵਾਂ, ਸ੍ਵੈ ਰਚਿਤ ਨਾਟਕਾਂ ਦਾ ਮੰਚਨ, ਸੰਮਿਸ਼ਰਣ, ਵਿਆਪਤ, ਵਿਸ਼ੁਧ, ਆਕ੍ਰਿਤੀਆਂ, ਕਲਾ-ਪ੍ਰੇਮੀ, ਸੰਕਲਿਤ, ਅਵਸ਼ੇਸ਼, ਸੰਮਿਲਤ, ਅਸ਼ੱਕ, ਆਂਤਰਿਕ, ਸੰਦਰਭ ਪ੍ਰਦਰਸ਼ਿਤ, ਯੁਵਕ, ਅੰਕਣ, ਅਨੁਯਾਈ, ਵੰਸ਼ਗਤ, ਪਰਵਰਤੀ, ਵਿਘਟਨ, ਸ਼ਾਸ਼ਨ ਕਾਲ, ਨਿਰਮਿਤ, ਨਿਰਦੇਸ਼ਿਤ, ਨਿਯਮਿਤ, ਜਯੋਤ, ਆਯੋਜਨ, ਆਕਰਸ਼ਤ, ਆਦੇਸ਼, ਦਿਵਸ, ਰਾਸ਼ੀ, ਤ੍ਰਿਪਤ, ਪ੍ਰਾਂਤਕ, ਸਿੰਚਾਈ, ਵਚਨਬੱਧਤਾ, ਏਕਾਧਿਕਾਰ ਅਪ੍ਰਸੰਨਤਾ ਸੰਵਾਦ, ਸੰਚਾਲਕ ਪ੍ਰਕਿਰਤੀ ਚਿਤਰਣ, ਸਵੈ-ਚਲਿਤ, ਗੀਤ ਗਾਇਨ, ਅਤਿਥੀ, ਗੱਠਾ, ਨਿਰੀਖਣ, ਅੰਤਰਗਤ, ਜਯੋਤੀ ਜਲਾਈ, ਵਧੀਕ ਡੀ.ਸੀ., ਸਿਖਿਅਤ, ਪ੍ਰੋਤਸਾਹਨ, ਪੁਰਸਕਾਰ, ਵਾਹਨ, ਮਹਿਲਾ, ਪ੍ਰਦਾਨ, ਗਤੀਵਿਧੀਆਂ, ਸਮਰਥਕ, ਸਮਾਧਾਨ, ਕਾਰਜਕਰਤਾਵਾਂ, ਵਿਕਲਾਂਗ, ਉਗਰਵਾਦ, ਆਤੰਕ, ਸ਼ਾਸਕ, ਪ੍ਰਾ-ਅਧਿਆਪਕ, ਪਰਿਆਇ ਉਦਭਵ, ਸਵਰੂਪ, ਵਿਸ਼ਿਸ਼ਟ, ਪ੍ਰਚਲਨ, ਚਿਤਰਾਂਕਣ, ਅਭਿਵਿਅੰਜਤ, ਉਤਕ੍ਰਿਸ਼ਟ, ਸਮਾਵੇਸ਼, ਰੂਪਾਂਤਰਿਤ, ਆਕ੍ਰਿਤ, ਮੁਦਰਾਵਾਂ, ਕਿਸ਼ੋਰ, ਪ੍ਰਤਿਸ਼ਠਾ, ਜੈਅੰਤੀ।

ਕੁਲਵੰਤ ਸਿੰਘ, ਭੀਡਵਾਲਾ

## ਪ੍ਰਿੰਸੀਪਲ ਤੇਜਾ ਸਿੰਘਵਾਲਾ ਅਸੂਲ ਅਪਨਾਓ

ਪ੍ਰਸਿਧ ਪੰਜਾਬੀ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ 1953 ਵਿੱਚ ਇਕ ਕਿਤਾਬ ਲਿਖੀ ਸੀ 'ਪੰਜਾਬੀ ਕਿਵੇਂ ਲਿਖੀਏ ?'' 1957 ਵਿੱਚ ਇਹ ਕਿਤਾਬ ਦੁਬਾਰਾ ਛਾਪੀ ਗਈ। 1969 ਵਿੱਚ ਸੋਹਨ ਸਿੰਘ ਜੋਸ਼ ਹੁਰਾਂ ''ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ '' ਨਾਂ ਦੀ ਇਕ ਹੋਰ ਕਿਤਾਬ ਛਾਪੀ। ਅੱਜ ਕੱਲ ਇਹ ਕਿਤਾਬਾਂ ਦੁਕਾਨਾਂ ਤੋਂ ਘੱਟ ਹੀ ਮਿਲਦੀਆਂ ਹਨ। ਜੋਸ਼ ਹੋਰਾਂ ਦੀ ਕਿਤਾਬ ਸ਼ਾਇਦ ਪੰਜਾਬ ਬੁਕ ਸੈਂਟਰ ਦੀ ਕਿਸੇ ਦੁਕਾਨ ਤੋਂ ਮਿਲ ਜਾਂਦੀ ਹੋਵੇ। ਪਰ ਲਾਇਬਰੇਰੀਆਂ ਵਿੱਚ ਇਹ ਕਿਤਾਬਾਂ ਜਰੂਰ ਮਿਲ ਜਾਂਦੀਆਂ ਹਨ। ਮੈਨੂੰ ਉਮੀਦ ਹੈ ਕਿ ਇਹ ਦੋਵੇ ਕਿਤਾਬ 'ਅਜੀਤ' ਅਤੇ 'ਪੰਜਾਬੀ ਟ੍ਰਿਬਿਊਨ' ਦੀਆਂ ਆਪਣੀਆਂ ਲਾਇਬਰੇਰੀਆਂ ਵਿੱਚ ਜਰੂਰ ਹੋਣਗੀਆਂ। ਜੇ ਇਹਨਾਂ ਅਖ਼ਬਾਰਾਂ ਦੇ ਸੰਪਾਦਕ ਅਤੇ ਸਟਾਫ ਇਹਨਾਂ ਦੋਹਾਂ ਕਿਤਾਬ ਨੂੰ ਗਹੁ ਨਾਲ ਪੜ੍ਹਕੇ ਇਹਨਾਂ ਵਿੱਚ ਪੰਜਾਬੀ ਲਿਖਣ ਲਈ ਦੱਸੇ ਗਏ ਅਸੂਲਾਂ ਨੂੰ ਅਪਣਾ ਲੈਣ ਤਾਂ ਮੈਂ ਸਮਝਦਾ ਹਾਂ ਕਿ ਇਹਨਾਂ ਅਖ਼ਬਾਰਾ ਦੀ ਪੰਜਾਬੀ ਵਿੱਚ ਕਾਫ਼ੀ ਸੁਧਾਰ ਹੋ ਸਕਦਾ ਹੈ। ਅਖ਼ਬਾਰਾਂ ਵਾਲਿਆਂ ਨਾਲੋਂ ਪੰਜਾਬੀ ਪਰੇਮੀਆਂ ਨੂੰ ਇਹਨਾਂ ਕਿਤਾਬਾਂ ਨੂੰ ਪੜ੍ਹਨ ਦੀ ਹੋਰ ਵੀ ਵੱਧ ਲੋੜ ਹੈ। ਇਹਨਾਂ ਕਿਤਾਬਾਂ ਅੰਦਰ ਦਰਜ ਸਮਝ ਨਾਲ ਲੈਸ ਹੋ ਕੇ ਅਤੇ ਭਾਸ਼ਾ-ਵਿਗਿਆਨ ਦੇ ਖੇਤਰ ਅੰਦਰ ਬਾਅਦ ਵਿੱਚ ਹੋਈ ਹੋਰ ਖੋਜ ਨੂੰ ਪੜਤਾਲ ਕੇ ਹੀ ਉਹ ਮਾਂ-ਬੋਲੀ ਦਾ ਮੂੰਹ-ਮੱਥਾ ਵਿਗਾੜਨ ਦੀਆਂ ਕੋਸ਼ਿਸ਼ਾਂ ਦਾ ਕਾਮਯਾਬੀ ਨਾਲ ਟਾਕਰਾ ਕਰ ਸਕਦੇ ਹਨ। ਜਨਤਕ ਪੈਗਾਮ ਨੇ ਪੰਜਾਬੀ ਵਿੱਚ 'ਕਾਂਗਿਆਰੀ' ਦੀ ਗੱਲ ਸ਼ੁਰੂ ਕੀਤੀ ਹੈ। ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਵੀ ਇਸ ਮਸਲੇ ਨੂੰ ਵਿਚਾਰਿਆ ਸੀ। ਉਹ ਲਿਖਦੇ ਹਨ ''ਲਿਖਣ ਵੇਲੇ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਪੰਜਾਬੀ ਨਰੋਲ ਹੋਵੇ। ਇਸ ਵਿੱਚ ਕਿਸੇ ਹੋਰ ਬੋਲੀ ਦਾ ਰਲਾ ਨਾ ਹੋਵੇ। ਜੋ ਲਫ਼ਜ਼, ਮੁਹਾਵਰੇ ਜਾਂ ਵਾਕ ਵਰਤੇ ਜਾਣ, ਉਹ ਪੰਜਾਬੀ ਦੇ ਆਪਣੇ ਹੋਣ ਅਤੇ ਉਹਨਾਂ ਦੀ ਬਣਤਰ ਤੇ ਵਰਤੋਂ ਪੰਜਾਬੀ ਦੇ ਆਪਣੇ ਨੇਮਾਂ ਅਨੁਸਾਰ ਹੋਵੇ। ਉਹ ਅੱਜ ਕੱਲ ਨਰੋਲ ਪੰਜਾਬੀ ਇਲਾਕੇ ਵਿੱਚ ਵਰਤੇ ਜਾਂਦੇ ਹੋਣ...ਆਪਣਾ ਲਿਖਤੀ ਮੁਹਾਵਰਾ ਨਰੋਲ ਬਣਾਉਣ ਲਈ ਪੰਜਾਬੀ ਦੇ ਪਰਮਾਣੀਕ ਲਿਖਾਰੀਆਂ ਦੀਆਂ ਪਰਮਾਣੀਕ ਲਿਖਤਾਂ ਨੂੰ ਮੁੜ ਪੜ੍ਹਨਾ ਚਾਹੀਦਾ ਹੈ। ਮਰ ਖਿਆਲ ਵਿੱਚ ਪੰਜਾਬੀ ਦੇ ਪਰਮਾਣਿਕ ਲਿਖਾਰੀ ਏਹ ਹਨ। ਵਾਰਸ ਸ਼ਾਹ, ਬੁਲ੍ਹੇ ਸ਼ਾਹ, ਸ਼ਾਹ ਮੁਹੰਮਦ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ: ਸਾਹਿਬ ਸਿੰਘ, ਪ੍ਰੋ. ਮੋਹਨ ਸਿੰਘ ਭਾਈ ਵੀਰ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਭਾਈ ਜੋਧ ਸਿੰਘ, ਵਿਧਾਤਾ ਸਿੰਘ ਤੀਰ, ਜੋਸ਼ੂਆ ਫ਼ਜ਼ਲ ਦੀਨ, ਡਾਕਟਰ ਫ਼ਕੀਰ ਮੁਹੰਮਦ, ਫ਼ਰੋਜ਼ ਦੀਨ ਸ਼ਰਫ਼, ਆਈ.ਸੀ. ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਕਮਲਾ ਅਕਾਲੀ। ਜੇ ਪੂਰੇ ਸੁਚੇਤ ਹੋ ਕੇ ਆਪਣੀ ਬੋਲੀ ਉਤੇ ਪਹਿਰਾ ਨਹੀਂ ਦਿਆਂਗੇ, ਤਾਂ ਏਹਨਾਂ ਨਮੂਨੇ ਦੇ ਲਿਖਾਰੀਆਂ ਦੀ ਅਗਵਾਈ ਵੀ ਕਦੇ ਕਦੇ ਰਾਹੋਂ-ਕੁਰਾਹੇ ਪਾ ਦਏਗੀ, ਕਿਉਂਕਿ ਹੋ ਸਕਦਾ ਹੈ ਕਿ ਏਹ ਵੀ ਆਪਣੀਆਂ ਲਿਖਤਾਂ ਵਿੱਚ ਕਦੀ ਕਦੀ ਛੇਤੀ ਵਿੱਚ ਨਰੋਲ ਪੰਜਾਬੀ ਨੂੰ ਛੱਡ ਕ ਗੈਰ-ਪੰਜਾਬੀ ਸ਼ਬਦ ਜਾ ਮਹਾਵਰੇ ਵਰਤ ਜਾਣ। ਕੋਈ ਬੋਲੀ ਆਪਣੇ ਆਪ ਵਿੱਚ ਪੂਰੀ ਨਹੀਂ ਹੁੰਦੀ। ਹਰ ਇਕ ਨੂੰ ਗੁਆਂਢ ਦੀਆਂ ਬੋਲੀਆਂ ਤੋਂ ਕੁਝ ਨ ਕੁਝ ਉਧਾਰ ਲੈਣਾ ਪੈਂਦਾ ਹੈ। ਸਮੇਂ ਦੀਆਂ ਲੋੜਾ ਅਨੁਸਾਰ ਨਵੀਆਂ ਨਵੀਆਂ ਲੋੜਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ...ਸੰਸਕ੍ਰਿਤ ਜਾਂ ਫਾਰਸੀ ਦੇ ਸ਼ਬਦ ਬਾਹਰੋਂ ਕੇਵਲ ਉਦੋਂ ਲੈਂਦੇ ਹਨ ਜਦੋਂ ਆਪਣੇ ਘਰੋਂ ਨਾ ਮਿਲਦੇ ਹੋਣ ਜਾਂ ਨਾ ਬਣ ਸਕਦੇ ਹੋਣ। ਜੇ ਪਾਣੀ, ਅੱਗ, ਪੈਰ, ਹੱਥ, ਮੂੰਹ ਆਦਿ ਸ਼ਬਦ ਸਾਡੇ ਪਾਸ ਹਨ ਤਾਂ ਫਿਰ ਜਲ, ਅਗਨੀ, ਪਗ, ਹਸਤ, ਮੁਖ ਆਦਿ ਦੇ ਉਧਾਰ ਲੈਣ ਦੀ ਕੀ ਲੋੜ ਹੈ ?'' ਪੰਜਾਬੀ ਦੀਆਂ ਦੋਵੇਂ ਮੋਹਰੀ ਅਖ਼ਬਾਰਾਂ ਪ੍ਰਿੰਸੀਪਲ ਸਾਹਿਬ ਦੀ ਇਸ ਸਲਾਹ ਦੇ ਉਲਟ ਚੱਲ ਰਹੀਆ ਹਨ। ਇਹ ਪੰਜਾਬੀ ਦੇ ਚੰਗੇ-ਭਲੇ ਲਫਜ਼ਾਂ ਜਾਂ ਪੂਰੀ ਤਰ੍ਹਾਂ ਰਚ-ਮਿਚ ਚੁਕੇ ਅਰਬੀ, ਫਾਰਸੀ ਅਤੇ ਅੰਗਰੇਜ਼ੀ ਦੇ ਲਫਜ਼ਾਂ ਦੀ ਥਾ ਹਿੰਦੀ ਅਤੇ ਸੰਸਕ੍ਰਿਤ ਦੇ ਲਫ਼ਜ਼ ਧੜਾ-ਧੜ ਵਰਤ ਰਹੀਆਂ ਹਨ। ਇਸ ਤਰ੍ਹਾਂ ਪੰਜਾਬੀ ਦਾ ਘਾਣ ਕਰੀ ਜਾ ਰਹੀਆਂ ਹਨ।

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਨੇ ਸੰਸਕ੍ਰਿਤ ਦੇ ਕੁਝ ਲਫ਼ਜ਼ਾਂ ਦੀ ਇਕ ਲਿਸਟ ਦਿੱਤੀ ਸੀ ਅਤੇ ਕਿਹਾ ਸੀ ਕਿ ਸਧਾਰਨ ਲੋੜਾਂ ਲਈ ਇਹਨਾਂ ਦੀ ਥਾਂ ਘਰੋਗੀ ਲਫ਼ਜ਼ ਹੀ ਵਰਤੇ ਜਾਣ। ਇਹਨਾਂ ਸੰਸਕ੍ਰਿਤ ਲਫ਼ਜ਼ਾਂ ਵਿੱਚ ਕੁਝ ਹੇਠਾਂ ਦਿੱਤੇ ਜਾ ਰਹੇ ਹਨ।

| *ਸੰਸਕ੍ਰਿਤ ਦੇ ਲਫ਼ਜ਼* | *ਵਰਤੇ ਜਾਣ ਵਾਲੇ ਲਫ਼ਜ਼* |
|---|---|
| ਵਰਸ਼ | ਵਰ੍ਹਾ |
| ਨਿਮੰਤ੍ਰਣ | ਨੇਉਂਦਾ, ਸੱਦਾ |
| ਪਰਿਣਾਮ | ਸਿੱਟਾ, ਨਤੀਜਾ |
| ਸਾਹਸ | ਹੀਆ, ਹੌਸਲਾ, ਦਲੇਰੀ |
| ਮ੍ਰਿਤੂ | ਮੌਤ |
| ਨ੍ਰਿਤਯ | ਨਾਚ |
| ਪਰਿਚਯ | ਵਾਕਫੀ,ਜਾਣ-ਪਛਾਣ |
| ਯਾਤ੍ਰਾ | ਜਾਤਰਾ, ਸਫਰ |
| ਯਾਤਰੂ | ਮੁਸਾਫਰ, ਰਾਹੀ |
| ਪ੍ਰਯੋਗ | ਵਰਤੋਂ |
| ਵਿਸਤਾਰ | ਵਿਸਥਾਰ |
| ਆਵਸ਼ਯਕ | ਜਰੂਰੀ |
| ਦਸ਼ਾ | ਹਾਲਤ |
| ਨਾਮ | ਨਾਂ |
| ਦੇਸ਼ | ਦੇਸ |
| ਪ੍ਰਦੇਸ਼ ਬਿਗਾਨਾ) ਦੇਸ, ਇਲਾਕੇ | ਪਰਦੇਸ (ਪਰਾਇਆ ਜੋ ਜਾਂ ਪ੍ਰਾਂਤ ਲਈ 'ਪ੍ਰਦੇਸ' ਵਰਤਣਾ ਗਲਤ ਹੈ ) |
| ਵਿਦੇਸ਼ੀ | ਬਦੇਸੀ |
| ਪ੍ਰਦਾਨ | 'ਪ੍ਰਦਾਨ ਕਰਨਾ' ਦੀ ਥਾਂ 'ਦੇਣਾ' ਠੀਕ ਹੈ। |
| ਪ੍ਰਧਾਨ | ਪਰਧਾਨ |
| ਸੋਂਦਰਯ | ਸੁਹਜ |
| ਪਸ਼ੂ | ਪਸੂ |
| ਪਰਿਵਾਰ | ਪਰਵਾਰ |
| ਦੈਨਿਕ | ਰੋਜ਼ਾਨਾ |
| ਵਾਯੂ | ਹਵਾ |
| ਸ਼ੋਕ | ਸੋਗ |
| ਰਿਣ | ਕਰਜ |
| ਹਸਤਾਖਰ | ਸਹੀ, ਦਸਤਖਤ |
| ਦਿਵਸ | ਦਿਹੁੰ, ਦਿਨ |
| ਕ੍ਰਿਸ਼ੀ | ਖੇਤੀ |

ਪ੍ਰਿੰਸੀਪਲ ਸਾਹਿਬ ਵੱਲੋਂ ਦਿੱਤੀ ਗਈ ਲਿਸਟ ਕਾਫ਼ੀ ਲੰਮੀ ਹੈ। ਇਥੇ ਕੁਝ ਕੁ ਲਫ਼ਜ਼ ਹੀ ਦਿੱਤੇ ਜਾ ਰਹੇ ਹਨ। ਇਹ ਸਾਰੇ ਲਫ਼ਜ਼ ਇਸ ਮਹੀਨੇ ਦੀ ਅਜੀਤ ਅਤੇ ਪੰਜਾਬੀ ਟ੍ਰਿਬਿਊਨ ਵਿੱਚ ਵਰਤੇ ਗਏ ਹਨ। ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਜਦੋਂ ਲਿਸਟ ਦਿੱਤੀ ਸੀ ਉਦੋਂ ਪੰਜਾਬੀ ਵਿੱਚ ਹਿੰਦੀ ਅਤੇ ਸੰਸਕ੍ਰਿਤ ਦਾ ਰਲਾ ਪਾਉਣ ਦੀ ਲਹਿਰ ਅਜੇ ਕਾਫੀ ਕਮਜੋਰ ਸੀ ਅੱਜ ਜਦੋਂ ਪੰਜਾਬੀ ਅਖ਼ਬਾਰਾ, ਰੇਡੀਓ ਟੈਲੀਵੀਯਨ ਹਿੰਦੀ ਤੇ ਪੰਜਾਬੀ ਦੇ ਸ਼ਬਦ ਰਲਾਉਣ ਦਾ ਹੜ੍ਹ ਜਿਹਾ ਆ ਗਿਆ ਹੈ 'ਤੇ ਅੱਜ ਉਹਨਾਂ ਨੂੰ ਇੱਕ ਪੂਰੀ ਡਿਕਸ਼ਨਰੀ ਤਿਆਰ ਕਰਨੀ ਪੈਂਦੀ।

ਅਖੀਰ ਵਿੱਚ ਮੈਂ ਸਰਦਾਰ ਬਰਜਿੰਦਰ ਸਿੰਘ ਹਮਦਰਦ ਅਤੇ ਸ: ਹਰਭਜਨ ਸਿੰਘ ਹਲਵਾਰਵੀ ਨੂੰ ਨਿਮਰਤਾ ਸਹਿਤ ਅਪੀਲ ਕਰਦਾ ਹਾਂ ਕਿ ਪ੍ਰਿੰਸੀਪਲ ਤੇਜਾ ਸਿੰਘ ਵਾਲੇ ਇਸ ਅਸੂਲ ਨੂੰ ਆਪੋ ਆਪਣੀ ਅਖਬਾਰ ਵਿੱਚ ਸਖ਼ਤੀ ਨਾਲ ਲਾਗੂ ਕਰਵਾਉਣ। ਇਸ ਨਾਲ ਪੰਜਾਬੀ ਦਾ ਬਹੁਤ ਭਲਾ ਹੋਵੇਗਾ ਤੇ ਤੁਹਾਡਾ ਜਸ-ਵਧੇਗਾ।

ਬਚਨ, ਸਿੰਘ ਪੱਟੀ

ਮਾਝੇ ਦਾ ਇੱਕ ਸਰਵੇਖਣ

# ਕੀ ਖਾੜਕੂਆਂ ਨੂੰ ਭਰਤੀ ਮਿਲ ਰਹੀ ਹੈ ?

ਅਸ਼ੋਕ ਜਫਰ

ਜੂਨ 1984 ਵਿੱਚ ਭਾਰਤੀ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ 'ਤੇ ਕੀਤੇ ਗਏ ਫੌਜੀ ਹਮਲੇ ਦੇ ਸਮੇਂ ਤੋਂ ਖਾੜਕੂਆਂ ਤੇ ਪੁਲਸ ਵਿਚਕਾਰ ਲੜਾਈ ਕਈ ਕਰਵਟਾਂ ਲੈਂਦੀ ਆ ਰਹੀ ਹੈ। ਕਈ ਵਾਰ ਤਾਂ ਇਸ ਤਰ੍ਹਾਂ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਪੰਜਾਬ 'ਤੇ ਤਾਂ ਰਾਜ ਹੀ ਖਾੜਕੂਆਂ ਦਾ ਚੱਲ ਰਿਹਾ ਹੈ ਭਾਰਤ ਸਰਕਾਰ ਤਾਂ ਰਸਮੀ ਬਣਕੇ ਰਹਿ ਗਈ ਹੈ। ਇਹ ਹਾਲਤ ਵਿਸ਼ੇਸ਼ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਪੱਟੀ, ਤਰਨਤਾਰਨ ਬਾਬਾ ਬਕਾਲਾ ਤਹਿਸੀਲਾਂ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੀ ਸਮੁੱਚੀ ਜ਼ੀਰਾ ਤਹਿਸੀਲ ਦੀ ਹੈ। ਇਨ੍ਹਾਂ ਕਸਬਿਆਂ ਦੇ ਪੇਂਡੂ ਖੇਤਰਾਂ ਵਿੱਚ ਜਾਣ 'ਤੇ ਖਾੜਕੂ ਸੱਤਾ ਦੇ ਨੈਣ-ਨਕਸ਼ ਸਾਫ ਦੇਖੇ ਜਾ ਸਕਦੇ ਹਨ। ਇੱਥੋਂ ਦੇ ਵਸਨੀਕਾਂ ਨਾਲ ਗੱਲਬਾਤ ਕਰਕੇ ਖੋਜ ਪੜਤਾਲ ਕਰਨ 'ਤੇ ਇਹ ਸੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਅਤੇ ਇਸ ਨੂੰ ਪ੍ਰਵਾਨ ਕਰ ਲੈਣ ਵਿੱਚ ਕੋਈ ਝਿਜਕ ਵੀ ਨਹੀਂ ਹੋਣੀ ਚਾਹੀਦੀ ਕਿ ਖਾੜਕੂਆਂ ਵਲੋਂ ਪੈਦਾ ਕੀਤੀ ਜਾ ਰਹੀ ਮੁਕਾਬਲੇ ਦੀ ਸੱਤਾ ਵਿੱਚ ਮੁੱਖ ਭੂਮਿਕਾ ਦਹਿਸ਼ਤ ਦੀ ਹੈ ਅਤੇ ਹਮਦਰਦੀ ਵਾਲਾ ਪੱਖ ਦੂਸਰੇ ਨੰਬਰ 'ਤੇ ਚੱਲ ਰਿਹਾ ਹੈ। ਜਦੋਂ ਕਿ ਹੋਣਾ ਇਸ ਤੋਂ ਉਲਟ ਚਾਹੀਦਾ ਹੈ। ਭਾਵੇਂ ਲੋਕ ਆਪ ਤਾਂ ਇਸ ਤੱਥ ਦੀ ਗੱਲ ਨਹੀਂ ਕਰਦੇ ਪਰ ਮਾਮੂਲੀ ਜਿਹੀ ਦੂਰ ਅੰਦੇਸ਼ੀ ਨਾਲ ਹੀ ਕਿਆਸ ਕੀਤਾ ਜਾ ਸਕਦਾ ਹੈ ਕਿ ਖਾੜਕੂਆਂ ਪ੍ਰਤੀ ਜਿਹੀ ਹਮਦਰਦੀ ਪੈਦਾ ਹੋ ਰਹੀ ਹੈ ਉਸ ਵਿੱਚ ਅਹਿਮ ਰੋਲ ਖਾੜਕੂਆਂ ਵਲੋਂ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਕੁਰਬਾਨੀਆਂ ਦਾ ਹੈ। ਸਿਆਸੀ ਹਮਦਰਦੀ ਦੇ ਨੈਣ-ਨਕਸ਼ ਅਜੇ ਉੱਭਰਨੇ ਬਾਕੀ ਹਨ।

ਜਦੋਂ ਖਾੜਕੂ ਕਿਸੇ ਸਿਆਸੀ ਮਹੱਤਤਾ ਵਾਲੇ ਨੁਕਤੇ ਨੂੰ ਆਪਣਾ ਚੋਣ ਨਿਸ਼ਾਨਾ ਬਣਾਉਂਦੇ ਹਨ ਜਾਂ ਫਿਰ ਸੁਰੱਖਿਆ ਦਸਤਿਆਂ ਦਾ ਭਾਰੀ ਨੁਕਸਾਨ ਕਰ ਜਾਂਦੇ ਹਨ ਤਾਂ ਕੁੱਝ ਸਮੇਂ ਲਈ ਖਾੜਕੂਆਂ ਦਾ ਹੀ ਬੋਲਬਾਲਾ ਨਜ਼ਰ ਆਉਂਦਾ ਹੈ। ਮਿਸਾਲ ਦੇ ਤੌਰ 'ਤੇ ਅਕਤੂਬਰ ਮਹੀਨੇ ਦੇ ਸ਼ੁਰੂ ਤੋਂ ਹੀ ਖਾੜਕੂ ਪੁਲਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਸੁਰੱਖਿਆ ਦਸਤਿਆਂ ਦਾ ਮਨੋਬਲ ਡੇਗ ਕੇ ਭਾਰੂ ਚਲੇ ਆ ਰਹੇ ਹਨ ਪਰ ਜੇ ਸਤੰਬਰ ਮਹੀਨੇ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਸਾਰੇ ਮਹੀਨੇ ਦੌਰਾਨ ਪੁਲਸ ਖਾੜਕੂਆਂ 'ਤੇ ਭਾਰੂ ਰਹੀ। ਪੁਲਸ ਨੇ ਇਕ ਮਹੀਨੇ ਦੌਰਾਨ ਭਾਈ ਸਤਨਾਮ ਸਿੰਘ ਚੂਸਲੇਵੜ ਭਾਈ ਗੁਰਮੀਤ ਸਿੰਘ ਘਰਿਆਲੀ, ਭਾਈ ਸੀਤਲ ਸਿੰਘ ਮੱਤੇਵਾਲ ਵਰਗੇ ਕਈ ਚੋਟੀ ਦੇ ਖਾੜਕੂਆਂ ਨੂੰ ਹਲਾਕ ਕਰ ਦਿੱਤਾ ਸੀ। ਪੁਲਸ ਦੇ ਖਾੜਕੂਆਂ 'ਤੇ ਬਣੇ ਇਸ ਦਬਾਅ ਨੂੰ ਮੁੱਖ ਰੱਖ ਕੇ ਹੀ ਅੰਮ੍ਰਿਤਸਰੋਂ ਪੰਜਾਬ ਪੁਲਸ ਦੇ ਇੱਕ ਬੁਲਾਰੇ ਨੇ ਬਿਆਨ ਜਾਰੀ ਕਰ ਦਿੱਤਾ ਕਿ ਖਾੜਕੂਆਂ ਨੂੰ ਨਵੀਂ ਭਰਤੀ ਮਿਲਣੀ ਬੰਦ ਹੋ ਗਈ ਹੈ। ਅਜਿਹਾ ਹੋਣ ਦਾ ਮੁੱਖ ਕਾਰਨ ਖਾੜਕੂਆਂ ਤੇ ਖਾਸ ਕਰਕੇ ਚੋਟੀ ਦੇ ਖਾੜਕੂਆਂ ਦਾ ਮਾਰਿਆ ਜਾਣਾ ਹੈ। ਪੁਲਸ ਦੇ ਦਬਾਅ ਨੂੰ ਮੁੱਖ ਰੱਖ ਕੇ ਪ੍ਰਮੁੱਖ ਖਾੜਕੂ ਹੇਠਲੇ ਕਾਡਰ ਨਾਲ ਸਿੱਧਾ ਆਪ ਤਾਲਮੇਲ ਕਰਨ ਤੋਂ ਪ੍ਰਹੇਜ਼ ਕਰ ਰਹੇ ਹਨ 'ਦੂਸਰੇ ਨੰਬਰ 'ਤੇ ਨਵੇਂ ਨੌਜਵਾਨ ਖਾੜਕੂਆਂ ਨਾਲ ਰਲਣ ਤੋਂ ਵੀ ਝਿਜਕ ਮਹਿਸੂਸ ਕਰਦੇ ਹਨ ਕਿਉਂਕਿ ਖਾੜਕੂਆਂ ਦੀ ਮੌਤ ਦਰ ਵਿੱਚ ਪਿਛਲੇ ਸਮੇਂ ਵਿੱਚ ਬਹੁਤ ਵਾਧਾ ਹੋ ਗਿਆ ਹੈ। ਇਹ ਹੈ ਪੁਲਸ ਥਿਊਰੀ ਜਿਸ ਮੁਤਾਬਕ ਉਹ ਖਾੜਕੂਆਂ ਨੂੰ ਨਵੀਂ ਭਰਤੀ ਮਿਲਣੀ ਬੰਦ ਹੋ ਗਈ ਦੱਸ ਰਹੀ ਹੈ।

ਪੁਲਸ ਦੀ ਇਸ ਥਿਊਰੀ ਦਾ ਹਕੀਕਤ ਦੇ ਨਾਲ ਕੋਈ ਸਬੰਧ ਨਜ਼ਰ ਨਹੀਂ ਆਉਂਦਾ। ਪਹਿਲਾਂ ਵੀ ਪੁਲਸ ਵਲੋਂ ਸਮੇਂ-ਸਮੇਂ 'ਤੇ ਖਾੜਕੂਆਂ 'ਤੇ ਬਣੇ ਆਪਣੇ ਦਬਾਅ ਨੂੰ ਮੁੱਖ ਰੱਖ ਕੇ ਕਈ ਬਿਆਨ ਜਾਰੀ ਕੀਤੇ ਜਾਂਦੇ ਰਹੇ ਹਨ। ਮਿਸਾਲ ਦੇ ਤੌਰ ਤੇ ਪੁਲਸ ਮੁਖੀ ਰੀਬੈਰੋ ਦੇ ਸਮੇਂ ਖਾੜਕੂਆਂ ਦੀ ਏ ਬੀ.ਸੀ. ਸੂਚੀਆਂ ਵਿੱਚ ਵੰਡ ਕੀਤੀ ਗਈ ਸੀ ਅਤੇ ਦੱਸਿਆ ਗਿਆ ਸੀ ਕਿ ਬਹੁਤ ਹੀ ਥੋੜ੍ਹੇ ਸਮੇਂ ਦੇ ਅੰਦਰ-ਅੰਦਰ ਇਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਉਸ ਸਮੇਂ ਚੋਟੀ ਦੇ ਖਾੜਕੂਆਂ ਦੀ ਗਿਣਤੀ ਉਂਗਲਾਂ ਤੇ ਦੱਸੀ ਜਾਂਦੀ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਦੀ ਗਿਣਤੀ ਵਿੱਚ ਖਾੜਕੂਆਂ ਨੂੰ ਹਲਾਕ ਕੀਤਾ ਗਿਆ ਹੈ। (ਇਹ ਸਿਲਸਿਲਾ ਹੁਣ ਸਗੋਂ ਪੂਰੇ ਜ਼ੋਰ 'ਤੇ ਹੈ) ਪਰ ਖਾੜਕੂ ਲਹਿਰ ਵਿੱਚ ਤੇਜ਼ੀ ਆਉਂਦੀ ਪ੍ਰਤੀਤ ਹੋ ਰਹੀ ਹੈ ਅਤੇ ਇਹ ਆਏ ਦਿਨ ਹਰ ਪੱਖੋਂ ਗਹਿਰੀ ਹੋ ਰਹੀ ਹੈ। ਪੁਲਸ ਮੁਖੀ ਕੇ.ਪੀ.ਐਸ ਗਿੱਲ ਆਪਣੀ ਸਖ਼ਤ ਨੀਤੀ ਲਈ ਕੇਂਦਰ ਵਿੱਚ ਮੰਨਿਆ ਹੋਇਆ ਪੁਲਸ ਅਧਿਕਾਰੀ ਹੈ। ਉਸਨੇ ਵੀ ਲੰਮਾ ਸਮਾਂ ਇਸ ਲਹਿਰ ਨੂੰ ਦਬਾਉ ਵਾਸਤੇ ਲਾਇਆ ਪਰ ਪ੍ਰਾਪਤ ਕੁੱਝ ਨਾ ਹੁੰਦਾ ਦੇਖ ਕੇ ਸਾਈਆਂ ਨੇ ਦਿੱਲੀ ਵਾਪਸ ਬੁਲਾ ਲਿਆ।

ਉੱਪਰ ਵਰਨਣ ਕੀਤੇ ਇਲਾਕਿਆਂ ਦੇ ਨੌਜਵਾਨਾਂ ਦੇ ਵਿਚਾਰ ਜਾਨਣ ਤੋਂ ਪਤਾ ਲੱਗਦਾ ਹੈ ਕਿ ਖਾੜਕੂ ਲਹਿਰ ਉਨ੍ਹਾਂ ਵਾਸਤੇ ਖਿੱਚ ਦਾ ਪੂਰਾ ਕਾਰਨ ਬਣੀ ਹੋਈ ਹੈ। ਪੁਲਸ ਪ੍ਰਤੀ ਉਹ ਇਸ ਤਰ੍ਹਾਂ ਨਫਰਤ ਪਾਲ ਰਹੇ ਹਨ ਜਿਸ ਤਰ੍ਹਾਂ ਕਿ ਕਿਸੇ ਵਿਦੇਸ਼ੀ ਹਮਲਾਵਰ ਫੌਜ ਪ੍ਰਤੀ ਪਾਲੀ ਦੀ ਹੈ। ਖਾੜਕੂਆਂ ਦਾ ਸਹਿਯੋਗ ਕਰਨ ਨੂੰ ਪੇਂਡੂ ਜਵਾਨੀ ਵਿਸ਼ੇਸ਼ ਕਰਕੇ ਜੱਟ ਸਿੱਖ ਬਰਾਦਰੀ ਬਹੁਤ ਹੀ ਮਾਣ ਵਾਲੀ ਗੱਲ ਸਮਝ ਰਹੀ ਹੈ। ਖਾੜਕੂਆਂ ਨਾਲ ਹਥਿਆਰ ਫੜਕੇ ਸੇਵਾ ਕਰਨ ਨੂੰ ਤਾਂ ਇਹ ਬਹੁਤ ਹੀ ਬਹਾਦਰੀ ਤੇ ਸੂਰਮਿਆਂ ਵਾਲਾ ਕੰਮ ਸਮਝਦੇ ਹਨ।

ਇਸ ਸਰਵੇਖਣ ਦੌਰਾਨ ਹੀ ਪਿੰਡ ਘੱਥ ਰਾਜਪੂਤਾਂ ਜਾਣਾ ਪਿਆ। ਇਹ ਪਿੰਡ ਪੱਟੀ ਦੇ ਨਜ਼ਦੀਕ ਹੈ ਅਤੇ ਪੁਲਸ ਚੌਕੀ ਕੈਰੋਂ ਅਧੀਨ ਆਉਂਦਾ ਹੈ। ਏਸੇ ਹੀ ਪਿੰਡ ਵਿੱਚ ਗੁਰਮੀਤ ਸਿੰਘ "ਘਰਿਆਲੀ" ਨੂੰ ਪੁਲਸ ਮੁਕਾਬਲੇ ਵਿੱਚ ਹਲਾਕ ਹੋਏ ਨੂੰ ਅਜੇ ਇੱਕ ਹਫਤਾ ਹੀ ਹੋਇਆ ਸੀ। ਦੋ ਅਜਿਹੇ ਨੌਜਵਾਨਾਂ ਦੇ ਵਿਚਾਰ ਜਾਨਣ ਦਾ ਮੌਕਾ ਮਿਲਿਆ ਜਿਨ੍ਹਾਂ ਦੀ ਉਮਰ ਕ੍ਰਮਵਾਰ 16 20 ਸਾਲ ਹੋਵੇਗੀ। ਉਹ ਬਹੁਤ ਹੀ ਨਿਡਰਤਾ ਨਾਲ ਕਹਿਣ ਲੱਗੇ ਕਿ ਅਸੀਂ ਤਾਂ ਸਿੰਘਾਂ ਨਾਲ ਰਲਣਾ ਹੈ। ਹੋਰ ਵੀ ਕਈ ਸਵਾਲ ਕਰਨ 'ਤੇ ਉਹ ਉੱਤਰ ਦਿੰਦੇ ਰਹੇ ਪਰ ਸਿੰਘਾਂ ਨਾਲ ਰਲਕੇ ਸੇਵਾ ਕਰਨ ਵਾਲੇ ਮੁੱਦੇ 'ਤੇ ਉਹ ਬਿਲਕੁੱਲ ਅਡੋਲ ਸਨ। ਜ਼ਿਕਰ ਕੀਤੇ ਇਲਾਕਿਆਂ ਵਿੱਚ ਖਾੜਕੂਆਂ ਦੀਆਂ ਸਰਗਰਮੀਆਂ (ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਅਖ਼ਬਾਰਾਂ ਵਿੱਚ ਛਪਦੀਆਂ ਹੀ ਨਹੀਂ ਹਨ) ਲਗਾਤਾਰ ਚੱਲ ਰਹੀਆਂ ਹਨ। ਪੇਂਡੂ ਖੇਤਰਾਂ ਅੰਦਰ ਤਾਂ ਇਹ ਸਰਗਰਮੀਆਂ ਦਿਨ ਵੇਲੇ ਵੀ ਜਾਰੀ ਰਹਿੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਇਸ ਮਹੀਨੇ ਦੇ ਸ਼ੁਰੂ ਵਿੱਚ ਹਰੀਕੇ ਥਾਣੇ ਦੇ ਚਾਰ ਵੱਖ-ਵੱਖ ਪਿੰਡਾਂ ਵਿੱਚ ਪੁਲਸ ਮੁਲਾਜ਼ਮਾਂ ਦੇ ਪਰਿਵਾਰਾਂ 'ਤੇ ਹਮਲੇ ਦਿਨ ਦੇ ਅੰਦਰ-ਬਾਹਰ ਹੋਣ ਵੇਲੇ ਹੀ ਸ਼ੁਰੂ ਹੋ ਗਏ।

ਉਪਰਲੇ ਵਿਸਥਾਰ ਤੋਂ ਸਾਬਤ ਹੁੰਦਾ ਹੈ ਕਿ ਲੋਕਾਂ ਨੇ ਖਾੜਕੂਆਂ ਨੂੰ ਪਿੱਠ ਨਹੀਂ ਦਿਖਾਈ। ਇਨ੍ਹਾਂ ਇਲਾਕਿਆਂ ਵਿੱਚ ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਖਾੜਕੂਆਂ ਨਾਲ ਜਾਣ ਵਾਸਤੇ ਉਤਾਵਲੇ ਹਨ। ਪੁਲਸ ਬੁਲਾਰੇ ਦਾ ਖਾੜਕੂਆਂ ਨੂੰ ਭਰਤੀ ਨਾ ਮਿਲਣ ਬਾਰੇ ਬਿਆਨ ਪੁਲਸ ਮੁਲਾਜ਼ਮਾਂ ਨੂੰ ਝੂਠੀ ਤਸੱਲੀ ਦੇਣ ਵਾਸਤੇ ਹੈ। ਸੁਰੱਖਿਆ ਦਸਤਿਆਂ ਦੇ ਡਿੱਗ ਰਹੇ ਹੌਸਲਿਆਂ ਨੂੰ ਠੁੰਮਣਾ ਦੇਣ ਦੀ ਅਸਫਲ ਕੋਸ਼ਿਸ਼ ਹੈ। (ਇਹ ਲੇਖ ਸਾਨੂੰ ਅਕਤੂਬਰ ਦੇ ਅਖੀਰ ਵਿੱਚ ਮਿਲਿਆ ਸੀ। ਇਸ ਲੇਖ ਦੀ ਖੋਜੀ ਢੰਗ ਦੀ ਮਹੱਤਤਾ ਕਰਕੇ ਇਸ ਲੇਖ ਨੂੰ ਫਿਰ ਵੀ ਛਾਪਿਆ ਜਾ ਰਿਹਾ ਹੈ।)

# ਪਾਠਕਾਂ ਦੀਆਂ ਚਿੱਠੀਆਂ

* ਅਕਤੂਬਰ ਅੰਕ ਵਿੱਚ ਭਾਈ ਸੀਤਲ ਸਿੰਘ ਮੱਤੇਵਾਲ ਤੇ ਉਨ੍ਹਾਂ ਦੇ ਸਾਥੀ ਵੀਰਾਂ ਦੀ ਪਿਆਰੀ ਅਤ ਨਾ ਭੁੱਲਣ ਵਾਲੀ ਸ਼ਹੀਦੀ ਬਾਰੇ ਪੜ੍ਹਕੇ ਮਾਣ ਵੀ ਹੋਇਆ ਤੇ ਦੁੱਖ ਵੀ। ਜਿਸ ਤਰ੍ਹਾਂ ਭਾਈ ਮੱਤੇਵਾਲ ਤੇ ਉਸ ਦੇ ਸਾਥੀ ਵੀਰਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਸ਼ਾਨ ਨਾਲ ਸ਼ਹੀਦੀ ਪ੍ਰਾਪਤ ਕੀਤੀ, ਉਸ ਨਾਲ ਸਾਰੀ ਸਿੱਖ ਕੌਮ ਦਾ ਸਿਰ ਉੱਚਾ ਹੋ ਗਿਆ ਹੈ। ਮੈਂ ਇਨ੍ਹਾਂ ਸ਼ਹੀਦ ਵੀਰਾਂ ਨੂੰ ਦੋਵੇਂ ਹੱਥ ਜੋੜ ਕੇ ਪ੍ਰਣਾਮ ਕਰਦਾ ਹਾਂ। ਅਖੀਰ ਵਿੱਚ ਮੈਂ ਸਾਰੇ ਖਾੜਕੂ ਵੀਰਾਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਰਲ-ਮਿਲ ਕੇ ਚੱਲਣ ਨਾਲ ਹੀ ਹਕੂਮਤ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।

*ਹਰਦਿਆਲ ਸਿੰਘ,*
*ਜੋਧਪੁਰ ਰੁਮਾਣਾ (ਬਠਿੰਡਾ)।*

* ਭਾਈ ਸੀਤਲ ਸਿੰਘ ਮੱਤੇਵਾਲ ਅਤੇ ਉਸ ਦੇ ਸਾਥੀਆਂ ਵਲੋਂ ਮੈਦਾਨੇ-ਜੰਗ ਵਿੱਚ ਦਿਖਾਏ ਗਏ ਜੌਹਰ ਬਾਰੇ ਅਕਤੂਬਰ ਅੰਕ ਵਿੱਚ ਛਪੀ ਰਿਪਰਟ ਪੜ੍ਹ ਕੇ ਪੁਰਾਤਨ ਸ਼ਹੀਦ ਬਾਬਾ ਤਾਰਾ ਸਿੰਘ ਵਾਂ ਦੀ ਯਾਦ ਆ ਗਈ। ਬਾਬਾ ਤਾਰਾ ਸਿੰਘ ਵਾਂ 22 ਸਿੰਘਾਂ ਨਾਲ ਆਪਣੇ ਡੇਰੇ 'ਤੇ ਬੈਠੇ ਸਨ। ਸੂਬਾ ਲਾਹੌਰ ਅਤੇ ਪੱਟੀ ਦੀਆਂ ਸਾਂਝੀਆਂ ਫ਼ੌਜਾਂ ਮੋਮਨ ਖਾਂ, ਤਕੀ ਬੇਗ ਅਤੇ ਜਾਫਰ ਬੇਗ ਦੀ ਕਮਾਨ ਹੇਠ ਚੜ੍ਹ ਆਈਆਂ। ਤਕੀ ਬੇਗ ਦਾ ਆਪਣਾ ਸਾਰਾ ਸਰੀਰ ਸੰਜੋਅ ਨਾਲ ਢਕਿਆ ਹੋਣ ਕਰਕੇ ਆਪਣੇ ਆਪ ਨੂੰ ਅਜਿੱਤ ਸਮਝਦਾ ਸੀ। ਜਦੋਂ ਉਸ ਨੇ ਮੂੰਹ ਖੋਲ੍ਹ ਕੇ ਲਲਕਾਰਾ ਮਾਰਿਆ ਤਾਂ ਬਾਬਾ ਤਾਰਾ ਸਿੰਘ ਵਾਂ ਨੇ ਉਸ ਦੇ ਮੂੰਹ ਵਿੱਚ ਬਰਛਾ ਮਾਰ ਦਿੱਤਾ। ਇਸ ਨਾਲ ਤਕੀ ਬੇਗ ਦੇ ਮੂੰਹ ਵਿੱਚੋਂ ਖੂਨ ਵਗਣ ਲੱਗ ਪਿਆ। ਉਹ ਪਿੱਛੇ ਹੱਟ ਗਿਆ। ਮੋਮਨ ਖਾਂ ਨੇ ਪੁੱਛਿਆ, ਖਾਨ ਜੀ ਪਾਨ ਖਾ ਰਹੇ ਹੋ। ਤਕੀ ਬੇਗ ਕਹਿਣ ਲੱਗਾ, "ਹਾਂ, ਤਾਰਾ ਸਿੰਘ ਵੰਡ ਰਿਹਾ ਹੈ, ਤੂੰ ਵੀ ਲੈ ਲਾ, ਅੱਗੇ ਹੋ ਕੇ।" ਅੱਜ ਦੇ ਹਾਕਮਾਂ ਨੂੰ ਵੀ ਆਪਣੇ ਜੰਗੀ ਸਾਜੋ-ਸਮਾਨ ਅਤੇ ਬੁਲਟ ਪਰੂਫ ਟਰੈਕਟਰਾਂ 'ਤੇ ਕੁੱਝ ਜ਼ਿਆਦਾ ਹੀ ਮਾਣ ਸੀ। ਉਹ ਸਮਝਦੇ ਸਨ ਕਿ ਸਿੰਘਾਂ ਨੂੰ ਜਿਉਂਦੇ ਹੀ ਕਮਾਦ ਵਿੱਚੋਂ ਫੜ ਲਵਾਂਗੇ। ਜਦੋਂ ਸੀ.ਆਰ.ਪੀ. ਦਾ ਕਮਾਂਡੈਂਟ ਭਾਨੂ ਪਰਤਾਪ ਸਿੰਘ ਬੁਲਟ ਪਰੂਫ ਟਰੈਕਟਰ 'ਤੇ ਸਵਾਰ ਹੋ ਕੇ ਕਮਾਦ ਦੇ ਖੇਤ ਵਿੱਚ ਵੜਿਆ ਤਾਂ ਸ਼ੇਰ ਦਿਲ ਸੀਤਲ ਸਿੰਘ ਮੱਤੇਵਾਲ ਨੇ ਟਰੈਕਟਰ ਦੀਆਂ ਉਲਟ ਬਾਜ਼ੀਆਂ ਲਵਾ ਦਿੱਤੀਆਂ। ਭਾਨੂ ਪਰਤਾਪ ਸਿੰਘ ਤਕੀਬੇਗ ਵਾਂਗ ਹੀ ਚੀਕਾਂ ਮਾਰਦਾ ਭੱਜ ਉੱਠਿਆ ਅਤੇ ਸਿੰਘ ਰਵਾਇਤਾਂ ਮੁਤਾਬਕ ਮੈਦਾਨੇ-ਜੰਗ ਵਿੱਚ ਸ਼ਹੀਦੀਆਂ ਪਾ ਗਏ।

*ਸ਼ਬੇਗ ਸਿੰਘ, ਮਨਿੰਦਰ ਸਿੰਘ ਬਾਜ, ਬਲਵਿੰਦਰ ਸਿੰਘ*
*ਜਾਪ*

* ਅਕਤੂਬਰ ਅੰਕ ਵਿੱਚ ਸ਼ਹੀਦ ਭਾਈ ਪਿਆਰਾ ਸਿੰਘ ਆਲੋਅਰਖ ਬਾਰੇ ਜੋ ਕੁੱਝ ਲਿਖਿਆ ਗਿਆ ਹੈ ਉਹ ਬਿਲਕੁੱਲ ਠੀਕ ਹੈ। ਮੈਂ ਆਪਣੇ ਭਰਾ ਜੀ ਨਾਲ ਉਨ੍ਹਾਂ ਨੂੰ ਮਿਲਿਆ ਸੀ। ਉਹ ਬਹੁਤ ਹੀ ਮਿੱਠ ਬੋਲੜੇ ਤੇ ਸਾਫ ਦਿਲ ਇਨਸਾਨ ਸਨ। ਉਹ ਬਹੁਤ ਦਿਆਲੂ ਵੀ ਸਨ। ਭਰਾ ਜੀ ਨੇ ਦੱਸਿਆ ਸੀ ਕਿ ਇੱਕ ਵਾਰ ਭਾਈ ਜੀ ਕਿਸੇ ਐਕਸ਼ਨ ਉੱਪਰ ਚਲੇ ਗਏ ਪਰ ਮੌਕੇ ਦੀ ਹਾਲਤ ਵੇਖ ਕੇ ਕਹਿਣ ਲੱਗੇ ਕਿ ਮੈਂ ਇਹ ਐਕਸਨ ਨਹੀਂ ਕਰ ਸਕਦਾ। ਇਹ ਵਿਅਕਤੀ ਤਾਂ ਜ਼ਾਲਮ ਹੈ ਪਰ ਇਸ ਦੇ ਬੱਚੇ ਛੋਟੇ ਹਨ ਅਤੇ ਬੇਕਸੂਰ ਹਨ। ਇਸ ਤੋਂ ਉਨ੍ਹਾਂ ਦੇ ਦਿਆਲੂ ਸੁਭਾਅ ਦਾ ਪਤਾ ਲੱਗਦਾ ਹੈ। ਦਾਸ ਨੇ ਉਨ੍ਹਾਂ ਨਾਲ ਕਈ ਦਿਨ ਬਿਤਾਏ ਸਨ। ਜਦ ਉਹ ਫੱਟੜ ਹਾਲਤ ਵਿੱਚ ਸਨ ਤਾਂ ਭਰਾ ਜੀ ਮੈਨੂੰ ਉਨ੍ਹਾਂ ਨਾਲ ਛੱਡ ਗਏ ਸਨ। ਭਰਾ ਜੀ ਦੀ ਸ਼ਹੀਦੀ ਤੋਂ ਬਾਅਦ ਵੀ ਮੈਨੂੰ ਉਨ੍ਹਾਂ ਨਾਲ ਮਿਲਣ ਦਾ ਮੌਕਾ ਮਿਲਿਆ ਸੀ। ਉਨ੍ਹਾਂ ਨਾਲ ਬਿਤਾਏ ਪਲ ਭੁਲਾਏ ਨਹੀਂ ਜਾ ਸਕਦੇ। ਬੀਬੀ ਭਰਪੂਰ ਕੌਰ ਜਖੇਪਲ ਬਹੁਤ ਹੀ ਸਿਦਕ ਵਾਲੀ ਸੀ। ਉਸ ਨੇ ਵੀ ਆਪਸੀ ਦ੍ਰਿੜਤਾ ਤੇ ਦਲੇਰੀ ਦਾ ਸਬੂਤ ਦਿੰਦੇ ਹੋਏ ਸ਼ਹੀਦੀ ਜਾਮ ਪੀ ਲਿਆ ਸੀ ਪਰ ਆਪ ਜੀ ਨੇ ਉਨ੍ਹਾਂ ਬਾਰੇ ਕੁੱਝ ਵੀ ਨਹੀਂ ਲਿਖਿਆ। ਆਪ ਜੀ 'ਤੇ ਇੱਕ ਹੋਰ ਗਿਲਾ ਵੀ ਹੈ ਕਿ ਆਪ ਨੇ ਇਲਾਕੇ ਦੇ ਸਾਰੇ ਹੀ ਸ਼ਹੀਦ ਸਿੰਘਾਂ ਬਾਰੇ ਕਿਉਂ ਨਹੀਂ ਕਿਹਾ, ਜਿਵੇਂ ਕਿ ਰਜਿੰਦਰਪਾਲ ਸਿੰਘ ਗੋਲੂ, ਅਵਤਾਰ ਸਿੰਘ ਤਾਰੀ ਤੂਰਬਨਜਾਰਾ, ਖੇਮ ਸਿੰਘ ਬਾਲਕ ਕਲਾਂ, ਦਿਆ ਦੀਪਕ ਸਿੰਘ ਭੈਣੀ ਆਦਿ।

*ਇੱਕ ਪਾਠਕ ਸੈਂਟਰਲ ਜੇਲ੍ਹ ਪਟਿਆਲਾ।*

* ਸਾਡਾ ਸੰਘਰਸ਼ ਕੇਂਦਰ ਸਰਕਾਰ ਦੇ ਨਾਲ ਤਕੜੇ ਹੱਥੀਂ ਸਿੱਝਣ ਦੀ ਥਾਂ ਆਪਸ ਵਿੱਚ ਉਲਝਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਦੂਸਰਿਆਂ ਨੂੰ ਕੱਟ ਕੇ ਆਪ ਪ੍ਰਮੁੱਖ ਲੀਡਰ ਬਣਨ ਦੀ ਤਮੰਨਾ ਹੈ। ਅਤੀਤ ਵਿੱਚ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਕਾਲੀਆਂ ਦੀ ਇਹ ਕਹਿਕੇ ਤੌਣ ਲਾਹਿਆ ਕਰਦੇ ਸਨ ਕਿ ਇਹ ਲੋਕ ਅਕਾਲੀ ਦਲ 'ਤੇ ਸ਼੍ਰੋਮਣੀ ਕਮੇਟੀ ਦੀ ਪ੍ਰਮੁੱਖ ਲੀਡਰੀ ਤੇ ਕੁਰਸੀ ਦੇ ਭੁੱਖੇ ਹਨ। ਇਹ ਲੋਕ ਰਲ ਮਿਲਕੇ ਕੋਈ ਪੰਥਕ ਮਸਲਾ ਹੱਲ ਨਹੀਂ ਕਰ ਸਕਦੇ। ਪਰ ਅੱਜ ਇਨ੍ਹਾਂ ਤੇ ਸਾਡੇ ਵਿੱਚ ਕੋਈ ਅੰਤਰ ਨਹੀਂ ਰਿਹਾ। ਇਸ ਦੁਨੀਆ ਵਿੱਚੋਂ ਅਲੋਪ ਹੋ ਚੁੱਕੇ ਇੱਕ ਲੀਡਰ ਨੇ ਸਮੁੱਚੇ ਗੁਰੂ ਖਾਲਸਾ ਪੰਥ ਨੂੰ ਟਿੱਚ ਸਮਝਿਆ ਸੀ। ਉਸ ਦੀ ਇਕ ਬੇਵਕੂਫੀ ਨੇ ਸਮੁੱਚੇ ਪੰਥ ਦੇ ਸਿਰ ਮੁਸੀਬਤਾਂ ਦੇ ਪਹਾੜ ਸੁੱਟ ਦਿੱਤੇ। ਅਜੋਕੇ ਕੁੱਝ ਲੀਡਰਾਂ ਦੀਆਂ ਨੀਤੀਆਂ ਵੀ ਉਸ ਸ਼ੈਤਾਨ ਵਰਗੀਆਂ ਹਨ। ਜੋ ਖਾਲਸਾ ਪੰਥ ਲਈ ਨੁਕਸਾਨਦਾਇਕ ਸਿੱਧ ਹੋਣਗੀਆਂ। ਪੁਰਾਤਨ ਸਮੇਂ ਵਿੱਚ ਗੁਰੂ ਖਾਲਸਾ ਪੰਥ ਨੂੰ ਅਬਦਾਲੀ ਤੇ ਜ਼ਕਰੀਆ ਖਾਨ ਵਰਗਿਆਂ ਤੋਂ ਮਾਰ ਪੈਂਦੀ ਸੀ ਪਰ ਅੱਜ ਪੰਥ ਨੂੰ ਕੇਂਦਰ ਸਰਕਾਰ ਤੇ ਪੰਥਕ ਲੀਡਰਾਂ ਵਲੋਂ ਦੂਵੱਲੀ ਮਾਰ ਪੈਂਦੀ ਹੈ। ਗੁਰੂ ਖਾਲਸਾ ਪੰਥ ਕਿੰਨਾ ਕੁ ਚਿਰ ਇਨ੍ਹਾਂ ਦੇ ਮੂੰਹ ਵੱਲ ਵੇਖੇਗਾ? ਜਿਸ ਪੰਜ ਨੂੰ ਅਜੋਕੇ ਲੀਡਰਾਂ ਨੇ ਆਪਸ ਵਿੱਚ ਫਸਾਇਆ ਹੋਇਆ ਹੈ, ਲੋੜ ਉਸਨੂੰ ਘਸੁੰਨ ਬਣਾ ਕੇ ਕੇਂਦਰ ਦੇ ਨੱਕ 'ਤੇ ਮਾਰਨ ਦੀ ਹੈ। ਆਪਣੇ ਆਪ ਨੂੰ ਪੰਥ ਦੇ ਵਫਾਦਾਰ ਕਹਾਉਣ ਵਾਲੇ ਲੀਡਰੋ, ਤੁਸੀਂ ਆਪਸ ਵਿੱਚ ਲੜ ਕੇ ਕਲਗੀਧਰ ਪਾਤਸ਼ਾਹ ਜੀ ਦੇ ਖੰਡੇ ਤੇ ਬਾਟੇ ਚੋਂ ਛਕੇ ਅੰਮ੍ਰਿਤ ਦਾ ਸਬੂਤ ਤਾਂ ਦਿੰਦੇ ਹੋ, ਤੇ ਹੁਣ ਪੰਥ ਦੇ ਭਲੇ ਵਾਸਤੇ, ਮਾਤਾ ਸਾਹਿਬ ਕੌਰ ਜੀ ਦੇ ਅੰਮ੍ਰਿਤ ਬਾਟੇ ਵਿੱਚ ਪਾਏ ਪਤਾਸਿਆਂ ਦੇ "ਪਿਆਰ" ਦਾ ਸਬੂਤ ਵੀ ਦਿਓ ਤੇ ਇੱਕ ਪਲੇਟ ਫਾਰਮ 'ਤੇ ਇਕੱਠੇ ਹੋ ਕੇ ਸਿੱਖ ਕੌਮ ਲਈ ਸੰਘਰਸ਼ ਕਰੋ।

*ਗਿਆਨ ਸਿੰਘ ਲੌਂਗੋਵਾਲ ਕਤਲ ਕੇਸ*

* ਮੈਂ ਸਮਝਦਾ ਹਾਂ ਕਿ ਅੱਜ ਕੱਲ੍ਹ "ਪੈਗਾਮ ਗਰੁੱਪ" ਕੁੱਝ ਵਿਸ਼ੇਸ਼ ਵਿਚਾਰਾਂ ਵਿੱਚ ਰੁਝਿਆ ਹੋਇਆ ਹੈ ਅਤੇ ਕੁੱਝ ਤਬਦੀਲੀਆਂ ਵੀ ਕੀਤੀਆਂ ਜਾ ਰਹੀਆਂ ਹਨ। ਇਹ ਤਾਂ ਗਰੁੱਪ ਦਾ ਆਪਣਾ ਕੰਮ ਹੈ। ਮੈਨੂੰ ਇਸ ਬਾਰੇ ਕੁੱਝ ਕਹਿਣ ਦਾ ਹੱਕ ਨਹੀਂ ਹੈ। ਪਰ "ਪੈਗਾਮ" ਸ਼ਬਦ ਬਾਰੇ ਮੇਰਾ ਜੋ ਵਿਚਾਰ ਹੈ, ਉਹ ਇਸ ਤਰ੍ਹਾਂ ਹੈ। "ਪੈਗਾਮ" ਸ਼ਬਦ ਆਪਣੇ ਆਪ ਵਿੱਚ ਇੱਕ ਪ੍ਰੀ-ਪੂਰਨ ਸ਼ਬਦ ਹੈ ਅਤੇ ਬਹੁਤ ਹੀ ਕਸ਼ਿਸ਼ ਭਰਪੂਰ ਹੈ। ਭਾਵ ਖਿੱਚ ਜਾਂ ਧੂਅ ਪੈਦਾ ਕਰਨ ਵਾਲਾ ਹੈ। ਸੋ ਜੇਕਰ ਇਸ ਸ਼ਬਦ ਨੂੰ ਨਾ ਛੱਡਿਆ ਜਾਵੇ ਤਾਂ ਬਹੁਤ ਅੱਛਾ ਰਹੇਗਾ। ਇਹ ਮੇਰਾ ਜਾਤੀ ਵਿਚਾਰ ਹੈ।

*ਕਰਤਾਰ ਸਿੰਘ ਦੋਸਤ (ਲੁਧਿਆਣਾ)*

* ਪਹਿਲਾਂ ਮੈਂ ਜਨਤਕ ਪੈਗਾਮ ਕਦੇ-ਕਦੇ ਪੜ੍ਹਦਾ ਸੀ। ਕਦੇ ਇਹ ਵਧੀਆ ਹੁੰਦਾ ਸੀ ਕਦ ਨਹੀਂ। ਪਰ ਹੁਣ ਜੋ ਨਵੀਂ ਦਿਸ਼ਾ ਤੁਸਾਂ ਇਹਨੂੰ ਦਿੱਤੀ ਹੈ ਉਸ ਲਈ ਤੁਸੀਂ ਵਧਾਈ ਦੇ ਹੱਕਦਾਰ ਹੋ। ਮੈਂ ਖਾੜਕੂ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਇੱਕ ਸਾਂਝਾ ਪੈਨਲ ਬਣਾ ਕੇ ਇੱਕ ਪਲੇਟਫਾਰਮ 'ਤੇ ਇਕੱਠਾ ਹੋ ਕੇ ਲੜਨ।

ਸੰਗਤ ਸਿੰਘ, ਫਾਰਮਾਸਿਸਟ, ਉੱਡਾ (ਬਠਿੰਡਾ)

* ਮੈਂ ਜਨਤਕ ਪੈਗਾਮ ਪਹਿਲੀ ਵਾਰ ਕਿਸੇ ਕੋਲੋਂ ਲੈ ਪੜ੍ਹਿਆ।

ਪੜ੍ਹ ਕੇ ਮੈਨੂੰ ਇਵੇਂ ਲੱਗਿਆ ਜਿਵੇਂ ਮੇਰੇ ਅੰਦਰ ਬੈਠਾ ਇਨਸਾਨ ਜਾਗ ਪਿਆ ਹੋਵੇ। ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ।

**ਇੰਦਰਜੀਤ ਸਿੰਘ, ਭੱਕੂ ਮਾਜਰਾ (ਰੋਪੜ)**

* ਪੈਗਾਮ ਦੀਆਂ ਲਿਖਤਾਂ ਅਤੇ ਸੰਪਾਦਕੀ ਲੇਖਾਂ 'ਚ ਆਈਆਂ ਉਸਾਰੂ ਤਬਦੀਲੀਆਂ ਨੇ ਤਾਂ ਪਾਠਕਾਂ ਨੂੰ ਕੀਲ ਹੀ ਲਿਆ ਹੈ। ਮਾਂ-ਬੋਲੀ ਪੰਜਾਬੀ ਦੀ ਦੁਰਦਸ਼ਾ ਕਰਨ ਵਾਲੇ ਅਖ਼ਬਾਰਾਂ ਉੱਤੇ ਆਪ ਵਲੋਂ ਉਂਗਲ ਧਰਨ ਦੀ ਨੀਤੀ ਵੀ ਇੱਕ ਨਰੋਆ ਕਦਮ ਹੈ। ਵੀਰ ਨਵਦੀਪ ਸਿੰਘ ਬਿੱਟੂ ਦੀ ਲਿਖਤ (ਭਾਸ਼ਣ) ''ਚੋਣਾਂ ਦੀ ਸਿਆਸਤ-ਅਜੋਕੇ ਯੁੱਗ ਦੀ ਵਿਸ਼ ਕੰਨਿਆ'' ਬਹੁਤ ਖ਼ੂਬਸੂਰਤ ਸੀ। ਵਾਟੀਆਂ-ਕਹਾਣੀਆਂ ਕਾਲਮ ਨੂੰ ਲੋਕ ਬਹੁਤ ਸਲਾਹ ਰਹੇ ਹਨ।

**ਦਵਿੰਦਰ ਸਿੰਘ ਛੀਨਾ ਐਮ.ਐਸ.ਸੀ. ਜੰਡੀ (ਲੁਧਿਆਣਾ)**

* ਅਕਤੂਬਰ ਦਾ ਮਹੀਨਾ ਪੈਗਾਮ ਪਿਛਲੇ ਸਭ ਅੰਕਾਂ ਦੇ ਮੁਕਾਬਲੇ ਵਜ਼ਨੀ ਸੀ। ਅੰਮ੍ਰਿਤਸਰ ਵਿੱਚ ਧੜਾ-ਧੜ ਵਿਕ ਗਿਆ। ਤੁਸੀਂ ਹੈਰਾਨ ਹੋਵੋਗੇ, ਮੈਂ ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਨੂੰ ਜਾਂਦੀ ਇੱਕ ਬੱਸ ਦੇ ਇੰਜਣ 'ਤੇ ਬੈਠੀ ਇੱਕ ਭੈਣ ਨੂੰ ਦੇਖਿਆ ਜਿਸ ਨੇ ਸਾਰਾ ਰਾਹ ਪੈਗਾਮ ਦੇ ਸਫ਼ਿਆਂ ਤੋਂ ਨਜ਼ਰ ਲਾਂਭੇ ਨਹੀਂ ਸੀ ਕੀਤੀ।

***ਸੁਖਦੇਵ ਸਿੰਘ ''ਦਾਤੇਵਾਸ'' ਅੰਮ੍ਰਿਤਸਰ।***

* ਨਸ਼ਿਆਂ ਬਾਰੇ ਤੁਹਾਡਾ ਸਟੈਂਡ ਦਰੁਸਤ ਹੈ। ਖਾੜਕੂ ਸਿੰਘਾਂ ਨੂੰ ਗਰੀਬ ਲੋਕਾਂ ਤੇ ਖ਼ਾਸ ਕਰਕੇ ਦਲਿਤਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਲੜਾਈ ਸਰਕਾਰ ਦੇ ਨਾਲ-ਨਾਲ ਉਨ੍ਹਾਂ ਮਲਕ-ਭਾਗੋਆਂ ਨਾਲ ਵੀ ਹੈ ਜੋ ਗਰੀਬ ਜਨਤਾ ਦੀ ਰੱਤ ਚੂਸ-ਚੂਸ ਕੇ ਧਨਾਢ ਬਣੇ ਬੈਠੇ ਹਨ। ਇਹ ਸੱਜਣ ਗਰੀਬਾਂ ਦੀ ਦਸਾਂ-ਨਹੁੰਆਂ ਦੀ ਕਮਾਈ ਨੂੰ ਹੜੱਪ ਕਰਕੇ ਇਕੱਠੇ ਕੀਤੇ ਧਨ ਵਿੱਚੋਂ ਕੁੱਝ ਪੈਸੇ ''ਧਰਮ ਅਰਥ ਕੰਮਾਂ'' 'ਤੇ ਲਾ ਕੇ ਧਰਮੀ ਹੋਣ ਦਾ ਝੂਠਾ ਸਰਟੀਫ਼ਿਕੇਟ ਲੈਂਦੇ ਫਿਰਦੇ ਹਨ। ਖਾੜਕੂ ਵੀਰਾਂ ਨੂੰ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰਨੀ ਚਾਹੀਦੀ ਜਿਸ ਨਾਲ ਆਮ ਗਰੀਬ ਜਨਤਾ ਦੇ ਮਨਾਂ ਅੰਦਰ ਭੈਅ, ਸ਼ੰਕੇ ਆਦਿ ਪੈਦਾ ਹੁੰਦੇ ਹੋਣ। ਇਸ ਦੇ ਨਾਲ ਹੀ ਸਭਿਆਚਾਰਕ ਖੇਤਰ ਅੰਦਰ ਕੰਮ ਕਰ ਰਹੇ ਕਲਾਕਾਰਾਂ ਨੂੰ ਬੇਨਤੀ ਹੈ ਕਿ ਉਨ੍ਹਾਂ ਨੂੰ ਕੋਈ ਵੀ ਅਜਿਹੀ ਹਰਕਤ ਨਹੀਂ ਕਰਨੀ ਚਾਹੀਦੀ ਜਿਸ ਨਾਲ ਪੰਜਾਬ ਦਾ ਸੋਹਣਾ ਸਭਿਆਚਾਰ ਵਿਗੜਦਾ ਹੋਵੇ। ਅਖ਼ਬਾਰਾਂ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਅਖੌਤੀ ਵਿਲੱਖਣਤਾ ਦਾ ਵਿਖਾਵਾ ਕਰਨ ਦੇ ਲਾਲਚ ਵਿੱਚ ਸਾਡੀ ਮਾਖਿਓਂ ਮਿੱਠੀ ਮਾਂ-ਬੋਲੀ ਨੂੰ ਢਾਸ ਨਾ ਪਹੁੰਚਾਉਣ।

***ਹਰਦੇਵ ਸਿੰਘ, ਮਾਣੂਕੇ (ਜਗਰਾਉਂ)***

* ਜੁਝਾਰੂ ਸਿੰਘਾਂ ਦੀ ਨਸ਼ਿਆਂ ਖਿਲਾਫ਼ ਲਹਿਰ ਨੂੰ ਪਿੰਡਾਂ 'ਚ ਬਹੁਤ ਸਹਿਯੋਗ ਮਿਲ ਰਿਹਾ ਹੈ। ਭੁੱਕੀ ਦਾ ਨਸ਼ਾ ਸ਼ਰਾਬ ਨਾਲੋਂ ਵੀ ਭੈੜਾ ਹੈ ਅਤੇ ਪਿੰਡ ਜੱਲੋਆਣਾ ਵਿੱਚ ਸ਼ਰੇਆਮ ਵਿਕ ਰਿਹਾ। ਅਸੀਂ ਸਰਪੰਚ ਸਾਹਿਬ ਨਾਲ ਗੱਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੰਚਾਇਤ ਵਾਲਿਆਂ ਨੇ ਭੁੱਕੀ ਵੇਚਣ ਵਾਲਿਆਂ ਨੂੰ ਕਈ ਵਾਰ ਰੋਕਿਆ ਹੈ ਪਰ ਉਹ ਕੰਮ ਬੰਦ ਨਹੀਂ ਕਰਦੇ। ਖਾਲਸਾ ਜੀ, ਕਿਰਪਾ ਕਰਕੇ ਇਹ ਧੰਦਾ ਬੰਦ ਕਰਵਾਇਆ ਜਾਵੇ ਤਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ।

***ਇੱਕ ਪਾਠਕ (ਘਰਾਚੋਂ)***

* ਮੇਰੀ ਬੇਨਤੀ ਹੈ ਕਿ ਰਸਾਲੇ ਦੇ ਪਹਿਲੇ ਸਫ਼ੇ 'ਤੇ ਖਾੜਕੂਆਂ ਦੇ ਸਕੈਚ ਲਾਉਣ ਦੀ ਥਾਂ ਅਸਲ ਫੋਟੋ ਲਾਇਆ ਕਰੋ।

***ਮਨਜੀਤ ਸਿੰਘ, ਲਾਇਲਪੁਰ ਖਾਲਸਾ ਕਾਲਜ, (ਜਲੰਧਰ)***

* ਮੈਂ 'ਪੈਗਾਮ' ਅਕਤੂਬਰ-91 ਪਹਿਲੀ ਵਾਰ ਪੜ੍ਹਿਆ। ਮੈਂ ਪੈਗਾਮ ਰਾਹੀਂ ਖਾੜਕੂ ਜਥੇਬੰਦੀਆਂ ਦੇ ਜੁਝਾਰੂ ਯੋਧਿਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਰਾ ਮਾਰੂ ਜੰਗ ਦਾ ਤਿਆਗ ਕਰਕੇ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ। ਭਰਾ ਮਾਰੂ ਜੰਗ ਦੀ ਨੀਤੀ ਨਾਲ ਆਮ ਜਨਤਾ ਦੇ ਹੌਸਲੇ ਢਹਿੰਦੇ ਹਨ।

***ਜਸਪਾਲ ਸਿੰਘ ਜੱਸੀ, ਅੰਮ੍ਰਿਤਸਰ***

* ਮਾਸਿਕ ਪੱਤਰ ਪੈਗਾਮ ਦਾ ਅਗਸਤ-91 ਅੰਕ ਪੜ੍ਹਿਆ। ਤੁਸਾਂ ਪੀਲੀਭੀਤ ਕਾਂਡ ਅਤੇ ਹੋਰ ਕਈ ਮਸਲਿਆਂ ਦੀ ਜਾਣਕਾਰੀ ਕਰਵਾਈ। ਇਸ ਦੇ ਲਈ ਅਸੀਂ ਤੁਹਾਡੇ ਸ਼ੁਕਰ ਗੁਜ਼ਾਰ ਹਾਂ। ਸੁਮੇਧ ਸੈਣੀ ਦੇ ਅੱਤਿਆਚਾਰ ਪੜ੍ਹਕੇ ਨੇਪਾਲ ਦੀਆਂ ਕਈ ਘਟਨਾਵਾਂ ਯਾਦ ਆ ਗਈਆਂ।

***ਰੇਸ਼ਮ ਬਹਾਦਰ ਥਾਪਾ ਮੈਂਬਰ ਸਰਬ ਭਾਰਤੀ ਨੇਪਾਲੀ ਏਕਤਾ ਸਮਾਜ।***

* ਮੌਜੂਦਾ ਪ੍ਰਸੰਗ ਵਿੱਚ ਸਿੱਖੀ ਸਿਧਾਂਤਾਂ ਨੂੰ ਪਾਸੇ ਛੱਡ ਕੇ ਕੀਤੀ ਗਈ ਕੋਈ ਵੀ ਕਾਰਵਾਈ ਖੁਦ ਜੁਝਾਰੂਆਂ ਵਲੋਂ ਖਾਲਸੇ ਦੇ ਉੱਚੇ ਆਦਰਸ਼ਾਂ 'ਤੇ ਹਮਲਾ ਹੋਵੇਗੀ।

***ਕ੍ਰਿਪਾ ਸਿੰਘ ਕਾਦਲੀਆ।***

ਜਨਤਕ ਪੈਗਾਮ ਜੇਲ੍ਹਾਂ ਵਿੱਚ ਮੁਫ਼ਤ ਭੇਜਣ ਦਾ ਫੈਸਲਾ ਕਰਕੇ ਤੁਸਾਂ ਬਹੁਤ ਵਧੀਆ ਗੱਲ ਕੀਤੀ ਹੈ। ਏਸੇ ਤਰ੍ਹਾਂ ਹੀ ਤੁਸਾਂ ਨਸ਼ਿਆਂ ਬਾਰੇ ਬਹੁਤ ਚੰਗਾ ਸਟੈਂਡ ਲਿਆ ਹੈ। ਨਸ਼ਿਆਂ ਵਿਰੁੱਧ ਸੰਘਰਸ਼ ਸਾਡੇ ਕੌਮੀ ਸੰਘਰਸ਼ ਦਾ ਇੱਕ ਜ਼ਰੂਰੀ ਅੰਗ ਹੈ। ਮੈਂ ਤੁਹਾਡੇ ਨਾਲ ਹੀ ਪੜ੍ਹਦਾ ਰਿਹਾ ਹਾਂ। ਪਤਾ ਨਹੀਂ ਤੁਹਾਨੂੰ ਯਾਦ ਹੈ ਕਿ ਨਹੀਂ। ਉਸ ਸਮੇਂ ਕੀ ਪਤਾ ਸੀ ਕਿ ਮੈਨੂੰ ਵੀ ਸੰਘਰਸ਼ ਵਿੱਚ ਸ਼ਾਮਲ ਹੋਣਾ ਪੈਣਾ ਹੈ। ਤੁਹਾਡਾ ਇਹ ਜਮਾਤੀ ਅੱਜ-ਕੱਲ੍ਹ ਦਸਮੇਸ਼ ਰੈਜਮੈਂਟ ਦਾ ਸਰਗਰਮ ਕਾਰਕੁੰਨ ਹੈ। ਦਾਸ ਨੂੰ ਸੇਵਾ ਦਾ ਕੋਈ ਮੌਕਾ ਦੇਣਾ।

***ਜੁਗਰਾਜ ਸਿੰਘ***

ਮੈਂ ਸ਼ਹੀਦ ਭਾਈ ਜਗਦੀਪ ਸਿੰਘ ਗਿੱਲ ਦੀ ਇੱਕ ਚਿੱਠੀ ਭੇਜ ਰਿਹਾ ਹਾਂ ਜੋ ਭਾਈ ਸਾਹਿਬ ਨੇ ਆਪਣੀ ਸ਼ਹੀਦੀ ਤੋਂ ਕੁੱਝ ਸਮਾਂ ਪਹਿਲਾਂ ਆਪਣੀ ਪਤਨੀ ਨੂੰ ਲਿਖੀ ਸੀ। ਭਾਈ ਜਗਦੀਪ ਸਿੰਘ ਦਾ ਪਰਿਵਾਰ ਬਹੁਤ ਗਰੀਬ ਹੈ। ਉਸ ਦੇ ਪਰਿਵਾਰ ਨੂੰ ਲਗਭਗ ਨਜ਼ਰ ਅੰਦਾਜ਼ ਹੀ ਕੀਤਾ ਹੋਇਆ ਹੈ। ਮੈਨੂੰ ਉਮੀਦ ਹੈ ਕਿ ਇਹ ਚਿੱਠੀ ਹੋਰਨਾਂ ਵੀਰਾਂ ਤੇ ਭੈਣਾਂ ਨੂੰ ਵੀ ਹੌਸਲਾ ਦੇਵੇਗੀ। ਭਾਈ ਸਾਹਿਬ ਨੇ ਕੁੱਝ ਕਵਿਤਾਵਾਂ ਵੀ ਲਿਖੀਆਂ ਸਨ, ਉਹ ਵੀ ਤੁਹਾਨੂੰ ਭੇਜਾਂਗਾ। ***ਇੱਕ ਪਾਠਕ***

27 ਅਕਤੂਬਰ ਦਾ ਦਿਨ ਬੜਾ ਦੁੱਖਦਾਈ ਸੀ। ਇਸ ਦਿਨ ਸਾਡੇ ਦੂਸਰੇ ਜਿਗਰੀ ਯਾਰ ਭਾਈ ਅਮਰ ਸਿੰਘ ਆਲੋਆਰਖ ਦੀ ਸ਼ਹੀਦੀ ਦੀ ਖ਼ਬਰ ਵੀ ਆ ਗਈ। ਕੁਦਰਤ ਦਾ ਇਹ ਕਿਹੋ ਜਿਹਾ ਭਾਣਾ ਸੀ। ਪਹਿਲਾਂ ਭਾਈ ਪਿਆਰਾ ਸਿੰਘ ਆਲੋਆਰਖ ਖਾਲੀ ਹੱਥੀਂ ਦੁਸ਼ਮਣ ਦੇ ਘੇਰੇ ਵਿੱਚ ਆ ਗਏ ਅਤੇ ਹੁਣ ਭਾਈ ਅਮਰ ਸਿੰਘ ਆਲੋਅਰਖ। ਇਨ੍ਹਾਂ ਸੂਰਬੀਰਾਂ ਨੇ ਦੁਸ਼ਮਣ ਤੋਂ ਜਾਨ ਦੀ ਭੀਖ ਮੰਗਣ ਦੀ ਥਾਂ ਮੌਤ ਨੂੰ ਜੀ ਆਇਆਂ ਆਖਿਆ ਤੇ ਸਾਈਨਾਈਡ ਫੱਕ ਕੇ ਆਪਣੀ ਸੰਸਾਰ ਯਾਤਰਾ ਪੂਰੀ ਕਰ ਲਈ। ਮੌਤ ਨੂੰ ਜੀ ਆਇਆਂ ਆਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਕੋਈ ਅਣਖੀ ਸ਼ੇਰ ਹੀ ਅਜਿਹਾ ਕਰ ਸਕਦਾ ਹੈ।

ਨਵੰਬਰ ਅੰਕ ਵਿੱਚ ਸ: ਜਸਵੰਤ ਸਿੰਘ ਜੀ ਕੰਵਲ ਨੇ ਬੁੱਧੀਜੀਵੀਆਂ ਨੂੰ ਵੰਗਾਰ ਪਾਈ ਹੈ। ਕੰਵਲ ਜੀ ਵਧਾਈ ਦੇ ਪਾਤਰ ਹਨ। ਇਸ ਦੇ ਨਾਲ ਹੀ ਤੁਸਾਂ ਉਨ੍ਹਾਂ ਬੁੱਧੀਜੀਵੀਆਂ ਦਾ ਪਰਦਾਫਾਸ਼ ਕੀਤਾ ਹੈ ਜੋ ਰੇਅ ਰਿਬੇਰੋ ਦੇ ਸਮੇਂ ਰਾਜ ਭਵਨ ਵਿੱਚ ਰਚੀਆਂ ਜਾਂਦੀਆਂ ਸਾਜ਼ਸ਼ਾਂ ਵਿੱਚ ਹਿੱਸਾ ਲੈਂਦੇ ਰਹੇ ਹਨ। ਜੇ ਸੰਭਵ ਹੋਵੇ ਤਾਂ ਇਨ੍ਹਾਂ ਦੰਭੀਆਂ ਦੀ ਕਾਲੀ ਸੂਚੀ ਜਾਰੀ ਕੀਤੀ ਜਾਵੇ। ''ਪੈਗਾਮ ਗਰੁੱਪ'' ਨੂੰ ਨਵਾਂ-ਮੁਹਾਂਦਰਾ ਦੇਣ ਦੇ ਤੁਹਾਡੇ ਫੈਸਲੇ ਲਈ ਅਸੀਂ ਤੁਹਾਨੂੰ ਵਧਾਈ ਦਿੰਦੇ ਹਾਂ।

***ਨਿਰਭੈ ਸਿੰਘ ਕਲੇਰ, ਦਰਸ਼ਨ ਸਿੰਘ ਇਲਾਕਾ ਭਵਾਨੀਗੜ੍ਹ (ਸੰਗਰੂਰ)***

ਜਨਤਕ ਪੈਗ਼ਾਮ ਵਿੱਚ ਸਾਰੇ ਖੇਤਰਾਂ ਦੀਆਂ ਸਚਾਈਆਂ ਨੂੰ ਉਜਾਗਰ ਕੀਤਾ ਜਾਂਦਾ ਹੈ ਇਹਨਾਂ ਨੂੰ ਪੜ੍ਹ ਕੇ ਸੂਝ ਦਾ ਵਿਕਾਸ ਹੁੰਦਾ ਹੈ । ਉਮੀਦ ਹੈ ਕਿ ਤੁਸੀਂ ਪੁਲਸ ਦੇ ਕਾਰਨਾਮਿਆਂ ਨੂੰ ਉਜਾਗਰ ਕਰਦੀਆਂ ਮੇਰੀਆਂ ਲਿਖਤਾਂ ਵੀ ਛਾਪੋਗੇ

*ਲਖਵਿੰਦਰ ਸਿੰਘ, ਮੌੜ-ਮੰਡੀ (ਬਠਿੰਡਾ)*

ਜੇਕਰ ਪੈਗ਼ਾਮ ਵਿੱਚ ਛਪਣ ਵਾਲੀਆਂ ਖਾੜਕੂ ਸਿੰਘਾਂ ਦੀਆਂ ਫੋਟੂਆਂ ਰੰਗਦਾਰ ਹੋਣ ਤਾਂ ਬਹੁਤ ਵਧੀਆ ਰਹੇਗਾ । ਇਸ ਪਾਸੇ ਧਿਆਨ ਦੇਵੋ

*ਕੁਲਦੀਪ ਸਿੰਘ, ਭਦਲਵੱਡ (ਸੰਗਰੂਰ)*

ਸ: ਰਜਿੰਦਰਪਾਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸੀਨੀਅਰ ਸਹਾਇਕ ਵਜੋਂ ਕੰਮ ਕਰ ਰਹੇ ਹਨ । ਉਹ ਇੱਕ ਦਲਿਤ ਜਾਤ ਨਾਲ ਸਬੰਧਤ ਹਨ । ਪੁਲਸ ਨੇ ਉਨ੍ਹਾਂ ਨੂੰ ਲਾਪਤਾ ਕਰਕੇ ਪੂਰਾ ਇੱਕ ਮਹੀਨਾ ਬੁੱਚੜ ਖਾਨਿਆਂ ਵਿੱਚ ਰੱਖਿਆ ਅਤੇ ਅੰਨ੍ਹਾ ਜ਼ਬਰ ਢਾਹਿਆ । ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਭੱਜ-ਨੱਠ ਕਰਕੇ ਇੱਕ ਮਹੀਨੇ ਬਾਅਦ ਧੂਰੀ ਥਾਣੇ ਵਿੱਚ ਬਰਾਮਦ ਕੀਤਾ । ਉਹ ਹੁਣ ਹਸਪਤਾਲ ਵਿੱਚ ਦਾਖਲ ਹਨ । ਉਨ੍ਹਾਂ ਨੂੰ ਬਿਜਲੀ ਦੇ ਝਟਕੇ ਲਾ-ਲਾ ਕੇ ਦਿਮਾਗੀ ਤੌਰ 'ਤੇ ਬਹੁਤ ਬੁਰੀ ਤਰ੍ਹਾਂ ਝੰਜੋੜ ਕੀਤਾ ਗਿਆ ਹੈ । ਉਨ੍ਹਾਂ ਦੀ ਰਿਹਾਈ ਇੱਕ ਤਰ੍ਹਾਂ ਦਾ ਨਵਾਂ ਜਨਮ ਹੈ ਪਰ ਨਾਨ ਟੀਚਿੰਗ ਕਰਮਚਾਰੀ ਯੂਨੀਅਨ ਇਸ ਇੱਕ ਮਹੀਨੇ ਦੌਰਾਨ ਕੁੰਭਕਰਨੀ ਨੀਂਦ ਸੁੱਤੀ ਰਹੀ । ਜੇਕਰ ਯੂਨੀਅਨ ਕੋਈ ਨਿੱਗਰ ਕਦਮ ਚੁੱਕਦੀ ਤਾਂ ਸਾਡਾ ਬੇਕਸੂਰ, ਇਮਾਨਦਾਰ ਸਾਥੀ ਮਹੀਨਾ ਭਰ ਜਬਰ ਨਾ ਸਹਾਰਦਾ ।

ਜਦੋਂ ਯਹੂਦੀਆਂ 'ਤੇ ਹਿਟਲਰ ਜ਼ੁਲਮ ਕਰ ਰਿਹਾ ਸੀ ਤਾਂ ਪਹਿਲਾਂ ਇੱਕ ਯਹੂਦੀ ਨੂੰ ਚੁੱਕਿਆ ਗਿਆ । ਉਸ ਦਾ ਗੁਆਂਢੀ ਚੁੱਪ ਰਿਹਾ । ਫਿਰ ਦੂਜੇ ਗੁਆਂਢੀ ਨੂੰ ਚੁੱਕਿਆ ਗਿਆ । ਉਹ ਫਿਰ ਵੀ ਚੁੱਪ ਰਿਹਾ । ਜਦੋਂ ਅਖੀਰ ਉਸ ਨੂੰ ਵੀ ਚੁੱਕਣ ਆਏ ਤਾਂ ਉਸ ਦੇ ਹੱਕ ਵਿੱਚ ਕਿਸੇ ਨੇ ਵੀ ਆਵਾਜ਼ ਨਾ ਉਠਾਈ । ਯਹੂਦੀ ਨੂੰ ਮਹਿਸੂਸ ਹੋਇਆ, 'ਕਾਸ਼ ! ਮੈਂ ਆਪਣੇ ਗੁਆਂਢੀਆਂ ਬਾਰੇ ਆਵਾਜ਼ ਉਠਾਈ ਹੁੰਦੀ ਤਾਂ ਮੇਰਾ ਅੱਜ ਇਹ ਹਾਲ ਨਾ ਹੁੰਦਾ ।

ਜੇ ਭਾਈ ਰਜਿੰਦਰਪਾਲ ਸਿੰਘ ਦਲਿਤ ਜਾਤ ਨਾਲ ਸਬੰਧਤ ਨਾ ਹੁੰਦਾ, ਤਾਂ ਕੀ ਯੂਨੀਅਨ ਫਿਰ ਵੀ ਚੁੱਪ ਰਹਿੰਦੀ ?

*ਬਹੁਜਨ ਇੰਪਲਾਈਜ਼ ਫੈਡਰੇਸ਼ਨ*
*ਪੰਜਾਬੀ ਯੂਨੀਵਰਸਿਟੀ ਪਟਿਆਲਾ ।*

ਆਪ ਨੇ ਭਾਈ ਗੁਰਜੰਟ ਸਿੰਘ ਰਾਜਸਥਾਨੀ ਜੀ ਬਾਰੇ ਕੋਈ ਲੇਖ ਨਹੀਂ ਛਾਪਿਆ । ਆਪ ਨੂੰ ਬੇਨਤੀ ਹੈ ਕਿ ਭਾਈ ਰਾਜਸਥਾਨੀ ਬਾਰੇ ਵੀ ਛਾਪਿਆ ਜਾਵੇ ਕਿਉਂਕਿ ਭਾਈ ਸਾਹਿਬ ਨੇ ਮੌਜੂਦਾ ਸਿੱਖ ਸੰਘਰਸ਼ ਵਿੱਚ ਵੱਧ-ਚੜ ਕੇ ਹਿੱਸਾ ਲਿਆ ਸੀ । **ਜੱਸੀ ਰੋਪੜ**

## ਏਜੰਟ ਤੇ ਪਾਠਕ ਨੋਟ ਕਰਨ

ਮਨੀਆਰਡਰ ਤੇ ਬੈਂਕ ਡਰਾਫਟ 'ਨਵਦੀਪ ਸਿੰਘ ਬਿੱਟੂ ਦੇ ਨਾਂ 'ਤੇ ਹੀ ਭੇਜੇ ਜਾਣ । ਸਾਨੂੰ ਕੁਝ ਥਾਵਾਂ ਤੇ ਪ੍ਰਤੀ ਪਰਚਾ 6 ਰੁਪਏ 'ਚ ਵੇਚਣ ਦੀਆਂ ਖ਼ਬਰਾਂ ਮਿਲੀਆਂ ਹਨ । ਜਦ ਕਿ ਪਰਚੇ ਦੀ ਕੀਮਤ 5 ਰੁਪਏ ਹੈ, ਅਗੇ ਤੋਂ ਕੋਈ ਵੀ ਸਟਾਲ ਵਾਲਾ ਇਸ ਤਰ੍ਹਾਂ ਨਾ ਕਰੇ । ਜੇਕਰ ਇਸ ਤਰ੍ਹਾਂ ਕਰਨ ਦਾ ਕਈ ਦੋਸ਼ੀ ਪਾਇਆ ਗਿਆ ਤਾਂ ਅਦਾਰਾ ਉਸ ਖਿਲਾਫ ਜ਼ਾਬਤਾ ਕਾਰਵਾਈ ਕਰੇਗਾ ।

ਸਾਰੇ ਏਜੰਟ ਆਪਣਾ ਬਕਾਇਆ ਹਰ ਹਾਲਾਤ 'ਚ 20 ਦਸੰਬਰ ਤੱਕ ਬੈਂਕ ਡਰਾਫਟ ਮਨੀਆਰਡਰ ਜਾਂ ਨਿਯੁਕਤ ਕੀਤੇ ਵਿਅਕਤੀ ਰਾਹੀਂ ਨਿਪਟਾ ਦੇਣ । ਬਕਾਇਆ ਨਾ ਪੁੱਜਣ ਦੀ ਸੂਰਤ 'ਚ ਉਸ ਸਟਾਲ ਜਾਂ ਵਿਅਕਤੀ ਦਾ ਪਰਚਾ ਤਾਂ ਬੰਦ ਕੀਤਾ ਹੀ ਜਾਵੇਗਾ । ਅਦਾਰਾ ਉਸ ਬਾਰੇ ਅਗਲਾ ਕਦਮ ਵੀ ਚੁੱਕੇਗਾ ।

ਸਾਨੂੰ ਅਫਸੋਸ ਹੈ ਕਿ ਥਾਂ ਦੀ ਕਮੀ ਕਾਰਨ ਬਹੁਤ ਸਾਰੇ ਪਾਠਕਾਂ ਦੀਆਂ ਕਈ ਅਹਿਮ ਚਿੱਠੀਆਂ ਛਪਣੋਂ ਰਹਿ ਗਈਆਂ ਹਨ । ਇਹਨਾਂ ਨੂੰ ਅਗਲੇ ਅੰਕ ਵਿੱਚ ਛਾਪਣ ਦੀ ਕੋਸ਼ਿਸ਼ ਕੀਤੀ ਜਾਵੇਗੀ ।

**ਸੰਪਾਦਕ**

ਅਸੀਂ ਧੰਨਵਾਦੀ ਹਾਂ ਹੇਠ ਲਿਖੇ ਸਹਾਇਤਾ ਭੇਜਣ ਵਾਲਿਆਂ ਦੋਸਤਾਂ ਦੇ

(1) ਭਾਈ ਹਰੀ ਸਿੰਘ 1100
(2) ਸੁਰਿੰਦਰ ਸਿੰਘ ਮਨੌਲੀ 50
(3) ਬਲਵਿੰਦਰ ਸਿੰਘ (ਬਾਰਾ)
ਪਿੰਡ ਸੰਧੂਆਂ ਚਮਕੌਰ ਸਾਹਿਬ 100
(4) ਕਰਤਾਰ ਸਿੰਘ ਦੋਸਤ : 50

### (ਇੱਕ ਸ਼ਹੀਦ ਸਿੰਘ ਦਾ ਆਪਣੀ ਪਤਨੀ ਦੇ ਨਾਂ ਖ਼ਤ)

( ਅਖ਼ੀਰਲੇ ਸਫ਼ੇ ਦੀ ਬਾਕੀ )

ਮੌਤ ਤਾਂ ਹਰ ਹੀਲੇ ਆ ਕੇ ਰਹਿਣੀ ਹੈ । ਕੋਈ ਦੋ ਬੋਰੀਆਂ ਕਣਕ ਦੀਆਂ ਘੱਟ ਤੇ ਕੋਈ ਵੱਧ ਖਾ ਕੇ ਇਥੇ ਚਲਾ ਜਾਂਦਾ ਹੈ ਸਿਰਫ ਖਾ ਪੀ ਕੇ ਐਸ਼ ਕਰਕੇ ਉਮਰਾਂ ਭੋਗ ਕੇ ਚਲੇ ਜਾਣ ਨੂੰ ਹੀ ਤਾਂ ਜਿੰਦਗੀ ਨਹੀਂ ਕਿਹਾ ਜਾ ਸਕਦਾ । ਠੀਕ ਹੈ ਅਸੀਂ ਹੋਰਨਾਂ ਨਾਲੋਂ ਚੰਦ ਸਾਲ ਘੱਟ ਜੀਅ ਲਵਾਂਗੇ । ਪਰ ਗੁਲਾਮੀ ਦੀ ਜ਼ਿੰਦਗੀ ਨਾਲੋਂ ਅਣਖ ਦੀ ਮੌਤ ਮਰਾਂਗੇ । ਸਾਡੀ ਆਉਣ ਵਾਲੀ ਨਸਲ ਕਦੇ ਵੀ ਸਾਨੂੰ ਬੇਅਣਖੇ ਜਾਂ ਗਦਾਰ ਨਹੀਂ ਕਹੇਗੀ । ਬੇਅਣਖੀ, ਜਲੀਲ ਤੇ ਗੁਲਾਮ ਜ਼ਿੰਦਗੀ ਜ਼ਹਿਰ ਦਾ ਪਿਆਲਾ ਹੈ । ਸਾਡੀ ਸ਼ਾਨ ਨਾਲ ਆਉਣ ਵਾਲੀ ਮੌਤ ਸ਼ਹੀਦੀ ਦਾ ਸੱਚਾ ਸੁੱਚਾ ਜਾਮ ਹੋਵੇਗੀ । ਠੀਕ ਹੈ ਅਸੀਂ ਨਹੀਂ ਹੋਵਾਂਗੇ ਪਰ ਸਾਨੂੰ ਕੌਮ ਕਦੇ ਭੁਲਾਵੇਗੀ ਨਹੀਂ । ਅਸੀਂ ਸਾਥ ਨਾ ਹੁੰਦੇ ਹੋਏ ਵੀ ਤੁਹਾਡੇ ਸਾਰੇ ਪਰਵਾਰ ਦੇ ਹੀ ਨਹੀਂ ਸਾਰੀ ਕੌਮ ਦੇ ਵੀ ਅੰਗ ਸੰਗ ਹੋਵਾਂਗੇ । ਤੁਹਾਨੂੰ ਆਜ਼ਾਦੀ ਵਿੱਚ ਸਾਹ ਲੈਂਦਿਆਂ ਵੇਖ ਕੇ ਸਾਡੀ ਰੂਹ ਖੁਸ਼ ਹੋਵੇਗੀ ।

ਅਸੀਂ ਉਸ ਦਸ਼ਮੇਸ਼ ਪਿਤਾ ਦੇ ਚਰਨਾਂ ਦੀ ਧੂੜ ਦਾ ਨਿਮਾਣਾ ਜਿਹਾ ਕਿਣਕਾ ਹਾਂ ਜਿਸ ਨੇ ਧਰਮ ਤੇ ਕੌਮ ਦੀ ਖਾਤਰ ਸਾਰਾ ਸਰਬੰਸ ਵਾਰ ਦਿੱਤਾ ਸੀ । ਉਸ ਦੇ ਦਿਖਾਏ ਹੋਏ ਰਾਹ 'ਤੇ ਚਲਦਿਆਂ ਮੇਰਾ ਤੁਹਾਨੂੰ ਛੱਡ ਕੇ ਆ ਜਾਣਾ ਕੋਈ ਅਨੋਖੀ ਤੇ ਅਲੋਕਾਰ ਗੱਲ ਨਹੀਂ ਹੈ । ਬੇਸ਼ੱਕ ਮੈਂ ਤਾਂ ਉਸ ਦਿਨ ਹੀ ਇਸ ਨੂੰ ਸਫਲ ਸਮਝ ਸਕਾਂਗਾ ਜਦ ਸਿੱਖੀ ਸਿਦਕ ਅਖੀਰ ਤੱਕ ਸਾਥ ਨਿਭੇਗਾ । ਇਹ ਵੀ ਨਹੀਂ ਕਿ ਮੈਂ ਤੈਨੂੰ ਜਾਂ ਬੱਚਿਆਂ ਨੂੰ ਬਿਲਕੁਲ ਵਿਸਾਰ ਦਿੱਤਾ ਹੈ । ਬਲਕਿ ਤੁਸੀਂ ਹਮੇਸ਼ਾਂ ਹੀ ਮੇਰੇ ਕੋਲ ਮੇਰੀਆਂ ਅੱਖਾਂ ਦੇ ਸਾਹਮਣੇ ਤੇ ਦਿਲ ਦੇ ਅੰਦਰ ਕਿਧਰੇ ਨਜ਼ਰ ਆਉਂਦੇ ਹੋ । ਲੇਕਿਨ ਸਾਡੇ ਇਤਿਹਾਸਕ ਕਾਰਜ ਵਿੱਚ ਤੁਹਾਨੂੰ ਛੱਡ ਕੇ ਤੁਰ ਆਉਣਾ ਸਾਡੀ ਇਤਹਾਸਕ ਮਜਬੂਰੀ ਬਣ ਗਈ ਹੈ । ਦੁਨੀਆਂ ਵਿੱਚ ਬਹੁਤੇ ਦਿਨ ਦਿਲ ਢਾਹੁੰਣ ਵਾਲੀਆਂ ਗੱਲਾਂ ਹੀ ਵਾਪਰਦੀਆਂ ਹਨ । ਕਿਸੇ ਵੀ ਗੱਲ ਨੂੰ ਦਿਲ 'ਤੇ ਨਹੀਂ ਲਗਾਉਣਾ । ਅਕਾਲ ਪੁਰਖ ਦੀ ਲਿਖੀ ਹੋਈ ਕਿਸਮਤ ਅਟੱਲ ਹੈ । ਇਸ ਵਿੱਚ ਰਾਈ ਭਰ ਦਾ ਵੀ ਵਾਧਾ ਘਾਟਾ ਨਹੀਂ ਹੋ ਸਕਦਾ । ਇਸ ਕਰਕੇ ਦਿਲ ਢਾਹੂ ਗੱਲਾਂ ਵੱਲ ਧਿਆਨ ਨਹੀਂ ਦੇਣਾ । ਅਕਾਲ ਪੁਰਖ ਦੇ ਭਾਣੇ ਵਿੱਚ ਸਬਰ ਤੇ ਸ਼ੁਕਰ ਨਾਲ ਜ਼ਿੰਦਗੀ ਗੁਜ਼ਾਰਨੀ ਹੈ ਤੇ ਸਿੱਖੀ ਸ਼ਾਨ ਤੇ ਅਣਖ ਦੀ ਬੁਲੰਦੀ ਨੂੰ ਜ਼ਿੰਦਗੀ ਦੀ ਕਿਸੇ ਨਗੂਣੀ ਜਰੂਰਤ ਤੋਂ ਕੁਰਬਾਨ ਨਹੀਂ ਕਰਨਾ । ਨਹੀਂ ਤਾਂ ਇਸ ਜ਼ਿੰਦਗੀ 'ਚ ਮੈਂ ਤੇ ਮੇਰੇ ਬਾਅਦ ਮੇਰੀ ਰੂਹ ਵੀ ਖੁਸ਼ ਨਹੀਂ ਰਹਿ ਸਕੇਗੀ ।

*ਜਗਦੀਪ ਸਿੰਘ 'ਗਿੱਲ'*
*ਮੋਗਾ ਫਰੀਦਕੋਟ*

# ਇਹ ਫੌਜਾਂ ਕੌਣ ਦੇਸ ਤੋਂ ਆਈਆਂ ?

ਜੂਨ 1984 ਦੇ ਬੇਚੈਨ ਕਰਨ ਵਾਲੇ ਦਿਨ ਮੁੜ ਪਰਤ ਰਹੇ ਹਨ। ਸ਼ਾਇਦ ਖੂਨ ਖਰਾਬ ਦਾ ਉਹ ਦੌਰ ਵੀ ਮੁੜ ਆਵੇ। ਪਹਿਲਾਂ ਅੰਮ੍ਰਿਤਸਰ, ਪਟਿਆਲਾ, ਮੁਕਤਸਰ...ਲੜਾਈ ਦੇ ਮੋਰਚੇ ਬਣੇ ਸਨ। ਹੁਣ ਸਾਰੇ ਘਰ ਅਤੇ ਖੇਤ ਲੜਾਈ ਦੇ ਮੈਦਾਨ ਬਣਨਗੇ। ਉਦੋਂ ਦੇਸ਼ ਦੀ ਅਖੰਡਤਾ ਨੂੰ ਖਤਰੇ ਦੇ ਬਹਾਨੇ ਤੋਪਾਂ ਗਰਜੀਆਂ ਸਨ। ਹੁਣ ਬਹਾਨਾ ਹੈ ਪੰਜਾਬ ਦਾ ਗੁੰਮ ਗਿਆ ਲੋਕਤੰਤਰ ਵਾਪਸ ਦੇਣ ਦਾ। ਪਰ ਪਤਾ ਨਹੀਂ ਇਸ ਵਾਰ ਸਾਡਾ ਕੀ ਕੁਝ ਗੁੰਮ ਜਾਣਾ ਹੈ ਅਤੇ ਕੀ ਕੁਝ ਦਰੜਿਆ ਜਾਣਾ ਹੈ, ਫੌਜੀ ਬੂਟਾਂ ਹੇਠ।

ਫੌਜੀ ਹੁਕਮਾਂ ਦੀ ਤਾਮੀਲ ਕਰਦੇ ਭਾਰੇ ਬੂਟ ਇਸ ਮਿੱਟੀ ਦੀ ਹਿੱਕ ਲਤਾੜਨ ਲਈ ਪਹੁੰਚ ਰਹੇ ਹਨ। ਹੁਣ ਪੰਜਾਬ ਦੀ ਧੌਣ ਦਾ ਕਿੱਲਾ ਕੱਢਿਆ ਜਾਵੇਗਾ। ਕਿਉਂਕਿ ਹਰ ਨਾਗਰਿਕ ਨੂੰ ਸਿਆਣਾ ਵੋਟਰ ਬਨਾਉਣ ਦਾ ਮਸਲਾ ਹੈ। ਤੋਪਾਂ, ਮੋਰਟਾਰ, ਟੈਂਕ, ਲਾਈਟ ਮਸ਼ੀਨ ਗੰਨਾਂ ਹਰ ਗਲੀ ਮੁਹੱਲੇ ਦੀ ਗਸ਼ਤ ਕਰਨਗੀਆਂ। ਹਰ ਨਾਗਰਿਕ ਨੂੰ ਚੋਣ ਨਿਸ਼ਾਨਾਂ 'ਤੇ ਮੋਹਰ ਲਾਉਣ ਲਈ ਚੰਗੀ ਤਰ੍ਹਾਂ ਝਾੜਿਆ-ਪੂੰਝਿਆ ਜਾਵੇਗਾ। ਮੁੜ ਹਰ ਇਕ ਨੂੰ ਲੱਤਾ-ਬਾਹਾਂ ਤੋਂ ਨੂੜਕੇ ਪੋਲਿੰਗ ਸਟੇਸ਼ਨ ਲਿਜਾਇਆ ਜਾਵੇਗਾ। ਚੋਣ-ਨਿਸ਼ਾਨਾ 'ਤੇ ਮੋਹਰਾਂ ਵਸੂਲ ਕੀਤੀਆਂ ਜਾਣਗੀਆਂ। ਲੋਕਤੰਤਰ ਦੀ ਬਹਾਲੀ ਦਾ ਮਾਮਲਾ ਹੈ। ਟੈਂਕਾਂ ਤੇ ਤੋਪਾਂ ਦੀ ਵਰਤੋਂ 'ਚ ਕੀ ਹਰਜ ਹੈ ? ਲੜਾਈ ਦੇ ਮੈਦਾਨ 'ਚ ਜਦੋਂ ਦੋ ਧਿਰਾਂ ਲੜਦੀਆਂ ਹਨ, ਆਹਮੋ-ਸਾਹਮਣੇ ਉਸ ਵਕਤ ਚੋਣਾ ਦਾ ਵੱਖਰਾ ਹੀ ਸਵਾਦ ਹੁੰਦਾ ਹੈ। ਤੋਪਾਂ ਅਤੇ ਟੈਂਕਾਂ ਦੀ ਮੌਜੂਦਗੀ 'ਚ 'ਨਿਰਪੱਖ ਅਤੇ ਆਜ਼ਾਦਾਨਾ' ਵੋਟਾਂ ਦੀ ਗਰੰਟੀ ਬੈਲਟ ਬਕਸੇ 'ਚ ਫਿੱਟ ਕਰਨੀ ਬਹੁਤ ਸੌਖੀ ਹੈ।

ਦੁਨੀਆਂ ਫੌਜੀ ਛਾਉਣੀਆ ਤੋਂ ਦੂਰ ਵਾਸ ਕਰਨ ਜਾ ਰਹੀ ਹੈ। ਅਸੀਂ ਫੌਜੀ ਛਾਉਣੀਆਂ ਨੂੰ ਰਿਹਾਇਸ਼ੀ ਮਹੱਲਿਆਂ 'ਚ ਸੱਦਾ ਦੇ ਰਹੇ ਹਾਂ। ਭਾਰਤ ਵਾਕਿਆ ਹੀ ਮਹਾਨ ਦੇਸ ਹੈ। ਇਸ ਦੀਆ ਲੋੜਾਂ ਅਤੇ ਪਹੁੰਚਾਂ ਵਾਕਿਆ ਹੀ ਅਲੌਕਾਰੀਆਂ ਹਨ। ਜਿਸ ਮਸਲੇ ਦਾ ਕੋਈ ਹੱਲ ਨਹੀਂ ਉਸ ਨੂੰ ਫੌਜ ਦੇ ਹਵਾਲੇ ਕਰ ਦੇਵੇ। ਕੱਲ੍ਹ ਨੂੰ ਇਸ ਦੇਸ ਦੀ ਮਹਾਨਤਾ ਦਾ ਸੰਕਟ ਵੀ ਪੈਦਾ ਹੋ ਸਕਦਾ ਹੈ। ਵੱਡੀ ਗੱਲ ਨਹੀਂ। ਪਰ ਸਾਡੇ ਕੋਲ ਘੜਿਆ ਘੜਾਇਆ ਹੱਲ ਹੈ, 'ਦੇਸ ਦੀ ਮਹਾਨਤਾ ਦਾ ਅਹਿਮ ਮਾਮਲਾ ਫੌਜ ਨੂੰ ਸੌਂਪਿਆ ਜਾਂਦਾ ਹੈ ?'

ਜਦੋਂ ਕਿਸੇ ਖਿੱਤੇ 'ਚ ਫੌਜ ਗਸ਼ਤ ਕਰਦੀ ਹੈ ਤਾਂ ਸਮਝ ਲਵੋ ਕਿ ਉਥੇ ਕੋਈ ਸਥਾਨਕ ਲਹਿਰ ਨਿਸਰ ਆਈ ਹੈ। ਪੰਜਾਬ 'ਚ ਫੌਜ ਦੀ ਮੁੜ ਤਾਇਨਾਤੀ ਇਸ ਗੱਲ ਦਾ ਸਬੂਤ ਹੈ ਕਿ ਹਿੰਦੋਸਤਾਨ ਦੇ ਹੁਕਮਰਾਨਾਂ ਦੀ ਹਰ ਚਾਰਾਜੋਈ ਦੇ ਬਾਵਜੂਦ ਸਿੱਖ ਖਾੜਕੂਆਂ ਦੀ ਲਹਿਰ ਨੇ ਕੱਦ ਕੱਢ ਲਿਆ ਹੈ। ਜੇਕਰ ਦੋ ਲੱਖ ਦੇ ਕਰੀਬ ਸੁਰਖਿਆ ਕਰਮਚਾਰੀ ਵੀ 'ਮੁੱਠੀ ਭਰ' ਖਾੜਕੂਆਂ ਨਾਲ ਨਿਪਟਣ 'ਚ ਅਸਫਲ ਹੋ ਗਏ ਹਨ ਤਾਂ ਕੀ ਹੁਣ ਹਰ ਨਾਗਰਿਕ ਪਿੱਛੇ ਦੋ ਸੁਰੱਖਿਆ ਕਰਮਚਾਰੀ ਲਾਉਣ ਦੀ ਕਾਰਵਾਈ ਹੀ ਬਾਕੀ ਰਹਿ ਗਈ ਹੈ ?

ਸਾਡੇ ਪਾਸ ਸਮੱਸਿਆਵਾ ਦੇ ਹਲ ਬਸ ਫੌਜੀਆਨਾ ਹੀ ਰਹਿ ਗਏ ਹਨ। ਅਸੀਂ ਤਾਂ ਹਰ ਸਮੱਸਿਆ ਨੂੰ ਹੀ ਫੌਜੀ ਸਮੱਸਿਆ ਵਜੋਂ ਸਮਝ ਰਹੇ ਹਾਂ। ਪੰਜਾਬ ਦੀ ਸਮੱਸਿਆ ਫੌਜੀ ਸਮੱਸਿਆ ਨਹੀਂ ਸਿਆਸੀ ਹੈ। ਪਰੰਤੂ ਪਤਾ ਨਹੀਂ ਫਿਰ ਵੀ ਹਾਕਮ ਕਿਹੜੀ ਨੀਤੀ ਨਾਲ ਸਾਬਕ ਜਨਰਲਾਂ, ਮੌਜੂਦਾ ਜਨਰਲਾਂ 'ਤੇ ਸਾਰੀ ਟੇਕ ਰੱਖੀ ਬੈਠੇ ਹਨ।

ਮਾਸ-ਖੋਰੇ ਅਫ਼ਸਰਾਂ ਅਤੇ ਰਾਜਪਾਲਾਂ 'ਤੇ ਆਸਥਾ ਪਤਾ ਨਹੀਂ ਇਸ ਦੇਸ ਨੂੰ ਕਿੱਥੇ ਲੈ ਜਾਵੇਗੀ ? ਪਰ ਕਦੇ ਸੋਚਿਆ ਹੈ ਕਿ ਕੀ ਦੇਸ ਭਗਤੀ ਦੇ ਪਾਠ ਬੰਦੂਕ ਦੀ ਨੋਕ 'ਤੇ ਪੜਾਏ ਜਾ ਸਕਦੇ ਹਨ ? ਬੰਦੂਕ ਦੀ ਨੋਕ 'ਤੇ ਕਿਸੇ ਨੂੰ ਦੇਸ ਭਗਤ ਬਣਾਉਣਾ ਔਖਾ ਹੈ। ਆਖਰ ਦੇਸ ਹੈ ਕੀ ਚੀਜ਼ ? ਦੇਸ ਕੋਈ ਰੱਬੀ ਫੁਰਮਾਨ ਨਹੀਂ। ਇਹ ਤਾਂ ਕਿਸੇ ਖਿੱਤੇ ਅਤੇ ਸਮਾਜ ਦੀ ਆਪਣੀ ਮਰਜ਼ੀ 'ਤੇ ਅਧਾਰਤ ਯੂਨੀਅਨ ਹੈ। ਦੇਸ ਟੁੱਟਦੇ ਰਹੇ ਹਨ, ਬਣਦੇ ਰਹੇ ਹਨ, ਜੁੜਦੇ ਰਹੇ ਹਨ। ਨਾਗਰਿਕ ਦੇਸ਼ ਤੋਂ ਛੋਟੀ ਚੀਜ਼ ਨਹੀਂ ਹਨ, ਕਿ ਜਿਵੇਂ ਕਿਸੇ ਦਾ ਜੀਅ ਆਵੇ ਦੇਸ ਦੇ ਨਾਂਅ ਉਪਰ ਨਰੜੀ ਜਾਵੇ। ਨਾਗਰਿਕ ਦੇਸ ਬਣਾਉਂਦੇ ਹਨ, ਦੇਸ ਨਾਗਰਿਕ ਨਹੀਂ।

ਹਿੰਦੋਸਤਾਨ ਦੇ ਕਿੰਨੀ ਵਾਰ ਟੋਟੇ ਹੋਏ ਹਨ। ਹਿੰਦੋਸਤਾਨ ਨੇ ਕਿੰਨੀ ਵਾਰ ਦੂਸਰੇ ਦੇਸਾਂ ਦੇ ਦੋ ਦੇਸ ਬਨਾਉਣ 'ਚ ਯੋਗਦਾਨ ਪਾ ਕੇ ਫ਼ਖਰ ਮਹਿਸੂਸ ਕੀਤਾ ਹੈ ? ਇਨ੍ਹਾਂ ਸਵਾਲਾਂ ਦਾ ਮਨ ਟਟੋਲਦੇ-ਟਟੋਲਦੇ ਆਦਮੀ ਦੇਸ ਦੀ ਅਖੰਡਤਾ ਤੋਂ ਆਸਥਾ ਖੋਅ ਬੈਠਦਾ ਹੈ। ਪੰਜਾਬ 'ਚ ਹਿੰਦੋਸਤਾਨ ਦੀ ਏਕਤਾ ਅਖੰਡਤਾ ਨੂੰ ਖਤਰਾ ਹੈ। ਜ਼ਰੂਰਤ ਸੀ ਕਿ ਹਿੰਦੋਸਤਾਨ ਪੰਜਾਬ ਨੂੰ ਆਪਣੇ ਨਾਲ ਰੱਖਣ ਲਈ ਉਸ ਦੀਆਂ ਜਾਇਜ਼ ਸ਼ਿਕਾਇਤਾਂ ਦੂਰ ਕਰਦਾ। ਪਰ ਕੀਤਾ ਗਿਆ ਫੌਜੀ ਇਲਾਜ। ਇਹ ਫੌਜੀ ਇਲਾਜ ਦੀ ਮਿਹਰਬਾਨੀ ਹੈ ਕਿ ਪੰਜਾਬ 'ਚ ਡਾਂਗਾਂ-ਸੋਟੀਆਂ ਅਤੇ ਜੇਲ੍ਹ ਭਰਨ ਤੋਂ ਸ਼ੁਰੂ ਹੋਈ ਲੜਾਈ ਰਾਕਟ-ਲਾਂਚਰਾ ਤੱਕ ਆ ਪਹੁੰਚੀ ਹੈ। ਕਿਸਦਾ ਕਸੂਰ ਹੈ ? ਲਾਜ਼ਮੀ ਤੌਰ 'ਤੇ ਉਨ੍ਹਾਂ ਦਾ ਜਿਨ੍ਹਾਂ ਨੇ ਛੋਟੇ ਜ਼ਖਮ ਨੂੰ ਨਾਸੂਰ ਬਣਨ ਲਈ ਹਾਲਾਤ ਸਾਜ਼ਗਾਰ ਕੀਤੇ।

ਮਸਲਾ ਹੁਣ ਪੰਜਾਬ 'ਚ ਅੱਧ ਫਰਵਰੀ 1992 'ਚ ਚੋਣਾਂ ਕਰਾਉਣ ਲਈ ਸਾਜ਼ਗਾਰ ਮਾਹੌਲ ਸਿਰਜਣ ਦਾ ਦਸਿਆ ਜਾ ਰਿਹਾ ਹੈ। ਇਸੇ ਲਈ ਫੌਜ ਆ ਰਹੀ ਹੈ। ਪਰਤੂ ਹੋ ਕੁਝ ਹੋਰ ਰਿਹਾ ਹੈ। ਫੌਜ ਆਵੇਗੀ, 'ਅਣਇੱਛਤ' ਨਾਗਰਿਕਾਂ ਦੇ ਜਿਉਣ ਦਾ ਅਧਿਕਾਰ ਖੋਹ ਲਿਆ ਜਾਵੇਗਾ। ਜਦੋਂ ਮੌਤਾਂ ਦੀ ਗਿਣਤੀ ਸੈਂਕੜੇ ਤੋਂ ਹਜ਼ਾਰਾਂ 'ਤੇ ਪੁੱਜ ਜਾਵੇਗੀ ਤਾਂ 'ਸਭ ਅੱਛਾ' ਦਾ ਐਲਾਨ ਹੋਵੇਗਾ। ਫਿਰ ਲਾਈਟ ਮਸ਼ੀਨਾ ਗੰਨਾਂ ਬੀੜ ਕੇ ਪੋਲਿੰਗ ਸਟੇਸ਼ਨ ਸਜਾਏ ਜਾਣਗੇ ਅਤੇ ਦੇਖਦਿਆਂ-ਦੇਖਦਿਆਂ ਪੰਜਾਬ 'ਚ ਲੋਕਤੰਤਰ ਪਰਤ ਆਵੇਗਾ।

ਸ਼ਾਇਦ ਲੋਕਤੰਤਰ ਦੀ ਵਾਪਸੀ ਦੇ ਰਾਹ 'ਚ ਫੌਜੀ ਰਾਜ ਦਾ ਜੰਗਲ ਵੀ ਆਉਂਦਾ ਹੋਵੇ। ਜੰਗਲ ਰਾਜ ਦਾ ਫੁਰਮਾਨ ਤੁਹਾਨੂੰ ਖੁਸ਼ ਆਮਦੀਦ ਕਹਿਣ ਲਈ ਉਤਾਵਲਾ ਹੈ। ਆਦਮਖੋਰ ਬਘਿਆੜ ਕਤਲਾਂ ਦਾ ਲਾਇਸੈਂਸ ਲੈ ਕੇ ਘੁੰਮਣਗੇ। 'ਪੰਜਾਬ ਦੀ ਖੁਸ਼ਹਾਲੀ ਤੇ ਸ਼ਾਂਤੀ ਬੰਦੂਕ ਦੀ ਨਾਲੀ 'ਚੋਂ ਨਿਕਲੇਗੀ'। 'ਅਹਿੰਸਾ ਦੇ ਪੁਜਾਰੀ' ਇਸ ਦੇਸ਼ ਦਾ ਸ਼ਾਇਦ ਹੁਣ ਇਹੋ ਨਾਅਰਾ ਹੈ।

JANTAK PAIGHAM/Regd. No/35 AL/TC/87/70523

# ਇਕ ਸ਼ਹੀਦ ਸਿੰਘ ਦਾ ਆਪਣੀ ਪਤਨੀ ਦੇ ਨਾਂ ਖ਼ਤ

(ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਖਾਸ ਸਮਝੇ ਜਾਂਦੇ ਜੁਝਾਰੂ ਸਿੰਘ ਭਾਈ ਜਗਦੀਪ ਸਿੰਘ (ਵਕੀਲ) ਨੇ ਇਹ ਚਿੱਠੀ ਸ਼ਹੀਦੀ ਪ੍ਰਾਪਤ ਕਰਨ ਤੇ ਕੁਝ ਦਿਨ ਪਹਿਲਾਂ ਹੀ ਆਪਣੀ ਪਤਨੀ ਨੂੰ ਲਿਖੀ ਸੀ।)

'ਜਿਸ ਰਸਤੇ 'ਤੇ ਮੈਂ ਤੁਰਿਆ ਹਾਂ ਮੈਨੂੰ ਪਤਾ ਹੈ ਇਹਦਾ ਅਖੀਰ ਕੀ ਹੈ। ਇਸ ਰਸਤੇ 'ਤੇ ਚਲਦਿਆਂ ਅਸੀਂ ਆਪਣੀ ਕੌਮ ਨੂੰ ਆਜ਼ਾਦ ਹੋਇਆਂ ਵੀ ਵੇਖ ਸਕਦੇ ਹਾਂ ਤੇ ਕਿਸੇ ਵੀ ਪਲ ਕਿਸੇ ਵੀ ਸਮੇਂ ਲਾੜੀ ਮੌਤ ਨੂੰ ਵੀ ਗਲੇ ਲਾਉਣਾ ਪੈ ਸਕਦਾ ਹੈ। ਇਕ ਸਿਹਰੇ-ਗਾਨੇ ਬੰਨ ਕੇ ਬੰਦਾ ਦੁਨਿਆਵੀ ਲਾੜੀ ਨੂੰ ਵਿਆਹੁਣ ਜਾਂਦਾ ਹੈ ਅਤੇ ਉਮਰਾਂ ਤੀਕ ਤੋੜ ਨਿਭਾਉਣ ਦਾ ਪ੍ਰਣ ਕਰਦਾ ਹੈ। ਇਕ ਸਿਹਰੇ-ਗਾਨੇ ਬੰਨ ਕੇ ਆਜ਼ਾਦੀ ਦੀ ਲਾੜੀ ਨੂੰ ਵਿਆਹੁਣ ਲਈ ਨਿਕਲਦਾ ਹੈ ਅਤੇ ਪ੍ਰਣ ਕਰਦਾ ਹੈ ਕਿ ਆਖਰੀ ਸਵਾਸ ਤੱਕ ਇਹਦੇ ਨਾਲ ਵੀ ਵਫ਼ਾ ਨਿਭ ਜਾਵੇ। ਸਿਹਰੇ-ਗਾਨੇ ਬੰਨ ਕੇ ਤੈਨੂੰ ਵੀ ਕਦੇ ਲਿਆਂਦਾ ਸੀ। ਅੱਜ ਤੀਕ ਕਦੇ ਕਿਸੇ ਵੀ ਪੱਖੋਂ ਕਦੇ ਬੇਵਫ਼ਾਈ ਨਹੀਂ ਕੀਤੀ। ਜ਼ਿੰਦਗੀ ਵਿਚ ਅੱਜ ਜਿਸ ਮੋੜ 'ਤੇ ਆ ਕੇ ਪਹੁੰਚੇ ਹਾਂ, ਇਥੇ ਪਹੁੰਚ ਕੇ ਤੈਨੂੰ ਛੱਡਣਾ ਪੈ ਰਿਹਾ ਹੈ। ਪਰ ਇਹ ਵੀ ਤੇਰੇ ਨਾਲ ਕੋਈ ਬੇਵਫ਼ਾਈ ਨਹੀਂ ਹੈ। ਜਿਸ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਤੇਰੇ ਨਾਲ ਤੋੜ ਨਿਭਾਉਣ ਦਾ ਪ੍ਰਣ ਕੀਤਾ ਸੀ ਉਸੇ ਦੀ ਹੀ ਬਾਣੀ ਨੇ ਵੰਗਾਰ ਕੇ ਇਸ ਰਸਤੇ 'ਤੇ ਤੋਰਿਆ ਹੈ।

ਤੁਹਾਨੂੰ ਵੀ ਇਸਦਾ ਕੋਈ ਅਫ਼ਸੋਸ ਜਾਂ ਗਮ ਨਹੀਂ ਹੋਣਾ ਚਾਹੀਦਾ। ਮੈਂ ਤੇਰੇ ਕੋਲੋਂ ਦ੍ਰਿੜ ਹੌਂਸਲੇ ਦੀ ਆਸ ਰੱਖਦਾ ਹਾਂ। ਉਮੀਦ ਹੈ ਕਿ ਦਸ਼ਮੇਸ਼ ਪਿਤਾ ਦੇ ਦਿਖਾਏ ਅਸੂਲਾਂ 'ਤੇ ਅਮਲ ਕਰਕੇ ਤੂੰ ਕਦੀ ਹੌਂਸਲਾ ਨਹੀਂ ਛੱਡੇਗੀ। ਸਾਹਿਬ ਦੇ ਹੁਕਮੀ ਬਧਿਆਂ ਨੂੰ ਭਾਵੇਂ ਇਹ ਇਤਿਹਾਸਕ ਮਜਬੂਰੀ ਬਣ ਗਈ ਹੈ ਕਿ ਮੈਨੂੰ ਸਾਰੀ ਦੁਨਿਆਵੀ ਨਾਤੇਦਾਰੀ ਤੋਂ ਮੂੰਹ ਮੋੜਨਾ ਪੈ ਰਿਹਾ ਹੈ। ਪਰ ਮੈਂ ਸਾਰੀ ਕੌਮ ਨਾਲ ਜੋ ਸਾਂਝ ਪਾ ਰਿਹਾ ਹਾਂ ਉਹ ਇਸ ਤੋਂ ਕਿਤੇ ਵੱਡੀ ਦਿੱਸਦੀ ਹੈ। ਜਾਣਦਾ ਹਾਂ ਕਿ ਇਸ ਰਸਤੇ 'ਤੇ ਚਲਦਿਆਂ ਮੇਰੇ ਨਾਲੋਂ ਵੀ ਵੱਧ ਔਕੜਾਂ ਤੁਹਾਨੂੰ ਪੇਸ਼ ਆਉਣਗੀਆਂ। ਬੱਚਿਆਂ ਨੂੰ ਪੇਸ਼ ਆਉਣਗੀਆਂ। ਪਰ ਕੌਮ ਦੇ ਕੰਮ ਨੂੰ ਹੱਥ ਪਾਉਣ ਵਾਲਿਆਂ ਨੂੰ ਆਪਣੇ ਨਿਜੀ ਤੇ ਘਰੇਲੂ ਫਿਕਰ ਇਕ ਪਾਸੇ ਹੀ ਰੱਖ ਦੇਣੇ ਪੈਂਦੇ ਹਨ। ਤੁਹਾਡੇ ਹੀ ਤਰ੍ਹਾਂ ਤੇ ਤੁਹਾਡੇ ਤੋਂ ਵੀ ਵੱਧ ਤਕਲੀਫ਼ ਵਿਚ ਕੌਮ ਦੀਆਂ ਬੇਅੰਤ ਸਿੰਘਣੀਆਂ ਤੇ ਬੱਚੇ ਜ਼ਿੰਦਗੀ ਬਸਰ ਕਰ ਰਹੇ ਹਨ। ਇਹਨਾਂ ਸਾਰਿਆਂ ਦੀ ਬਿਹਤਰੀ ਲਈ ਹੀ ਮੈਂ ਇਹ ਮਾਰਗ ਚੁਣਿਆ ਹੈ। ਤੂੰ ਸਾਡੀ ਇਕੱਠੀ ਜ਼ਿੰਦਗੀ ਵਿਚ ਵਧੀਆ ਸਾਥ ਨਿਭਾਇਆ ਹੈ। ਮੇਰੀ ਸਾਰੀ ਸੋਚ ਨਾਲ ਮੇਲ ਦੇ ਚਲੀ ਹੈ। ਅੱਗੋਂ ਵੀ ਉਮੀਦ ਕਰਦਾ ਹਾਂ ਕਿ ਕਦੇ ਦਿਲ ਨਹੀਂ ਛੱਡੇਗੀ। ਭਾਵੇਂ ਕੋਈ ਕਿੰਨੀ ਵੀ ਵੱਡੀ ਮੁਸੀਬਤ ਆ ਪਵੇ ਮੈਂ ਤੈਨੂੰ ਡੋਲੀ ਹੋਈ ਨਹੀਂ ਦੇਖ ਸਕਦਾ। ਸਾਡੀ ਜ਼ਿੰਦਗੀ ਵਿਚ ਮੈਂ ਅਤੇ ਮੇਰੀ ਰੂਹ ਤੈਨੂੰ ਡੋਲਦੀ ਦੇਖ ਕੇ ਖੁਸ਼ ਨਹੀਂ ਰਹਿ ਸਕੇਗੀ। ਇਸ ਕਰਕੇ ਆਸ ਕਰਦਾ ਹਾਂ ਤੂੰ ਹਮੇਸ਼ਾਂ ਖੁਸ਼ ਰਹਿਆ ਕਰੇਂਗੀ। ਬਚਿਆਂ ਨੂੰ ਵੀ ਸਮਝਾ ਕੇ ਖੁਸ਼ ਰਖਿਆ ਕਰੇਂਗੀ। ਉਹਨਾਂ ਦੇ ਕੋਲ ਤਾਂ ਤੂੰ ਹੈ। ਦੁਨੀਆ ਵਿਚ ਐਸੇ ਵੀ ਬੱਚੇ ਹੁੰਦੇ ਹਨ ਜਿਨ੍ਹਾਂ ਕੋਲ ਮਾਂ ਤੇ ਬਾਪ ਦੋਹੇਂ ਹੀ ਨਹੀਂ ਹੁੰਦੇ। ਉਹ ਫਿਰ ਵੀ ਪਲ ਕੇ ਵਧੀਆ ਇਨਸਾਨ ਬਣ ਜਾਂਦੇ ਹਨ। ਉਮੀਦ ਰੱਖਾਂਗਾ ਕਿ ਤੂੰ ਦੋਹਾਂ ਬੱਚਿਆਂ ਨੂੰ ਵਧੀਆ ਇਨਸਾਨ ਬਣਾਏਂਗੀ। ਸੱਚ ਦੇ ਰਸਤੇ ਤੇ ਚੱਲਣ ਵਾਲੇ। ਦਿਲ ਜਦ ਵੀ ਡੋਲਦਾ ਹੈ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਤੋਂ ਵੱਡਾ ਕੋਈ ਆਸਰਾ ਨਹੀਂ ਹੋ ਸਕਦਾ। ਬਾਣੀ ਪੜ੍ਹਿਆ ਕਰ, ਬੱਚਿਆਂ ਨੂੰ ਵੀ ਆਦਤ ਪਾਵੀਂ। ਦੁਨੀਆਂ ਦੇ ਹਰ ਦੁੱਖ ਦਾ ਇਲਾਜ ਗੁਰੂਆਂ ਦੀ ਬਾਣੀ ਅੰਦਰ ਹੈ। ਮੰਗਾਈਆਂ ਲਿਆਂਦੀਆਂ ਹੋਈਆਂ ਛੋਟੀਆਂ ਛੋਟੀਆਂ ਧਾਰਮਿਕ ਕਿਤਾਬਾਂ ਦਾ ਇਕ ਬੰਡਲ ਆਪਣੇ ਘਰ ਅਲਮਾਰੀ ਵਿਚ ਪਿਆ ਹੈ। ਉਹ ਸਾਰੀਆਂ ਲੈ ਜਾਵੀਂ। ਵਿਹਲੇ ਵੇਲੇ ਉਹਨਾਂ ਨੂੰ ਪੜ੍ਹਿਆ ਕਰ। ਮਨ ਮਜ਼ਬੂਤ ਹੋਵੇਗਾ। ਬੱਚਿਆਂ ਦੇ ਸਾਹਮਣੇ ਕਦੀ ਰੋਣਾ ਨਹੀਂ। ਉਹਨਾਂ ਨੂੰ ਮਜ਼ਬੂਤ ਇਰਾਦੇ ਵਾਲੇ ਬਣਾਉਣਾ ਹੈ। ਅਸੀਂ ਜੋ ਸਾਰੀ ਕੌਮ ਦੀ ਅਣਖ ਤੇ ਆਬਰੂ ਖਾਤਰ ਸਭ ਕੁਝ ਛੱਡ ਛਡਾ ਕੇ ਨਿਕਲੇ ਹਾਂ, ਘੱਟ ਤੋਂ ਘੱਟ ਆਪਣੇ ਪਰਵਾਰ ਤੋਂ ਇਹ ਉਮੀਦ ਤਾਂ ਰੱਖਦੇ ਹੀ ਹਾਂ ਕਿ ਉਹ ਕਿਸੇ ਵੀ ਪੱਖੋਂ ਕੋਈ ਅਜਿਹਾ ਕੰਮ ਨਾ ਕਰਨ ਜਾਂ ਕਿਸੇ ਪੱਖੋਂ ਮਨ ਨੂੰ ਨਾ ਡੁਲਾਉਣ ਜਿਸ ਨਾਲ ਸਾਨੂੰ ਸਿਰ ਨੀਵਾਂ ਕਰਨਾ ਪਵੇ। ਕਿਉਂਕਿ ਅਸੀਂ ਉਸ ਗੁਰੂ ਦੇ ਸਿੰਘ ਹਾਂ ਜਿਹਨਾਂ ਨੇ ਸਾਨੂੰ ਸਿਰ ਉੱਚਾ ਕਰਕੇ ਜੀਉਣ ਦਾ ਵੱਲ ਸਿਖਾਇਆ ਹੈ। ਉਮੀਦ ਕਰਦਾ ਹਾਂ ਕਿ ਤੂੰ ਮੇਰੇ ਇਸ ਸ਼ਾਨਮੱਤੇ ਸਿਰ ਨੂੰ ਕਦੇ ਨੀਵਾਂ ਨਹੀਂ ਹੋਣ ਦੇਵੇਂਗੀ। ਜ਼ਿੰਦਗੀ ਵਿਚ ਕਿੰਨੇ ਹੀ ਔਖੇ ਦਿਨ ਆਉਣ ਪਰਮਾਤਮਾ ਦੀ ਰਜ਼ਾ ਤੇ ਭਾਣਾ ਮੰਨਕੇ ਕੱਟਣੇ ਹਨ। ਡਿਗ ਡੋਲਕੇ ਜਾਂ ਸਿੱਖੀ ਅਸੂਲਾਂ ਤੋਂ ਡਿਗ ਕੇ ਨਹੀਂ। ਇਹ ਵੀ ਸਮਝਦਾ ਹਾਂ ਕਿ ਤੈਨੂੰ ਮਾਇਕ ਔਕੜਾਂ ਵੀ ਆ ਸਕਦੀਆਂ ਹਨ। ਜੇ ਕਦੇ ਵੀ ਅਜਿਹਾ ਹੋਵੇ ਤਾਂ ਟੂਮ-ਛੱਲਾ ਤੇ ਘਰ-ਘਾਟ, ਜੋ ਮਰਜ਼ੀ ਵੇਚਣਾ ਪਵੇ, ਇਹਨਾਂ ਤੰਗੀਆਂ ਵਜ੍ਹਾ ਕਿਸੇ ਦੇ ਸਾਹਮਣੇ ਝੁਕਣਾ ਨਹੀਂ ਤੇ ਬੱਚਿਆਂ 'ਤੇ ਇਸਦਾ ਬੋਝ ਨਹੀਂ ਪੈਣ ਦੇਣਾ। ਅਕਾਲ ਪੁਰਖ ਅੱਗੇ ਸੰਕਟ ਦੂਰ ਕਰਨ ਦੀ ਅਰਦਾਸ ਕਰਨੀ। ਕਿਸੇ ਦੁਨਿਆਵੀ ਸ਼ਕਤੀ ਅੱਗੇ ਕਦੇ ਪੱਲਾ ਨਹੀਂ ਅੱਡਣਾ ਅਤੇ ਕਿਸੇ ਦੀ ਈਨ ਨਹੀਂ ਮੰਨਣੀ। ਕਿਉਂਕਿ ਮੈਂ ਜਾਣਦਾ ਹਾਂ ਕਿ ਅਜਿਹੇ ਮੌਕੇ ਇਸ ਸਵਾਰਥਾਂ ਭਰੀ ਦੁਨੀਆਂ 'ਚ ਪ੍ਰਮਾਤਮਾਂ ਬਿਨਾਂ ਕੋਈ ਕੰਮ ਨਹੀਂ ਆਉਂਦਾ।

ਜਦੋਂ ਦੋ ਦੇਸਾਂ ਦੀ ਜੰਗ ਚਲਦੀ ਹੈ ਤਾਂ ਉਹਦੇ ਵਿਚ ਲੜਨ ਵਾਲਿਆਂ ਦਾ ਕੋਈ ਉਦੇਸ਼ ਨਹੀਂ ਹੁੰਦਾ। ਸਿਰਫ਼ ਚੌਧਰਪੁਣੇ ਤੇ ਹੰਕਾਰਵਾਦ ਦੀ ਜੰਗ ਹੁੰਦੀ ਹੈ ਤੇ ਲੜਨ ਵਾਲੇ ਨੇ ਕੁਝ ਟਕਿਆਂ ਦੀ ਖਾਤਰ ਜਾਂ ਪੇਟ ਦੀ ਭੁੱਖ ਖਾਤਰ ਲੜਨੀ ਹੁੰਦੀ ਹੈ। ਫਿਰ ਵੀ ਫਰੰਟ 'ਤੇ ਜਾਣ ਵਾਲੇ ਫੌਜੀਆਂ ਦੇ ਪਰਵਾਰ ਹੱਸ ਕੇ ਵਿਦਾ ਕਰਦੇ ਹਨ। ਸਾਡੇ ਸਾਹਮਣੇ ਕੋਈ ਇਹੋ ਜਿਹੀ ਮਜਬੂਰੀ ਵੀ ਨਹੀਂ ਤੇ ਸਾਡੀ ਲੜਾਈ ਦਾ ਉਦੇਸ਼ ਵੀ ਹੈ। ਅਸੀਂ ਪੂਰੀ ਕੌਮ ਦੀ ਆਜ਼ਾਦੀ ਲਈ ਫਰੰਟ ਨੂੰ ਤੁਰੇ ਹਾਂ। ਤੈਨੂੰ ਕੋਈ ਅਫਸੋਸ ਨਹੀਂ ਸਗੋਂ ਮਾਣ ਹੋਣਾ ਚਾਹੀਦਾ ਹੈ। (ਬਾਕੀ ਸਫ਼ਾ 34 'ਤੇ)

ਵਾਪਸੀ : ਨਵਦੀਪ ਸਿੰਘ ਬਿੱਟੂ, ਪਿੰਡ ਤੇ ਡਾਕਖਾਨਾ ਸਕਰੌਦੀ, ਸੰਗਰੂਰ—148026